# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 08 | 27 February 2019 to 05 March 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


➣ ਅੰਦਰ ਪੜ੍ਹੋ



03 ■ ਭਾਈਚਾਰਾ

ਗ਼ੈਰਕਾਨੂੰਨੀ ਬਣੀ ਕਮੇਟੀ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਦਾ ਚਾਰਜ ਨਹੀਂ ਦਿੱਤਾ...


09 ■ ਖ਼ਬਰਸਾਰ

ਬੇਅਦਬੀ ਕਾਂਡ : ਸਿੱਟ ਨੇ ਰਿੜਕਿਆ ਸਾਬਕਾ ਡੀਜੀਪੀ ਸੈਣੀ


21 ■ ਖਾਸ ਰਿਪੋਰਟ

ਭਾਸ਼ਾ ਵਿਭਾਗ ਨੂੰ ਉਜਾੜ ਕੇ ਪੰਜਾਬੀ ਭਾਸ਼ਾ ਦਾ ਭੋਗ ਪਾਉਣ ਦੀਆਂ ਤਿਆਰੀਆਂ


24 ■ ਵਿਚਾਰ ਚਰਚਾ

ਨਸ਼ਿਆਂ ਦੇ ਹੜ੍ਹ ਵਿਚ ਡੁੱਬਦਾ ਜਾ ਰਿਹਾ ਪੰਜਾਬ


# ਹਿੰਦ-ਪਾਕਿ ਦੀਆਂ ਬਰੂਹਾਂ ’ਤੇ ਖੜ੍ਹੀ ਜੰਗ

- ਦੋਵੇਂ ਦੇਸ਼ਾਂ ’ਚ ਫਿਰਕੂ ਤੇ ਨਫਰਤ ਦੀ ਰਾਜਨੀਤੀ ਦਾ ਖੇਲ ਜਾਰੀ
- ਪੁਲਵਾਮਾ ਹਮਲੇ ਤੋਂ ਬਾਅਦ ਭਾਰਤੀ ਫ਼ੌਜ ਦੀ ਬੰਬਾਰੀ
- ਪਾਕਿਸਤਾਨੀ ਲੜਾਕੂ ਜਹਾਜ਼ਾਂ ਨੇ ਵੀ ਭਾਰਤੀ ਖੇਤਰ ‘ਚ ਬੰਬ ਸੁੱਟੇ
- ਬਲਦੀ ਅੱਗ ‘ਚ ਅਮਰੀਕਾ ਨੇ ਵੀ ਸੁੱਟਿਆ ਡੱਕਾ
- ਜੰਗ ਥੋਪੀ ਤਾਂ ਦੇਵਾਂਗੇ ਮੂੰਹਤੋੜ ਜਵਾਬ - ਇਮਰਾਨ ਖਾਨ
- ਸਰਹੱਦੀ ਇਲਾਕਿਆਂ ਵਿਚ ਖੌਫ ਦਾ ਮਾਹੌਲ, ਪੂਰੇ ਪੰਜਾਬ ‘ਚ ਹਾਈ ਅਲਰਟ




**ਚੰਡੀਗੜ੍ਹ, ਜਲੰਧਰ/ਬਿਊਰੋ ਨਿਊਜ਼ :** ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗ ਵਰਗੇ ਹਾਲਾਤ ਬਣ ਗਏ ਹਨ। ਕਸ਼ਮੀਰ ਵਾਦੀ ਵਿਚ ਆਤਮਘਾਤੀ ਬੰਬ ਬਲਾਸਟ ਤੋਂ ਬਾਅਦ ਭਾਰਤੀ ਹਵਾਈ ਫ਼ੌਜ ਦੇ 12 ਮਿਰਾਜ਼ 2000 ਜਹਾਜ਼ਾਂ ਨੇ ਪਾਕਿਸਤਾਨ ਵਿਚ ਜਾ ਕੇ 1000 ਕਿਲੋ ਦੇ ਬੰਬ ਸੁੱਟ ਕੇ ਉਥੇ ਚੱਲ ਰਹੇ ਕਥਿਤ ਖਾੜਕੂ ਟ੍ਰੇਨਿੰਗ ਕੈਂਪਾਂ ਨੂੰ ਨੇਸ਼ਤਨਾਬੂਤ ਕਰ ਦਿੱਤਾ। ਦਾਅਵਾ ਕੀਤਾ ਗਿਆ ਹੈ ਕਿ ਇਸ ਹਵਾਈ ਹਮਲੇ ਵਿਚ 300 ਤੋਂ ਵੱਧ ਕਸ਼ਮੀਰੀ ਖਾੜਕੂ ਮਾਰੇ ਗਏ। ਜਵਾਬ ਵਿਚ ਪਾਕਿਸਤਾਨੀ ਲੜਾਕੂ ਜਹਾਜ਼ ਵੀ ਭਾਰਤੀ ਹਵਾਈ ਖੇਤਰ ‘ਚ ਦਾਖ਼ਲ ਹੋਏ। ਖ਼ਬਰ ਏਜੰਸੀ ਪੀਟੀਆਈ ਮੁਤਾਬਕ ਪਾਕਿਸਤਾਨੀ ਜਹਾਜ਼ਾਂ ਨੇ ਭਾਰਤ ਵਾਲੇ ਪਾਸੇ ਬੰਬ ਸੁੱਟੇ। ਏਜੰਸੀ ਮੁਤਾਬਕ ਪਾਕਿਸਤਾਨੀ ਲੜਾਕੂ ਜਹਾਜ਼ਾਂ ਨੇ ਜੰਮੂ-ਕਸ਼ਮੀਰ ਦੇ ਪੁੰਛ ਤੇ ਰਾਜੌਰੀ ਜ਼ਿਲ੍ਹੇ ਰਾਹੀਂ ਭਾਰਤੀ ਹੱਦ ਵਿਚ ਦਾਖ਼ਲ ਹੋ ਕੇ ਬੰਬਾਰੀ ਕੀਤੀ। ਪਾਕਿਸਤਾਨੀ ਫੌਜ ਵੱਲੋਂ ਜੰਮੂ ਕਸ਼ਮੀਰ ਦੇ ਉੜੀ ਸੈਕਟਰ ਵਿਚ ਭਾਰਤੀ ਚੌਕੀਆਂ ਉਤੇ ਗੋਲੀਬਾਰੀ ਵੀ ਕੀਤੀ ਗਈ।

ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪਾਕਿਸਤਾਨੀ ਫੌਜ ਨੇ ਭਾਰਤੀ ਚੌਕੀਆਂ ਵੱਲ ਗੋਲੇ ਦਾਗੇ। ਆਖਰੀ ਖਬਰਾਂ ਮਿਲਣ ਵੇਲੇ ਤਕ ਉੜੀ ਸੈਕਟਰ ਕੰਟਰੋਲ ਰੇਖਾ ਦੇ ਨੇੜੇ ਗੋਲੀਬਾਰੀ ਜਾਰੀ ਦੱਸੀ ਗਈ। ਭਾਰਤ ਦਾ ਪ੍ਰਧਾਨ ਮੰਤਰੀ ਤੇ ਉਸ ਦੀ ਸੱਤਾਧਾਰੀ ਜਮਾਤ ਬੀਜੇਪੀ ਇਥੇ ਦੋ ਕੁ ਮਹੀਨੇ ਤਕ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੈਦਾਨ ਵਿਚ ਜਾਣ ਤੋਂ ਪਹਿਲਾਂ ਪਾਕਿਸਤਾਨ ਨਾਲ ਜੰਗ ਦੇ ਮੈਦਾਨ ਵਿਚ ਜਾਣ ਨੂੰ ਤਰਜੀਹ ਦਿੰਦੇ ਜਾਪ ਰਹੇ ਹਨ। ਕਸ਼ਮੀਰ ਰਾਜ ਦੇ ਪੁਲਵਾਮਾ ਵਿਖੇ ਹੋਏ ਆਤਮਘਾਤੀ ਹਮਲੇ ਕਾਰਨ ਪੈਦਾ ਹੋਏ ਲੋਕਾਂ ਦੇ ਗੁੱਸੇ ਨੂੰ ਵੋਟਾਂ ਵਿਚ ਬਦਲਣ ਦੀਆਂ ਜੁਗਤਾਂ ‘ਚੋਂ ‘ਜੰਗ’ ਜਾਂ ਜੰਗ ਦੇ ਖੌਫ ਦੀ ਜੁਗਤ ਕਾਫੀ ਪੁਰਾਣੀ ਹੈ। ਪੀਐਮ ਮੋਦੀ ਕਈ ਵਾਰ ਕਹਿ ਚੁੱਕੇ ਹਨ ਕਿ ਪਾਕਿ ਨਾਲ ਨਜਿੱਠਣ ਲਈ ਫੌਜ ਨੂੰ ਪੂਰੀ ਖੁੱਲ੍ਹ ਦਿੱਤੀ ਗਈ ਹੈ। ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ ਉਤੇ ਹਵਾਈ ਹਮਲਾ ਕਰ ਕੇ ਇਸ ਨੂੰ ਸਰਜੀਕਲ ਸਟਰਾਈਕ ਦਾ ਨਾਂ ਦਿੱਤਾ ਹੈ। ਲਗਭਗ ਢਾਈ ਸਾਲ ਪਹਿਲਾਂ ਵੀ ਭਾਰਤੀ ਫ਼ੌਜ ਨੇ ਉੜੀ ਹਮਲੇ ਮਗਰੋਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਅਜਿਹੀ ਹੀ ਕਾਰਵਾਈ ਨੂੰ ਅੰਜ਼ਾਮ ਦਿੱਤਾ ਸੀ।

ਖਬਰਾਂ ਮੁਤਾਬਕ ਭਾਰਤੀ ਹਵਾਈ ਫ਼ੌਜ ਦੇ 12 ਮਿਰਾਜ਼ 2000 ਜਹਾਜ਼ਾਂ ਨੇ ਪਾਕਿਸਤਾਨ ਵਿਚ

ਬਾਕੀ ਸਫ਼ਾ 26 ’ਤੇ

## ਭਾਰਤ-ਪਾਕਿਸਤਾਨ ਜੰਗ ਬੱਚਿਆਂ ਦੀ ਖੇਡ ਨਹੀਂ

**-ਸੀਨੀਅਰ ਪੱਤਰਕਾਰ ਸੁਖਦੇਵ ਸਿੰਘ**

ਮੂਰਖ/ਬੇਸਮਝ ਲੋਕ ਜੰਗ ਨੂੰ ਬੱਚਿਆਂ ਦੀ ਖੇਡ ਸਮਝਦੇ ਹਨ। ਭੜਕਾਹਟ ਕਿੰਨੀ ਵੀ ਸੰਗੀਨ ਕਿਉਂ ਨਾ ਹੋਵੇ, ਕੋਈ ਵੀ ਸੂਝਵਾਨ ਲੀਡਰਸ਼ਿਪ ਪਹਿਲੇ ਹੱਲੇ ਕਦੀ ਵੀ ਜੰਗ ਦੀ ਨਹੀਂ ਸੋਚਦੀ। ਜੰਗ ਤੋਂ ਉਰੇ ਵੀ ਬਹੁਤ ਕਾਰਵਾਈਆਂ ਹੁੰਦੀਆਂ ਹਨ, ਜਿਹੜੀਆਂ ਇਸ ਵੇਲੇ ਭਾਰਤ ਸਰਕਾਰ ਸੋਚ ਰਹੀ ਹੈ ਜਾਂ ਕਰ ਰਹੀ ਹੈ। ਮੈਂ ਨਹੀਂ ਸਮਝਦਾ ਪਾਕਿਸਤਾਨ ਵਿਰੁੱਧ ਪਰਧਾਨ ਮੰਤਰੀ ਮੋਦੀ ਜੰਗ ਛੇੜਨ ਵਾਲੇ ਹਨ। ਨੋਟਬੰਦੀ ਅਤੇ ਜੀਐਸਟੀ ਵਰਗੇ ਕਾਹਲੀ

ਬਾਕੀ ਸਫ਼ਾ 26 ’ਤੇ

## ਸਿੱਖ ਸਿਆਸਤਦਾਨ ਜਗਮੀਤ ਸਿੰਘ ਕੈਨੇਡਾ ਦਾ ਮੁਖੀ ਬਣਨ ਦੀ ਰਾਹ ’ਤੇ

***ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਸਾਊਥ ਹਲਕੇ ਤੋਂ ਸੰਸਦੀ ਚੋਣ ਜਿੱਤੀ***

**ਸਰੀ/ਏਟੀ ਨਿਊਜ਼ :** ਕੈਨੇਡੀਅਨ ਸਿਆਸੀ ਪਾਰਟੀ ਐਨਡੀਪੀ ਦੇ ਕੌਮੀ ਲੀਡਰ ਜਗਮੀਤ ਸਿੰਘ ਨੇ ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਸਾਊਥ ਹਲਕੇ ਤੋਂ ਸੰਸਦ ਮੈਂਬਰ ਦੇ ਅਹੁਦੇ ਲਈ ਜ਼ਿਮਨੀ ਚੋਣ ਜਿੱਤੀ ਹੈ। ਜਗਮੀਤ ਸਿੰਘ ਨੇ ਐਨਡੀਪੀ ਲੀਡਰਸ਼ਿਪ ਜਿੱਤਣ ਦੇ 18 ਮਹੀਨੇ ਹੀ ਬਰਨਬੀ ਦੱਖਣੀ ਜ਼ਿਮਨੀ ਚੋਣ ਜਿੱਤ ਕੇ ਅਗਾਮੀ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਦੀ ਜਿੱਤ ਦੀ ਸੂਰਤ ਵਿਚ ਕਨੇਡਾ ਦਾ ਪ੍ਰਧਾਨ ਮੰਤਰੀ ਬਣਨ ਦਾ ਆਪਣਾ ਦਾਅਵਾ ਹੋਰ ਮਜ਼ਬੂਤ ਕਰ ਲਿਆ ਹੈ। ਜਗਮੀਤ ਨੇ 38.4 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਫਸਵੀਂ ਟੱਕਰ ਤੇ ਕੂੜ-ਪ੍ਰਚਾਰ ਦੇ ਬਾਵਜੂਦ

ਬਾਕੀ ਸਫ਼ਾ 29 ’ਤੇ

# ਪਾਕਿਸਤਾਨ ਨੂੰ ਜਾ ਰਿਹਾ ਪਾਣੀ ਰੋਕਣ ਦੇ ਬਹਾਨੇ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੇ ਮਨਸੂਬੇ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੇ ਕੁਦਰਤੀ ਸਰੋਤ “ਪਾਣੀ” ਉਤੇ ਦਿੱਲੀ ਦੀ ਲਾਲਚੀ ਅੱਖ ਅਤੇ ਲੋਟੂ ਬਿਰਤੀ ਇਕ ਵਾਰ ਫੇਰ ਕਹਿਰਵਾਨ ਹੋਣ ਦਾ ਮਾਹੌਲ ਸਿਰਜਣ ਲੱਗੀ ਹੈ। ਪਹਿਲਾਂ ਕੀਤੇ ਕਈ ਹਮਲਿਆਂ ਨਾਲ ਪੰਜਾਬ ਅੱਧ ਮੋਆ ਹੋ ਚੱਲਿਆ ਹੈ ਜਿਸ ਦੀ ਗਵਾਹੀ ਇਸ ਵਾਰ ਦੇ ਪੰਜਾਬ ਵਿਧਾਨ ਸਭਾ ਸੈਸ਼ਨ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਵਿਚ ਭਾਰਤ ਦੇ ਗਵਰਨਰ ਨੇ ਵੀ ਭਰੀ ਹੈ। ਦੋਵਾਂ ਨੇ ਬਿਆਨ ਦਿੱਤੇ ਹਨ ਕਿ ਜੇ ਪੰਜਾਬ ਲਈ ਚੰਗੀ ਨੀਤੀ ਨਾ ਲਿਆਂਦੀ ਗਈ ਤਾਂ ਆਉਣ ਵਾਲੇ 20 ਸਾਲਾਂ ਤਕ ਪੰਜਾਬ ਦੀ ਜ਼ਮੀਨ ਰੇਗਿਸਤਾਨ ਬਣ ਜਾਵੇਗੀ। ਹੁਣ ਅੱਧ ਮੋਏ ਹੋ ਚੁੱਕੇ ਪੰਜਾਬ ਨੂੰ ਸਿਵਿਆਂ ਦੀ ਅੱਗ ਪਾਉਣ ਲਈ ਦਿੱਲੀ ਸ਼ਾਇਦ ਅਗਲਾ ਹਮਲਾ ਕਰਨ ਲੱਗੀ ਹੈ। ਇਹ ਹਮਲਾ ਵੀ ਪੰਜਾਬ ਦੀ ਸਾਹ ਰਗ ਵਜੋਂ ਜਾਣੇ ਜਾਂਦੇ ਪੰਜਾਬ ਦੇ ਦਰਿਆਈ ਪਾਣੀਆਂ ‘ਤੇ ਹੋਵੇਗਾ। ਇਸ ਦਾ ਮੁੱਢ



ਕਾਗਜ਼ੀ ਤੌਰ ‘ਤੇ ਬੰਨ੍ਹਿਆ ਜਾ ਚੁੱਕਾ ਹੈ ਅਤੇ ਭਾਰਤ ਦੇ “ਰਾਸ਼ਟਰੀ ਪ੍ਰੋਜੈਕਟ” ਵਜੋਂ ਇਸ ਹਮਲੇ ਨੂੰ ਸਿਰ੍ਹੇ ਚੜ੍ਹਾਇਆ ਜਾਵੇਗਾ। ਪਿਛਲੇ ਦਿਨੀਂ ਭਾਰਤ ਦੇ ਜਲ ਸਰੋਤਾਂ ਬਾਰੇ ਮੰਤਰੀ ਨਿਤਿਨ ਗਡਕਰੀ ਦੇ ਬਿਆਨ ਵੱਲ ਧਿਆਨ ਦੇਣ ਦੀ ਲੋੜ ਹੈ।

ਬਾਕੀ ਸਫ਼ਾ 26 ’ਤੇ














## ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।

ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।

ਸੰਪਰਕ ਕਰੋ:

Gurpreet Singh Sohal :

707-498-9325

Email : redwoodpetroleum@gmail.com

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।


Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
COVERED CALIFORNIA
AFFORDABLE CARE ACT
California Health Benefit Exchange

Call Now for the Lowest Health Insurance Premiums available
Some Households qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com



Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER
Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# .ਗ਼ੈਰਕਾਨੂੰਨੀ ਬਣੀ ਕਮੇਟੀ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਦਾ ਚਾਰਜ ਨਹੀਂ ਦਿੱਤਾ ਜਾ ਸਕਦਾ : ਭਾਈ ਜਸਵਿੰਦਰ ਸਿੰਘ

**ਫਰੀਮੌਂਟ/ਏਟੀ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਦੇ ਪ੍ਰਧਾਨ ਭਾਈ ਜਸਵਿੰਦਰ ਸਿੰਘ ਜੰਡੀ ਨੇ ਅਖ਼ਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਸੁਪਰੀਮ ਕੌਂਸਲ ਵੱਲੋਂ ਸਰਬ-ਸੰਮਤੀ ਨਾਲ 6 ਜੁਲਾਈ 2018 ਨੂੰ ਬਣਾਈ ਕਮੇਟੀ ਹੀ ਮਾਰਚ 2020 ਤਕ ਪ੍ਰਬੰਧ ਚਲਾਏਗੀ। ਸੁਪਰੀਮ ਕੌਂਸਲ ਦੇ ਤਿੰਨ ਮੈਂਬਰਾਂ ਵੱਲੋਂ ਬਣਾਈ ਕਮੇਟੀ ਗ਼ੈਰ ਸੰਵਿਧਾਨਿਕ ਹੈ ਕਿਉਂਕਿ ਸੁਪਰੀਮ ਕੌਂਸਲ ਦੀ ਹਰ ਮੀਟਿੰਗ ਵਿਚ ਸਾਰੇ ਪੰਜ ਮੈਂਬਰਾਂ ਦਾ ਹੋਣਾ ਲਾਜ਼ਮੀ ਹੈ, ਤਿੰਨ ਮੈਂਬਰ ਮੀਟਿੰਗ ਵੀ ਨਹੀਂ ਕਰ ਸਕਦੇ। ਦੂਜਾ ਸੁਪਰੀਮ ਕੌਂਸਲ ਕੋਲ ਸਾਰੀ ਕਮੇਟੀ ਭੰਗ ਕਰਨ ਦੀ ਤਾਕਤ ਨਹੀਂ, ਉਹ ਸਿਰਫ ਕਮੇਟੀ ਦੇ 2/3 ਮੈਂਬਰਾਂ ਦੀ ਸਿਫ਼ਾਰਸ਼ ਉਤੇ ਹੀ ਕਿਸੇ ਕਮੇਟੀ ਮੈਂਬਰ ਨੂੰ ਕੱਢ ਸਕਦੇ ਹਨ। ਇਸ ਲਈ ਇਹਨਾਂ ਵੱਲੋਂ ਬਣਾਈ ਕਮੇਟੀ ਗ਼ੈਰ-ਸੰਵਿਧਾਨਿਕ ਹੈ ਤੇ ਉਸ ਨੂੰ ਗੁਰਦੁਆਰਾ ਸਾਹਿਬ ਦਾ ਚਾਰਜ ਨਹੀਂ ਦਿੱਤਾ ਜਾ ਸਕਦਾ।



ਯਾਦ ਰਹੇ ਕਿ ਗੁਰਦੁਆਰਾ ਸਾਹਿਬ ਫਰੀਮੌਂਟ ਅਮਰੀਕਾ ਵਿਚ ਪੰਥਕ ਗਤੀਵਿਧੀਆਂ ਦਾ ਧੁਰਾ ਮੰਨਿਆ ਜਾਂਦਾ ਹੈ। ਇਸ ਦੇ ਪ੍ਰਬੰਧ ਨੂੰ ਲੈ ਕੇ ਇੱਥੇ ਪੰਥਕ ਗਰੁੱਪਾਂ ਦੀ ਖਿੱਚੋਤਾਣ ਵੀ ਹੁੰਦੀ ਰਹੀ ਹੈ, ਕੋਰਟ ਵਿਚ ਵੀ ਬਹੁਤ ਵਾਰੀ ਕੇਸ ਜਾ ਚੁੱਕਾ ਹੈ ਪਰ ਇਹਨਾਂ ਵਿਰੋਧੀ ਧਿਰਾਂ ਨੇ ਆਮ ਸਹਿਮਤੀ ਕਰਕੇ ਸਾਲ 2012 ਵਿਚ ਸਿੱਖ ਪੰਚਾਇਤ ਬਣਾ ਲਈ ਸੀ ਅਤੇ ਗੁਰਮਤਿ ਅਨੁਸਾਰ ਸੁਪਰੀਮ ਕੌਂਸਲ ਵਿਚ ਆਉਣ ਦੇ ਚਾਹਵਾਨ ਉਮੀਦਵਾਰ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਵਿਚ ਆਪਸੀ ਸਹਿਮਤੀ ਨਾਲ ਗੁਰਮਤਾ ਕਰ ਲੈਂਦੇ ਸੀ ਅਤੇ ਸਰਬਸੰਮਤੀ ਨਾਲ ਸੁਪਰੀਮ ਕੌਂਸਲ ਦੀ ਚੋਣ ਹੋ ਜਾਂਦੀ ਸੀ।

ਪੂਰੇ ਸੱਤ ਸਾਲ ਸਾਰੇ ਧੜੇ ਵਧੀਆ ਤਾਲਮੇਲ ਨਾਲ ਚੱਲਦੇ ਰਹੇ ਤੇ ਗੁਰਦੁਆਰਾ ਸਾਹਿਬ ਦਾ ਮਾਹੌਲ ਵੀ ਸ਼ਾਂਤੀ ਵਾਲਾ ਰਿਹਾ ਤੇ ਹੋਰ ਕਾਰਜ ਵੀ ਬਹੁਤ ਵਧੀਆ ਚੱਲੇ। ਸਾਰਿਆਂ ਨੇ ਰਲ ਕੇ ਪਿਛਲੇ ਸਾਲ ਜੁਲਾਈ ਵਿਚ ਕਮੇਟੀ ਬਣਾ ਲਈ ਤੇ ਹਰੇਕ ਸੁਪਰੀਮ ਕੌਂਸਲ ਮੈਂਬਰ ਨੂੰ ਉਸ ਨਾਲ 5 ਜਾਂ 6 ਕਮੇਟੀ ਮੈਂਬਰ ਦੇ ਦਿੱਤੇ ਅਤੇ ਲੋੜ ਅਨੁਸਾਰ ਹਰੇਕ ਕੰਮ ਲਈ ਅਲੱਗ-ਅਲੱਗ ਕਮੇਟੀਆਂ ਬਣਾ ਦਿੱਤੀਆਂ ਜਿਸ ਨਾਲ ਕੁੱਲ 84 ਮੈਂਬਰ ਬਣ ਗਏ। ਇਹੀ ਕਮੇਟੀ ਹੁਣ ਤਕ ਰੋਜ਼ਮਰ੍ਹਾ ਦਾ ਕੰਮ ਚਲਾਉਂਦੀ ਆ ਰਹੀ ਹੈ। ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਮੌਜੂਦਾ ਕਮੇਟੀ ਨੇ ਝਗੜਾ ਮੁਕਾਉਣ ਲਈ ਸਾਧ ਸੰਗਤ ਨੂੰ ਫੈਸਲਾ ਕਰਨ ਲਈ ਬੇਨਤੀ ਕੀਤੀ ਹੈ। ਕਮੇਟੀ ਦੇ 53 ਮੈਂਬਰਾਂ ਨੇ ਦਸਤਖ਼ਤ ਕਰਕੇ 17 ਮਾਰਚ ਨੂੰ ਜਨਰਲ ਬਾਡੀ ਸੱਦ ਲਈ ਹੈ ਜਿਸ ਵਿਚ ਸੰਗਤ ਤੋਂ ਨਵੇਂ ਸਿਰਿਉਂ ਚੋਣਾਂ ਕਰਾਉਣ ਦੀ ਪਰਵਾਨਗੀ ਲੈਣ ਲਈ ਅਪੀਲ ਕੀਤੀ ਗਈ ਹੈ। ਪਰ ਸਿੱਖ ਪੰਚਾਇਤ ਤੋਂ ਬਾਗ਼ੀ ਗੁਰਮੀਤ ਸਿੰਘ ਖਾਲਸਾ ਚੋਣਾਂ ਤੋਂ ਭੱਜ ਰਿਹਾ ਹੈ ਤੇ ਧੱਕੇ ਨਾਲ ਚਾਰਜ ਗ਼ੈਰ-ਸੰਵਿਧਾਨਿਕ ਕਮੇਟੀ ਨੂੰ ਦਿਵਾਉਣ ਦੇ ਰੌਂਅ ਵਿਚ ਹੈ, ਜੋ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ। ਜਿਹੜੇ ਕਮੇਟੀ ਮੈਂਬਰਾਂ ਨੇ ਬਹੁਸੰਮਤੀ ਨਾਲ ਜਨਰਲ ਬਾਡੀ ਦਾ ਮਤਾ ਪਾਸ ਕੀਤਾ ਹੈ, ਉਹਨਾਂ ਦੇ ਨਾਮ ਹਨ ; ਅਜਮੇਰ ਸਿੰਘ, ਅਜਮੇਰ ਸਿੰਘ ਪੁਰੇਵਾਲ, ਅਮਨਦੀਪ ਸਿੰਘ, ਅਮਰਜੀਤ ਕੌਰ, ਅਮਰੀਕ ਸਿੰਘ, ਅਮ੍ਰਿਤਪਾਲ ਸਿੰਘ, ਅਮ੍ਰਿਤਪਾਲ ਸਿੰਘ ਸਰਾਂ, ਅਵਤਾਰ ਸਿੰਘ, ਬਹਾਦਰ ਸਿੰਘ, ਬਲਜੀਤ ਸਿੰਘ ਹੰਸਰਾ, ਬਲਕਾਰ ਸਿੰਘ ਸੰਘਾ, ਬਲਕਾਰ ਸਿੰਘ ਤੰਬਰ, ਬਲਵਿੰਦਰ ਕੌਰ, ਬਲਵਿੰਦਰ ਸਿੰਘ ਧਨੋਆ, ਬਲਵਿੰਦਰਪਾਲ ਸਿੰਘ ਖਾਲਸਾ, ਭੁਪਿੰਦਰ ਸਿੰਘ ਪਦਮ, ਭੁਪਿੰਦਰ ਸਿੰਘ ਪਰਮਾਰ, ਬਿੱਕਰ ਸਿੰਘ ਬਰਾੜ, ਚਮਕੌਰ ਸਿੰਘ ਧਾਲੀਵਾਲ, ਚਰਨਜੀਤ ਸਿੰਘ, ਦਵਿੰਦਰ ਸਿੰਘ, ਗੁਰਬੀਰ ਸਿੰਘ ਭੁੱਲਰ, ਗੁਰਚਰਨ ਸਿੰਘ ਵੜੈਚ, ਗੁਰਜੀਤ ਸਿੰਘ ਬਰਾੜ, ਗੁਰਪਾਲ ਸਿੰਘ ਹੰਸਰਾ, ਹਰਦੇਵ ਸਿੰਘ, ਹਰਦਿਆਲ ਸਿੰਘ, ਹਰਿੰਦਰ ਕੌਰ, ਹਰਿੰਦਰਪਾਲ ਸਿੰਘ, ਇੰਦਰ ਦੁਸਾਂਝ, ਜਗਮੀਤ ਕੌਰ ਭਾਰਦਵਾਜ, ਜਗਤਾਰ ਸਿੰਘ ਅਨੰਦਪੁਰੀ, ਜਸਦੇਵ ਸਿੰਘ, ਜਸਪਾਲ ਸਿੰਘ, ਜਸਪ੍ਰੀਤ ਸਿੰਘ ਅਟਵਾਲ, ਜਸਵੰਤ ਸਿੰਘ, ਜਸਵਿੰਦਰ ਸਿੰਘ ਜੰਡੀ, ਜਸਪਾਲ ਸਿੰਘ, ਕਮਲੇਸ਼ ਕੌਰ ਧਾਲੀਵਾਲ, ਕੰਵਲਜੀਤ ਸਿੰਘ, ਕੁਲਦੀਪ ਸਿੰਘ ਬਾਜਵਾ, ਕੁਲਦੀਪ ਸਿੰਘ ਧਾਲੀਵਾਲ, ਦਮਨ ਕੌਰ ਸਰਾਂ, ਮਹਿੰਦਰ ਸਿੰਘ ਚੌਹਾਨ, ਨਿਰਮਲ ਸਿੰਘ, ਨਿਰਪਾਲ ਸਿੰਘ, ਪਰਮਜੀਤ ਸਿੰਘ ਬਰਾੜ, ਪਰਦੀਪ ਸਿੰਘ ਜੌਹਲ, ਪਿਆਰਾ ਸਿੰਘ ਧੰਡਵਾਲ, ਰਜਿੰਦਰ ਸਿੰਘ, ਰਾਮਪਾਲ ਸਿੰਘ, ਰਣਧੀਰ ਸਿੰਘ ਗਿੱਲ, ਸਰਗੁਨਜੀਤ ਕੌਰ ਤੇ ਤਜਿੰਦਰ ਧਾਮੀ।

## ਗੁਰਮੀਤ ਸਿੰਘ ਧੜੇ ਵੱਲੋਂ ਸ਼ਰੇਆਮ ਧੱਕੇਸ਼ਾਹੀ
## ਸੁਪਰੀਮ ਕੌਂਸਲ ਮੈਂਬਰ ਨੂੰ ਵੀ ਸਟੇਜ 'ਤੇ ਬੋਲਣ ਤੋਂ ਨਾਂਹ

**ਫਰੀਮੌਂਟ/ਏਟੀ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਦਾ ਮਾਹੌਲ ਗੁਰਮੀਤ ਸਿੰਘ ਧੜੇ ਵੱਲੋਂ ਦਿਨੋਂ-ਦਿਨ ਵਿਗਾੜਿਆ ਜਾ ਰਿਹਾ ਹੈ, ਤਾਂ ਜੋ ਇਹ ਧੜਾ ਪੱਕੇ ਰੂਪ ਵਿਚ ਗੁਰਦੁਆਰਾ ਸਾਹਿਬ 'ਤੇ ਕਾਬਜ਼ ਹੋ ਜਾਵੇ। ਭਾਈ ਐਸਪੀ ਸਿੰਘ ਸੁਪਰੀਮ ਕੌਂਸਲ ਦੇ ਮੈਂਬਰ ਹਨ ਅਤੇ ਸੰਗਤ ਵਿਚ ਆਪਣੀ ਸੂਝ-ਬੂਝ ਅਤੇ ਕੰਮਾਂ ਕਰਕੇ ਜਾਣੇ ਜਾਂਦੇ ਹਨ। ਹੋਰ ਸਿੰਘਾਂ ਸਮੇਤ ਉਹਨਾਂ ਦੀ ਅਣਥੱਕ ਮਿਹਨਤ ਸਦਕਾ ਸੰਗਤ ਨੇ 4 ਮਿਲੀਅਨ ਦੀ ਨਵੀਂ ਇਮਾਰਤ ਬਿਨਾ ਕਰਜ਼ਾ ਲਏ ਬਣਾਈ ਹੈ। ਹੁਣੇ ਪਿਛਲੇ ਹਫ਼ਤੇ ਦੂਜੇ ਫੇਜ਼ ਦਾ ਕੰਮ ਸ਼ੁਰੂ ਹੋਇਆ ਹੈ ਅਤੇ ਇਹ ਖ਼ੁਸ਼ੀ ਦੀ ਖ਼ਬਰ ਅਤੇ ਉਸਾਰੀ ਦੀ ਜਾਣਕਾਰੀ ਲਈ ਉਹਨਾਂ ਨੇ ਸਟੇਜ ਸੈਕਟਰੀ ਤੋਂ ਟਾਈਮ ਮੰਗਿਆ ਪਰ ਸਟੇਜ ਸੈਕਟਰੀ ਨੇ ਸੰਗਤ ਨੂੰ ਜਾਣਕਾਰੀ ਦੇਣ ਲਈ ਉਨ੍ਹਾਂ ਨੂੰ 2 ਮਿੰਟ ਦਾ ਟਾਈਮ ਦੇਣੋਂ ਵੀ ਨਾਂਹ ਕਰ ਦਿੱਤੀ ਜਿਸ ਦਾ ਸੰਗਤ ਨੇ ਬਹੁਤ ਬੁਰਾ ਮਨਾਇਆ ਹੈ। ਗੌਰਤਲਬ ਹੈ ਕਿ ਗੁਰਮੀਤ ਸਿੰਘ ਧੜਾ ਪਿਛਲੇ ਸਾਲ ਤੋਂ ਲਗਾਤਾਰ ਆਪਹੁਦਰੀਆਂ ਤੇ ਧੱਕੇਸ਼ਾਹੀ 'ਤੇ ਉਤਰਿਆ ਹੋਇਆ ਹੈ ਜਿਸ ਵਿਚ ਲੰਘੀ 23 ਨਵੰਬਰ ਨੂੰ ਇਹਨਾਂ ਦੇ ਧੜੇ ਦੇ ਹੀ ਦਰਸ਼ਨ ਸੰਧੂ ਵੱਲੋਂ ਦੀਵਾਨ ਹਾਲ ਵਿਚ ਸਿਰੀ ਸਾਹਿਬ ਦੀ ਦੁਰਵਰਤੋਂ ਕਰਦੇ ਹੋਏ ਕੰਵਲਜੀਤ ਸਿੰਘ ਦੇ ਸਿਰ ਉਤੇ ਵਾਰ ਕੀਤੇ ਗਏ ਸਨ, ਜਿਸ ਕਾਰਨ ਉਹਨਾਂ ਦੇ ਸਿਰ 'ਚ ਟਾਂਕੇ ਲੱਗੇ ਸਨ। ਇਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਬਦਲ ਕੇ ਬਿਕਰਮੀ ਕੈਲੰਡਰ ਲਾਗੂ ਕਰ ਦਿੱਤਾ ਹੈ। ਹਰ ਰੋਜ਼ ਕਮੇਟੀ ਮੈਂਬਰਾਂ ਨੂੰ ਚਿੱਠੀਆਂ ਪਾ ਦਿੰਦੇ ਹਨ ਕਿ ਤੁਸੀਂ ਕਮੇਟੀ ਵਿੱਚੋਂ ਖ਼ਾਰਜ ਕੀਤੇ ਜਾ ਰਹੇ ਹੋ। ਅੱਤ ਉਸ ਵੇਲੇ ਹੋਈ ਕਿ ਨਵੀਂ ਕਮੇਟੀ ਬਣਾ ਕੇ ਫੁਰਮਾਨ ਸੁਣਾ ਦਿੱਤਾ। ਇਹ ਕਿਸੇ ਕਾਇਦੇ ਕਾਨੂੰਨ ਦੀ ਪਰਵਾਹ ਕੀਤੇ ਬਿਨਾ ਧੱਕੇ ਨਾਲ ਹੀ ਪ੍ਰਬੰਧ ਚਲਾ ਰਹੇ ਸਨ ਜਿਸ ਕਾਰਨ ਇਹ ਸਾਰਾ ਵਿਵਾਦ ਸ਼ੁਰੂ ਹੋਇਆ ਤੇ ਜਿਹੜਾ ਹੁਣ ਠੱਲ੍ਹਣ ਦਾ ਨਾਮ ਹੀ ਨਹੀਂ ਲੈ ਰਿਹਾ।

## ਸਿੱਖ ਪੰਚਾਇਤ ਦੀ ਮੀਟਿੰਗ 3 ਮਾਰਚ ਨੂੰ

**ਫਰੀਮਾਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮਾਂਟ ਦੀ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਸਿੱਖ ਪੰਚਾਇਤ ਨੇ 03 ਮਾਰਚ 2019 ਦਿਨ ਐਤਵਾਰ ਨੂੰ ਫਰੀਮਾਂਟ ਦੇ ਪੈਰਾਡਾਈਸ ਹਾਲ (Paradise Hall, 4100 Peralta Blvd, Fremont, CA) ਵਿੱਚ ਇੱਕ ਇਕੱਠ ਸੱਦਿਆ ਜਾ ਰਿਹਾ ਹੈ। ਮੀਟਿੰਗ ਵਿੱਚ ਪਿਛਲੇ ਸਮੇਂ ਵਾਪਰੀਆਂ ਘਟਨਾਵਾਂ ਦਾ ਲੇਖਾ ਜੋਖਾ ਕਰਕੇ ਭਵਿੱਖ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਸਿੱਖ ਪੰਚਾਇਤ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਹੈ ਕਿ 03 ਮਾਰਚ ਦਿਨ ਐਤਵਾਰ ਨੂੰ ਇਸ ਖੁੱਲੀ ਮੀਟਿੰਗ ਵਿੱਚ ਪਹੁੰਚਣ।

## ਗੁਰਦੁਆਰਾ ਸਾਹਿਬ ਫਰੀਮੌਂਟ ਦੀ ਜਨਰਲ ਬਾਡੀ ਮੀਟਿੰਗ 17 ਮਾਰਚ ਨੂੰ

**ਫਰੀਮੌਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਦੇ ਪ੍ਰਧਾਨ ਅਤੇ ਸੁਪਰੀਮ ਕੌਂਸਲ ਮੈਂਬਰ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਹੈ ਕਿ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਵਿੱਚ ਦੁਫਾੜ ਹੋਣ ਕਰਕੇ ਅਤੇ ਤਿੰਨ ਮੈਂਬਰਾਂ ਹਰਮਿੰਦਰ ਸਿੰਘ, ਕੁਲਜੀਤ ਸਿੰਘ ਤੇ ਬੀਬੀ ਅਰਵਿੰਦਰ ਕੌਰ ਵੱਲੋਂ ਮਨਮਰਜ਼ੀ ਦੇ ਗ਼ੈਰ ਕਨੂੰਨੀ ਫ਼ੈਸਲੇ ਲੈਣ ਦੇ ਰਵੱਈਏ ਅਤੇ ਤਿੰਨਾਂ ਵੱਲੋਂ ਪਰਬੰਧਕੀ ਕਮੇਟੀ ਨੂੰ ਕੰਮ ਨਾ ਕਰਨ ਦੇ ਮੁੱਦਿਆਂ ਨੂੰ ਲੈ ਕੇ ਗੁਰਦੁਆਰਾ ਸਾਹਿਬ ਦਾ ਮਾਹੌਲ ਵਿਗੜਦਾ ਜਾ ਰਿਹਾ ਹੈ। ਸੰਨ 2018 ਦੀਆਂ ਚੋਣਾਂ ਵੇਲੇ ਸਾਰਿਆਂ ਨੇ ਮਿਲ ਬੈਠ ਕੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੁਕਮਨਾਮਾ ਲੈਕੇ ਸਰਬ-ਸੰਮਤੀ ਨਾਲ ਪੰਜ ਸੁਪਰੀਮ ਕੌਂਸਲ ਮੈਂਬਰ ਚੁਣ ਲਏ ਸਨ। ਹੁਣ ਇਹ ਪੰਜ ਮੈਂਬਰ ਇਤਫ਼ਾਕ ਨਹੀਂ ਚੱਲ ਰਹੇ, ਇਸ ਲਈ ਪ੍ਰੰਬਧਕੀ ਕਮੇਟੀ ਨੇ ਗੁਰਦੁਆਰਾ ਸਾਹਿਬ ਦੇ ਬਾਈਲਾਅਜ ਆਰਟੀਕਲ XI ਮੁਤਾਬਕ 17 ਮਾਰਚ ਨੂੰ ਜਨਰਲ ਬਾਡੀ ਮੀਟਿੰਗ ਕਰਕੇ ਸੰਗਤ ਨੂੰ ਫੈਸਲਾ ਕਰਨ ਦਾ ਹੱਕ ਦੇ ਦਿੱਤਾ ਹੈ। ਉਸ ਵਿੱਚ ਸੰਗਤ ਨੂੰ ਪੁੱਛਿਆ ਜਾਵੇਗਾ ਕਿ 'ਅਪ੍ਰੈਲ 2019 ਵਿੱਚ ਚੋਣਾਂ ਕਰਾਉਣ ਲਈ ਸਹਿਮਤ ਹੋ ?' ਉਸ ਦਾ ਜੁਆਬ ਹਾਂ ਜਾਂ ਨਾਂਹ ਵਿੱਚ ਦਿੱਤਾ ਜਾਵੇਗਾ। ਇਸ ਤੋਂ ਬਿਨਾ ਸੰਗਤ ਦਾ ਕੋਈ ਵੀ ਮੈਂਬਰ ਕੋਈ ਵੀ ਏਜੰਡਾ ਆਈਟਮ ਨੂੰ ਲਿਆਉਣ ਬਾਰੇ ਕਮੇਟੀ ਨੂੰ 10 ਮਾਰਚ ਤੱਕ ਕਹਿ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਸ਼ਾਂਤੀ ਦਾ ਮਾਹੌਲ ਬਣਾਏ ਰੱਖਣ ਲਈ ਵੋਟਾਂ ਪਾ ਕੇ ਹੀ ਇਹ ਫੈਸਲਾ ਲਿਆ ਜਾਵੇਗਾ। ਸੰਗਤ ਸੁਪਰੀਮ ਹੈ ਤੇ ਉਸ ਦਾ ਫੈਸਲਾ ਸਾਡੇ ਸਿਰ ਮੱਥੇ। ਵੋਟਾਂ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਗੁਰਦੁਆਰਾ ਸਾਹਿਬ ਫਰੀਮੌਂਟ ਹੀ ਪੈਣਗੀਆਂ। ਤੁਸੀਂ ਆਪਣਾ ਸ਼ਨਾਖਤੀ ਕਾਰਡ (ID) ਨਾਲ ਲੈਕੇ ਆਉਣਾ ਹੈ ਤਾਂ ਜੋ ਤੁਹਾਡੀ ਮੈਂਬਰਸ਼ਿਪ ਚੈੱਕ ਕੀਤੀ ਜਾ ਸਕੇ।




# ਭਾਰਤ ਵਿਚ ਕਸ਼ਮੀਰੀਆਂ ’ਤੇ ਅੱਤਿਆਚਾਰ ਦੇ ਰੋਸ ਵਜੋਂ ਭਾਰਤੀ ਅੰਬੈਸੀ ਸ਼ਿਕਾਗੋ ਅੱਗੇ ਆਜ਼ਾਦੀ ਪਸੰਦ ਕੌਮਾਂ ਵੱਲੋਂ ਰੋਸ ਮੁਜ਼ਾਹਰਾ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਸ਼ਿਕਾਗੋ ਵਿਚ ਭਾਰਤੀ ਅੰਬੈਸੀ ਅੱਗੇ ਆਜ਼ਾਦੀ ਪਸੰਦ ਜਥੇਬੰਦੀਆਂ ਅਤੇ ਅੱਤਿਆਚਾਰ ਦਾ ਸ਼ਿਕਾਰ ਹੋਈਆਂ ਕੌਮਾਂ ਮੁਸਲਮਾਨਾਂ ਤੇ ਸਿੱਖਾਂ ਵਲੋਂ ਸਾਂਝੇ ਤੌਰ ‘ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰਾਕਾਰੀਆਂ ਨੇ ਕਸ਼ਮੀਰ ਦੇ ਪੁਲਵਾਮਾ ਬੰਬ ਧਮਾਕੇ ਵਿੱਚ ਮਾਰੇ ਗਏ ਸਿਪਾਹੀਆਂ ਪ੍ਰਤੀ ਦੁੱਖ ਜ਼ਾਹਿਰ ਕੀਤਾ ਪਰ ਉਥੇ ਉਨਾਂ ਨਾਲ ਹੀ ਕਿਹਾ ਕਿ ਜਦ ਇਹ ਫੋਰਸਾਂ ਅੰਨ੍ਹੇਵਾਹ ਨਿਰਦੋਸ਼ ਲੋਕਾਂ ‘ਤੇ ਗੋਲੀਆਂ ਦਾ ਮੀਂਹ ਵਰਾਉਂਦੀਆਂ ਹਨ, ਔਰਤਾਂ, ਬੱਚਿਆਂ ਤੇ ਬਜ਼ੁਰਗਾਂ ‘ਤੇ ਤਸ਼ਦੱਦ ਹੁੰਦਾ ਹੈ, ਉਦੋਂ ਕਿਉਂ ਨਹੀਂ ਕੋਈ ਬੋਲਦਾ। ਇਸੇ ਤਰ੍ਹਾਂ ਚਿੱਟੀਸਿੰਘਪੁਰਾ ਵਿਚ 36 ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ, ਉਦੋਂ ਕਿਉਂ ਨਹੀਂ ਕੋਈ ਬੋਲਿਆ ਤੇ ਉਦੋਂ ਇਹ ਵਿਕਾਊ ਤੇ ਅੱਗ ਲਾਊ ਮੀਡੀਆ ਕਿੱਥੇ ਸੁੱਤਾ ਪਿਆ ਸੀ। ਮੁਜ਼ਾਹਰਾਕਾਰੀਆਂ ਵਲੋਂ ਇਹ ਵੀ ਕਿਹਾ ਗਿਆ ਕਿ ਇਸ ਸਾਰੇ ਕੁਝ ਦੇ ਪਿਛੇ ਭਾਰਤੀ ਏਜੰਸੀਆਂ ਤੇ ਬੀਜੇਪੀ ਦੀ ਕੱਟੜਵਾਦੀ ਸੈਂਟਰ ਸਰਕਾਰ ਦਾ ਹੱਥ ਹੈ । ਇਸ ਤੋਂ ਇਲਾਵਾ ਮੁਜ਼ਾਹਰਾਕਾਰੀਆਂ ਵਲੋਂ ਕਸ਼ਮੀਰ ਦੀ ਆਜ਼ਾਦੀ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ ਗਏ। ਇਸ ਮੁਜ਼ਾਹਰੇ ਵਿਚ ਕਸ਼ਮੀਰੀ, ਫਲਸਤੀਨੀ, ਪਾਕਿਸਤਾਨੀ ਜਥੇਬੰਦੀਆਂ ਤੇ ਸਿੱਖ ਕੌਮ ਦੀ ਤਰਫੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਵਲੋਂ ਹਾਜ਼ਰੀ ਲਗਵਾਈ ਗਈ ।

ਗੌਰਤਲਬ ਹੈ ਕਿ ਕਸ਼ਮੀਰ ਵਿਚ ਸੀਆਰਪੀਐਫ ਦੀ ਇਕ ਟੁਕੜੀ ‘ਤੇ ਬੰਬ ਧਮਾਕਾ ਕਰਕੇ 40 ਤੋਂ ਵੱਧ ਨੂੰ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਇਸ ਨੂੰ ਲੈ ਕੇ ਦੋਨਾਂ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਇਕ ਦੂਜੇ ਵੱਲ ਇਲਜਾਮ-ਤਰਾਸ਼ੀ ਦੇ ਤੀਰ ਦਾਗਣੇ ਜਾਰੀ ਹਨ। ਬਾਕੀ ਬਲਦੀ ‘ਤੇ ਤੇਲ ਪਾਉਣ ਦਾ ਕੰਮ ਵਿਸ਼ੇਸ਼ ਤੌਰ ‘ਤੇ ਭਾਰਤੀ ਮੀਡੀਏ ਨੇ ਪੂਰਾ ਕਰ ਦਿੱਤਾ ਹੈ।ਭਾਰਤੀ ਸਿਆਸਤਦਾਨਾਂ ਦੀ ਸੌੜੀ ਸੋਚ ਵਾਲੇ ਬਿਆਨ ਆਉਣ ਪਿਛੋਂ ਪੂਰੇ ਭਾਰਤ ਅੰਦਰ ਕਸ਼ਮੀਰੀ ਲੋਕਾਂ ‘ਤੇ ਕਹਿਰ ਦੀ ਹਨੇਰੀ ਝੁੱਲਣੀ ਸ਼ੁਰੂ ਹੋ ਗਈ, ਬਿਲਕੁਲ ਉਵੇਂ ਜਿਵੇਂ ਸੰਨ 1984 ਵਿੱਚ ਸਿੱਖ ਕੌਮ ਤੇ ਝੁੱਲੀ ਸੀ। ਪੰਜਾਬ ਤੇ ਹਰਿਆਣਾ ਵਿਚ ਸਿੱਖ ਕੌਮ ਕਸ਼ਮੀਰੀ ਲੋਕਾਂ ਨਾਲ ਢਾਲ ਬਣ ਕੇ ਖੜ੍ਹੀ ਹੋਈ।ਵਿਦੇਸ਼ਾਂ ਵਿਚ ਵੀ ਸਭ ਨੇ ਇਸ ਹਮਲੇ ਦੀ ਨਿਖੇਧੀ ਕੀਤੀ, ਨਾਲ ਹੀ ਕੱਟੜਵਾਦੀ ਸੋਚ ਵਲੋਂ ਪੂਰੇ ਭਾਰਤ ਵਿਚ ਸਾਰੇ ਕਸ਼ਮੀਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਵੀ ਨਿਖੇਧੀ ਕੀਤੀ ਗਈ।

# ਅਮਰੀਕਾ ਤੇ ਰੂਸ ਦਰਮਿਆਨ ਤਣਾਅ ਵਧਿਆ

## *ਜੇ ਯੂਰਪ ‘ਚ ਐਟਮੀ ਮਿਜ਼ਾਈਲਾਂ ਬੀੜੀਆਂ ਤਾਂ ਉਹ ਚੁੱਪ ਨਹੀਂ ਬੈਠੇਗਾ : ਰੂਸ*

**ਮਾਸਕੋ/ਏਟੀ ਨਿਊਜ਼ :**

ਯੂਰਪ ਵਿਚ ਦਖਲਅੰਦਾਜ਼ੀ ਨੂੰ ਲੈ ਕੇ ਅਮਰੀਕਾ ਤੇ ਰੂਸ ਦਰਮਿਆਨ ਸ਼ਬਦੀ ਜੰਗ ਛਿੜੀ ਹੋਈ ਹੈ। ਰੂਸ ਦੇ ਰਾਸ਼ਟਰਪਤੀ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਯੂਰਪ ਵਿੱਚ ਅਮਰੀਕਾ ਨੇ ਐਟਮੀ ਮਿਜ਼ਾਈਲਾਂ ਬੀੜੀਆਂ ਤਾਂ ਉਹ ਵੀ ਚੁੱਪ ਨਹੀਂ ਬੈਠੇਗਾ ਤੇ ਅਮਰੀਕਾ ਖਿਲਾਫ ਕਾਰਵਾਈ ਕਰਨ ਤੋਂ ਨਹੀਂ ਝਿਜਕੇਗਾ। ਅਜਿਹਾ ਜਾਪਦਾ ਹੈ ਕਿ ਵਿਸ਼ਵ ਉੱਪਰ ਜੰਗ ਦੇ ਖਤਰੇ ਮੰਡਰਾਉਣ ਲੱਗ ਪਏ ਹਨ। ਕੁਝ ਹਫਤੇ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਅਚਾਨਕ ਇੱਕ ਦਿਨ ਆਪਣੇ ਆਪ ਇਹ ਐਲਾਨ ਕਰ ਦਿੱਤਾ ਕਿ ਉਹ ਐਟਮੀ ਸੰਧੀ ਛੱਡਣ ਦਾ ਫੈਸਲਾ ਕਰ ਚੁੱਕਾ ਹੈ। ਰੂਸ ਨੇ ਓਸੇ ਦਿਨ ਕਹਿ ਦਿੱਤਾ ਕਿ ਫਿਰ ਸਾਡੇ ਵੀ ਏਥੇ ਬੈਠੇ ਰਹਿਣ ਦੀ ਲੋੜ ਨਹੀਂ। ਓਸੇ ਦਿਨ ਇਹ ਗੱਲ ਕਹੀ ਜਾਣ ਲੱਗ ਪਈ ਕਿ ਇਸ ਤੋਂ ਬਾਅਦ ਦੋਵੇਂ ਐਟਮੀ ਤਾਕਤਾਂ ਇੱਕ-ਦੂਜੀ ਦਾ ਰਾਹ ਰੋਕਣ ਦੀ ਪੁਰਾਣੀ ਖੇਡ ਸ਼ੁਰੂ ਕਰਨ ਵੱਲ ਜਾ ਸਕਦੀਆਂ ਹਨ। ਹੋਇਆ ਵੀ ਇਹੋ ਹੈ। ਅਮਰੀਕਾ ਨੇ ਆਪਣੇ ਨੇੜਲਾ ਸਾਰਾ ਇਲਾਕਾ ਛੱਡ ਕੇ ਆਪਣੇ ਪੱਖ ਵਾਲੇ ਯੂਰਪੀ ਦੇਸ਼ਾਂ ਵਿੱਚ ਮਿਜ਼ਾਈਲਾਂ ਬੀੜਨ ਦਾ ਕੰਮ ਛੋਹਿਆ ਤਾਂ ਰੂਸ ਭੜਕ ਪਿਆ ਹੈ। ਉਸ ਦੇ ਰਾਸ਼ਟਰਪਤੀ ਨੇ ਪੱਤਰਕਾਰਾਂ ਤੇ ਜੰਗੀ ਤਕਨੀਕ ਅਤੇ ਰਣਨੀਤੀ ਦੇ ਮਾਹਿਰਾਂ ਨਾਲ ਗੱਲਬਾਤ ਕਰਦਿਆਂ ਇਹ ਸਾਫ ਕਹਿ ਦਿੱਤਾ ਹੈ ਕਿ ਜੇ ਅਮਰੀਕਾ ਦੀ ਸਰਕਾਰ ਸਾਡੇ ਗਵਾਂਢ ਯੂਰਪ ਵਿੱਚ ਇਸ ਤਰ੍ਹਾਂ ਦੀਆਂ ਮਿਜ਼ਾਈਲਾਂ ਗੱਡ ਰਹੀ ਹੈ ਤਾਂ ਅਸੀਂ ਵੀ ਚੁੱਪ ਨਹੀਂ ਬੈਠਾਂਗੇ। ਸਿੱਧੇ ਤੌਰ ਉੱਤੇ ਉਹ ਕਹਿ ਰਿਹਾ ਹੈ ਕਿ ਇਸ ਨਾਲ ਯੂਰਪੀ ਦੇਸ਼ਾਂ ਨੂੰ ਵੀ ਖਤਰਾ ਹੋਵੇਗਾ ਤੇ ਅਮਰੀਕਾ ਦਾ ਵੀ ਲਿਹਾਜ਼ ਨਹੀਂ ਹੋਵੇਗਾ।

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route


• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# ਸੁਪਰੀਮ ਕੌਂਸਲ ਮੈਂਬਰ ਹਰਮਿੰਦਰ ਸਿੰਘ ਗੁਰੂਘਰ ਦੇ ਸਾਰੇ ਝਗੜੇ ਦੀ ਜੜ੍ਹ

## • ਹਿੱਕ ਦੇ ਜ਼ੋਰ ਨਾਲ ਪ੍ਰਬੰਧ ਹਥਿਆਉਣ ਦੀ ਸਕੀਮ • ਗੁਰੂਘਰ ਫਰੀਮੌਂਟ ਵਿਚ ਮਾਹੌਲ ਬਹੁਤ ਨਾਜ਼ੁਕ • ਸੰਗਤ ਨੂੰ ਅਵਾਜ਼ ਉਠਾਉਣ ਦੀ ਅਪੀਲ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ

ਹਰਮਿੰਦਰ ਸਿੰਘ ਅਤੇ ਗੁਰਮੀਤ ਸਿੰਘ ਦੇ ਧੜੇ ਵਲੋਂ ਕੀਤੀਆਂ ਕਰਵਾਈਆਂ ਬਾਈਲਾਜ ਦੀ ਗੰਭੀਰ ਉਲੰਘਣਾ ਹਨ ਅਤੇ ਸਿੱਖ ਮਰਿਆਦਾ ਦੇ ਵਿਰੁੱਧ ਹਨ। ਇਹ ਲੋਕ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਹੁੰ ਖਾ ਕੇ ਮੁੱਕਰ ਰਹੇ ਹਨ। ਪੰਜ ਸਿੰਘਾਂ ਵਿਚ ਹੋਣ 'ਤੇ ਵੀ ਇਨ੍ਹਾਂ ਵਲੋਂ ਕੀਤੀਆਂ ਕਾਰਵਾਈਆਂ ਦੂਸਰੇ ਧੜੇ ਦੇ ਵਿਰੁੱਧ ਜ਼ਹਿਰ ਭਰੀਆਂ ਅਤੇ ਭੜਕਾਊ ਹਨ। ਇਸ ਲਈ ਹਰਮਿੰਦਰ ਸਿੰਘ ਸੁਪਰੀਮ ਕੌਂਸਲ ਵਿਚ ਰਹਿਣ ਦੇ ਬਿਲਕੁਲ ਕਾਬਲ ਨਹੀਂ।

ਜਿਵੇਂਕਿ ਆਪ ਜਾਣਦੇ ਹੋ ਸਾਲ 2012 ਵਿਚ ਦਾਸ , ਜਸਜੀਤ ਸਿੰਘ ਅਤੇ ਗੁਰਮੀਤ ਸਿੰਘ ਖਾਲਸਾ ਦੇ ਧੜਿਆਂ ਵਿਚ ਹੋਈ ਸਰਬਸੰਮਤੀ ਅਨੁਸਾਰ ਗੁਰੂਘਰ ਦਾ ਪ੍ਰਬੰਧ ਲਗਭੱਗ ਸੱਤ ਸਾਲ ਠੀਕ ਚੱਲਿਆ, ਲਗਭੱਗ ਚਾਰ ਮਿਲੀਅਨ ਦੀ ਲਾਗਤ ਵਾਲੀ ਸਕੂਲ ਦੀ ਬਿਲਡਿੰਗ ਬਣੀ ਅਤੇ ਦੂਸਰੇ ਹਿੱਸੇ ਦਾ ਕੰਮ ਚਾਲੂ ਹੈ। ਨਵੇਂ ਪਰਮਿਟ ਲੈ ਲਏ ਗਏ ਹਨ। ਮਾਰਚ 2018 ਵਿਚ ਵੀ ਤਿੰਨਾਂ ਧੜਿਆਂ ਦੀ ਸਰਬ ਸੰਮਤੀ ਨਾਲ ਪੰਜ ਸਿੰਘਾਂ ਦੀ ਚੋਣ ਹੋਈ ਸੀ। ਪਹਿਲੀ ਵਾਰ ਕੋਈ ਚੋਣ ਨਹੀਂ ਹੋਈ ਅਤੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਕੇ ਪੰਜ ਸਿੰਘ ਚੁਣੇ ਗਏ ਸਨ। ਕੁਝ ਕੁ ਚਿਰ ਪ੍ਰਬੰਧ ਠੀਕ ਸੀ ਅਤੇ ਲਗਭੱਗ 80 ਮੈਂਬਰਾਂ ਤੋਂ ਵੱਧ ਦੀਆਂ ਕਮੇਟੀਆਂ ਵੀ ਸਰਬ ਸੰਮਤੀ ਨਾਲ ਬਣੀਆਂ। ਉਸ ਤੋਂ ਬਾਅਦ ਧੜੇਬਾਜ਼ੀ ਸ਼ੁਰੂ ਹੋ ਗਈ। ਸਾਲ 2018 ਦੇ ਅਖੀਰ ਤੀਕ ਗੁਰੂਘਰ ਦੇ ਕਬਜ਼ੇ ਦੀ ਲੜਾਈ ਸ਼ੁਰੂ ਹੋ ਚੁੱਕੀ ਸੀ ਅਤੇ ਅਕਤੂਬਰ 2018 ਤੱਕ ਇਹ ਪੂਰੇ ਜ਼ੋਰਾਂ 'ਤੇ ਸੀ।। ਇਸ ਤੋਂ ਪੰਜਾਂ ਸਿੰਘਾਂ ਵਿਚ ਸਖਤ ਮੱਤਭੇਦ ਹੋ ਗਏ। ਗੁਰੂਘਰ ਦੇ ਪ੍ਰਬੰਧ ਬਾਰੇ ਅਸੀਂ ਹਰਮਿੰਦਰ ਸਿੰਘ 'ਤੇ ਹੇਠ ਲਿਖੇ ਦੋਸ਼ ਆਇਦ ਕਰਨ ਲਈ ਬੇਨਤੀ ਕਰਦੇ ਹਾਂ।

**ਉਲੰਘਣਾ-1. ਸਾਰੇ ਕਾਨੰਨ ਕਾਇਦੇ ਛਿੱਕੇ ਟੰਗ ਕੇ ਸੁਪਰੀਮ ਕੌਂਸਲ ਵਲੋਂ ਝਗੜੇ ਦੇ ਪੀੜਤ ਕਮਲਜੀਤ ਸਿੰਘ ਉਤੇ ਦੂਸ਼ਣਬਾਜ਼ੀ :**

23 ਨਵੰਬਰ, 2018 ਦੀ ਗੁਰੂਘਰ ਦੀ ਲੜਾਈ ਵਿਚ ਜ਼ਖਮੀ ਹੋਏ ਪੀੜਤ ਕੰਵਲਜੀਤ ਸਿੰਘ ਨੂੰ ਹੀ ਘਟਨਾ ਲਈ ਜ਼ੁੰਮੇਵਾਰ ਠਹਿਰਾਉਣ ਦੀਆਂ ਹਰਮਿੰਦਰ ਸਿੰਘ ਵਲੋਂ ਕੀਤੀਆਂ ਗਈਆਂ ਘੋਰ ਸੰਵਿਧਾਨਕ ਉਲੰਘਣਾਵਾਂ ਕਰਕੇ ਇਹ ਮੈਂਬਰ ਸੁਪਰੀਮ ਕੌਂਸਲ ਦੀ ਸੇਵਾ ਦੇ ਕਾਬਲ ਨਹੀਂ। ਕਿਉਂਕਿ ਪਿਛਲੇ ਤਿੰਨ ਮਹੀਨੇ ਤੋਂ ਉਸ ਨੇ ਲਗਭੱਗ ਸਾਰੇ ਕੰਮ ਇਕ ਧੜੇ ਦੀ ਹੈਸੀਅਤ ਵਿਚ ਕੀਤੇ ਹਨ ਅਤੇ ਉਹ ਸਟੇਜ ਕਮੇਟੀ ਨੂੰ ਬਿਲਕੁਲ ਹੀ ਕੁਝ ਨਹੀਂ ਸਮਝਦਾ, ਇਹ ਸਭ ਕੁਝ ਹੀ ਇਤਰਾਜ਼ਯੋਗ ਹੈ। ਇਨਾਂ ਨੂੰ ਆਪਣੀ ਮਨਮਰਜ਼ੀ ਨਾਲ ਗੁਰੂਘਰ ਦੇ ਫੈਸਲੇ ਕਰਨ ਦਾ ਕੋਈ ਅਧਿਕਾਰ ਨਹੀਂ। ਯਾਦ ਰਹੇ ਕਿ ਪਿਛਲੇ ਸੱਤ ਸਾਲਾਂ ਤੋਂ ਵੱਖ-ਵੱਖ ਗਰੁੱਪਾਂ ਵਿਚ ਸਮਝੌਤਾ ਹੋਣ ਕਰਕੇ ਸਿੱਖ ਪੰਚਾਇਤ ਵਲੋ ਸੁਪਰੀਮ ਕੌਂਸਲ ਦੇ ਉਮੀਦਵਾਰ ਸਰਬ-ਸੰਮਤੀ ਨਾਲ ਚੁਣੇ ਜਾਂਦੇ ਸਨ। ਇਸੇ ਤਰ੍ਹਾਂ ਮਾਰਚ 2018 ਵਿਚ ਵੀ ਇਹ ਪੰਜ ਸੁਪਰੀਮ ਕੌਂਸਲ ਮੈਬਰ ਪੰਚਾਇਤ ਵਲੋਂ ਚੁਣੇ ਗਏ ਪਰ ਇਸ ਵਾਰ ਸੰਵਿਧਾਨ ਅਨੁਸਾਰ ਕੋਈ ਚੋਣ ਨਹੀਂ ਹੋਈ। ਆਪ ਜੀ ਨੂੰ ਸੂਚਿਤ ਕਰਨਾ ਚਾਹੁੰਦੇ ਹਾਂ ਕਿ 23 ਨਵੰਬਰ, 2018 ਨੂੰ ਗੁਰੂ ਨਾਨਕ ਦੇਵ ਜੀ ਦੇ 150ਵੀਂ ਸ਼ਤਾਬਦੀ ਪੁਰਬ ਵਾਲੇ ਦਿਨ ਦਰਬਾਰ ਹਾਲ ਵਿਚ ਲੜਾਈ ਹੋਈ ਜਿਸ ਵਿਚ ਦਰਸ਼ਨ ਸਿੰਘ ਨੇ ਕਮਲਜੀਤ ਸਿੰਘ ਦੇ ਸਿਰ ਵਿਚ ਕਿਰਪਾਨ ਨਾਲ ਵਾਰ ਕੀਤੇ। ਸੱਤ ਸਾਲ ਵਿਚ ਪਹਿਲੀ ਵਾਰ ਗੁਰੂਘਰ ਅੰਦਰ ਪੁਲਿਸ ਆਈ ਅਤੇ ਦਰਸ਼ਨ ਦੀ ਗ੍ਰਿਫਤਾਰੀ ਹੋਈ। ਬਾਅਦ ਵਿਚ ਪਤਾ ਲੱਗਾ ਕਿ ਹਰਮਿੰਦਰ ਸਿੰਘ ਇਸ ਪੁਆੜੇ ਦੀ ਜੜ੍ਹ ਸੀ। ਉਸ ਨੇ ਰਾਤ ਦੇ 10:30 ਵਜੇ ਹਰਜੀਤ ਸਿੰਘ ਅਤੇ ਕੁਝ ਬੱਚਿਆਂ ਨੂੰ ਪਾਲਕੀ ਦਾ ਪੇਂਟ ਬਦਲਣ ਲਈ ਕਿਹਾ ਸੀ। ਹਰਮਿੰਦਰ ਸਿੰਘ ਨੇ ਆਪਣੀ ਤਾਕਤ ਦੀ ਘੋਰ ਦੁਰਵਰਤੋਂ ਕਰ ਕੇ ਗੁਰੂਘਰ ਦੇ ਹਾਲਾਤ ਖਰਾਬ ਕਰਨ ਦਾ ਮੁੱਢ ਬੰਨ੍ਹਿਆ। ਇਸ ਘਟਨਾ ਵਿਚ ਜ਼ਖਮੀ ਹੋਣ ਵਾਲੇ ਕਮਲਜੀਤ ਸਿੰਘ ਨੂੰ ਹਮਦਰਦੀ ਦੀ ਜਗ੍ਹਾ ਧਮਕੀਆਂ ਮਿਲੀਆਂ। ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੇ ਈਮੇਲ ਲਿਖ ਕੇ ਉਸ ਨੂੰ 23 ਨਵੰਬਰ, 2018 ਦੀ ਘਟਨਾ ਲਈ ਜ਼ੁੰਮੇਵਾਰ ਠਹਿਰਾਇਆ। ਤੁਸੀਂ ਹੇਠ ਲਿਖੀ ਈਮੇਲ ਤੋਂ ਅੰਦਾਜ਼ਾ ਲਾ ਸਕਦੇ ਹੋ ਕਿ ਜਿਸ ਬੰਦੇ ਦੇ ਸਿਰ ਵਿਚ ਵਾਰ ਕੀਤਾ ਹੋਵੇ, ਉਸ ਤੋਂ ਮੁਆਫੀ ਤਾਂ ਕੀ ਮੰਗਣੀ ਉਲਟਾ ਦੋਸ਼ ਲਾ ਰਹੇ ਹਨ :



"ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।

**ਭਾਈ ਕੰਵਲਜੀਤ ਸਿੰਘ ਜੀ**

ਤੁਸੀਂ ਗੁਨਾਹਗਾਰ ਹੋ ਕਿਉਂਕਿ ਤੁਸੀਂ ਸੁਪ੍ਰੀਮ ਕੌਂਸਲ ਦੇ ਫੈਸਲੇ ਦੀ ਵਿਰੋਧਤਾ ਕਰਦਿਆਂ, ਸੇਵਾ ਕਰ ਰਹੇ ਸੇਵਾਦਾਰਾਂ ਦੇ ਕੰਮ 'ਚ ਵਿਘਨ ਪਾਇਆ ਹੈ। ਤੁਹਾਡਾ ਕੇਸ ਅਦਾਲਤ ਕੋਲ ਹੈ, ਓਥੇ ਜੋ ਅਕਾਲ ਪੁਰਖ ਨੂੰ ਭਾਏਗਾ ਹੋ ਜਾਏਗਾ। ਅਸੀਂ ਤੁਹਾਨੂੰ ਵੀ ਮਿਲੇ ਪਰ ਤੁਸੀਂ ਆਪਣੇ ਹਮਾਇਤੀਆਂ ਦੀ ਚੁੱਕ ਚ ਆ ਕੇ ਸਾਡੀ ਇਕ ਵੀ ਨਹੀਂ ਸੁਣੀ। ਸਬ ਕਮੇਟੀਆਂ ਵਿਚ ਲਏ ਫੈਸਲੇ ਨੂੰ ਦਰੁਸਤ ਕਰਨ ਦੀ ਫੁੱਲ ਤਾਕਤ ਸੁਪ੍ਰੀਮ ਕੌਂਸਲ ਕੋਲ ਹੈ। ਧਾਰਮਿਕ ਕਮੇਟੀ ਵਿਚ ਭਾਈਆਂ ਦੀ ਵਧਾਈ ਤਨਖਾਹ ਮਾਮਲਾ ਅਖੀਰ ਸੁਪਰੀਮ ਕੌਂਸਲ ਵਿਚ ਹੀ ਨਜਿਠਿਆ ਗਿਆ ਸੀ। ਪਰ ਸਾਡੀ ਬਦਕਿਸਮਤੀ ਹੈ ਕਿ ਕੁਝ ਸਾਡੇ ਕੁਝ ਮੈਂਬਰ, ਸੇਵਾਦਾਰਾਂ ਉੱਪਰ ਹੋਏ ਹਮਲੇ ਵਿਚ ਸ਼ਾਮਲ ਹਮਲਾਵਰਾਂ ਨੂੰ ਬਚਾਉਣ ਵਿਚ ਲਗੇ ਹੋਏ ਹਨ। ਇਸੇ ਭਾਵਨਾ ਤਹਿਤ ਸਾਨੂੰ ਵੀਡੀਓ ਵੀ ਨਹੀਂ ਦਿੱਤੀ ਜਾ ਰਹੀ। ਵੀਡੀਓ ਮਿਲਣ ਦੀ ਸੂਰਤ ਵਿਚ ਸੁਪਰੀਮ ਕੌਂਸਲ ਕਿਸੇ ਨਤੀਜੇ ਤੇ ਪਹੁੰਚ ਜਾਵੇਗੀ। ਤੁਹਾਨੂੰ ਗੁਰੂ ਘਰ ਵਿਚ ਫੈਸਲਾ ਕਰਨ ਨਾਲੋਂ ਦੁਨਿਆਵੀ ਅਦਾਲਤ ਜਿਆਦਾ ਠੀਕ ਲੱਗਦੀ ਸੀ। ਤੁਸੀਂ ਆਪਣੇ ਹਮਲਾਵਰ ਸਾਥੀਆਂ ਨਾਲ ਮਿਲਕੇ ਕੇਸ ਦੀ ਪੈਰਵਾਈ ਕਰਦੇ ਰਹੇ। ਜਦ ਤਕ ਸਾਡੇ ਸਾਹਮਣੇ ਸਾਰੇ ਤੱਥ ਵੀਡੀਓ ਮੂਵੀ ਦੇ ਜ਼ਰੀਏ ਨਹੀਂ ਆ ਜਾਂਦੇ ਤਦ ਤਕ ਅਸੀਂ ਕਿਸੇ ਵੀ ਧਿਰ ਨੂੰ ਸਟੇਜ ਤੇ ਬੁਲਾ ਕੇ ਗ਼ੁਰੂਘਰ ਦਾ ਮਹੌਲ ਵਿਗਾੜਨਾ ਨਹੀਂ ਚਾਹੁੰਦੇ।

**ਪੰਥ ਦੇ ਦਾਸ : ਭਾਈ ਕੁਲਜੀਤ ਸਿੰਘ ਭਾਈ ਹਰਮਿੰਦਰ ਸਿੰਘ** "

ਦਾਸ ਨੇ ਹਮਲੇ ਤੋਂ ਤੁਰੰਤ ਬਾਅਦ ਪੰਚਾਇਤ ਵਲੋਂ ਸੁਪਰੀਮ ਕੌਂਸਲ ਨੂੰ ਇਸ ਸਾਰੇ ਮਸਲੇ 'ਤੇ ਗੌਰ ਕਰਕੇ ਕੁਝ ਕਰਨ ਦੀ ਬੇਨਤੀ ਕੀਤੀ ਪਰ ਇਨ੍ਹਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ

ਸਵਾਲ: ਕੀ ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਸੰਗਤ ਨੂੰ ਦੱਸ ਸਕਣਗੇ ਕਿ ਹਮਲੇ ਦੇ ਦੋਸ਼ੀ 'ਤੇ ਉਨਾਂ ਨੇ ਕੀ ਐਕਸ਼ਨ ਲਿਆ ?

**ਉਲੰਘਣਾ-2. ਹਰਮਿੰਦਰ ਸਿੰਘ ਵਲੋਂ ਸਾਲ 2019 ਦੇ ਕੈਲੰਡਰ ਦਾ ਮਸਲਾ ਭੜਕਾਉਣਾ ਅਤੇ ਸਟੇਜ ਦਾ ਕੰਟਰੋਲ :** ਹਰਮਿੰਦਰ ਸਿੰਘ ਨੇ 2004 ਤੋਂ ਚਲਿਆ ਆਉਂਦਾ ਗੁਰੁਘਰ ਦਾ ਕੈਲੰਡਰ ਆਪਣੀ ਮਰਜ਼ੀ ਨਾਲ ਬਿਨਾ ਸੁਪਰੀਮ ਕੌਂਸਲ ਦੀ ਸਹਿਮਤੀ ਤੋਂ ਬਦਲਿਆ ਅਤੇ ਆਪਣੀ ਮਰਜ਼ੀ ਨਾਲ ਧਾਰਮਿਕ ਦਿਨ ਦਿਹਾੜੇ ਮਨਾਉਣੇ ਸ਼ੁਰੂ ਕਰ ਦਿੱਤੇ ਜਦੋਂਕਿ ਦੂਸਰੇ ਗਰੁੱਪ ਦੀ ਕੋਈ ਸੁਣਾਈ ਨਹੀਂ। ਬਹੁਤ ਸਾਰੀ ਸੰਗਤ ਜਾਣਦੀ ਹੋਵੇਗੀ ਕਿ ਇਸ ਸਾਲ ਝਗੜੇ ਕਾਰਨ ਦੋ ਕੈਲੰਡਰ ਛਪੇ ਸਨ ਅਤੇ ਕਿਸੇ ਨੂੰ ਵੀ ਗੁਰੂਘਰ ਵਲੋਂ ਪੈਸੇ ਨਹੀਂ ਦਿੱਤੇ ਗਏ। ਉਸ ਤੋਂ ਬਾਅਦ ਹਾਲਾਤ ਹੋਰ ਵੀ ਗੰਭੀਰ ਹੋ ਗਏ ਹਨ। ਯਾਦ ਰਹੇ ਕਿ ਕਾਨੂੰਨ ਮੁਤਾਬਿਕ ਸੁਪਰੀਮ ਕੌਂਸਲ ਦਾ ਪੰਜ ਮੈਂਬਰਾਂ ਦਾ ਕੋਰਮ ਹੈ। ਕਿਸੇ ਵੀ ਮਤੇ ਨੂੰ ਪਾਸ ਹੋਣ ਲਈ ਸਰਬ-ਸੰਮਤੀ ਚਾਹੀਦੀ ਹੈ। ਯਾਦ ਰਹੇ ਕਿ ਇਸ ਸੱਤ ਸਾਲ ਤੋਂ ਚੱਲ ਰਹੇ ਸਿਸਟਮ ਵਿਚ ਪੰਜ ਸੁਪਰੀਮ ਕੌਂਸਲ ਮੈਂਬਰ ਸਿੱਖ ਪੰਚਾਇਤ ਦੀ ਰੇਖ ਦੇਖ ਹੇਠ ਚੁਣੇ ਜਾਂਦੇ ਹਨ ਅਤੇ ਸਭ ਤਿੰਨਾਂ ਧੜਿਆਂ ਦੀ ਸਹਿਮਤੀ ਨਾਲ ਹੁੰਦਾ ਹੈ। ਸੁਪਰੀਮ ਕੌਂਸਲ ਅਤੇ ਕਮੇਟੀਆਂ ਦੇ ਅਧਿਕਾਰ ਖੇਤਰ ਮਿਥੇ ਗਏ ਹਨ। ਇਕ ਮੈਂਬਰ ਕੋਲ ਇਕ ਮਹਿਕਮਾ ਹੁੰਦਾ ਹੈ ਜਿਵੇਂਕਿ ਹਰਮਿੰਦਰ ਸਿੰਘ ਕੋਲ ਸਟੇਜ ਹੈ। ਉਸ ਮੈਬਰ ਨਾਲ ਪੰਜ ਜਾਂ ਸੱਤ ਮੈਂਬਰਾਂ ਦੀ ਕਮੇਟੀ ਹੁੰਦੀ। ਮਹਿਕਮੇ ਦੇ ਸਾਰੇ ਫੈਸਲੇ ਸਹਿਮਤੀ ਨਾਲ ਹੀ ਲਏ ਜਾ ਸਕਦੇ ਹਨ। ਅਗਰ ਸਹਿਮਤੀ ਨਹੀਂ ਤਾਂ ਮਸਲਾ ਪੰਜਾਂ ਸਿੰਘਾਂ ਦੀ ਸੁਪਰੀਮ ਕੌਂਸਲ ਕੋਲ ਜਾਂਦਾ ਹੈ। ਜਨਵਰੀ ਤੋਂ ਹਰਮਿੰਦਰ ਸਿੰਘ ਨੇ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਆਪਣੀ ਮਨਮਰਜ਼ੀ ਨਾਲ ਸਟੇਜ ਦਾ ਕੰਮ ਚਲਾਉਣਾ ਸ਼ੁਰੂ ਕਰ ਦਿੱਤਾ ਹੈ। ਹਰਮਿੰਦਰ ਸਿੰਘ ਨੇ ਆਪਣੇ ਕੈਲੰਡਰ ਦੇ ਹਿਸਾਬ ਨਾਲ ਦਿਨ ਸੁਦ ਮਨਾਉਣੇ ਸ਼ੁਰੂ ਕਰ ਦਿੱਤੇ ਹਨ। ਹਰਿੰਦਰਪਾਲ ਸਿੰਘ ਜੋ ਕਿ ਖਜ਼ਾਨਚੀ ਹਨ, ਉਨਾਂ ਨੇ ਲੰਘੇ ਐਤਵਾਰ 20 ਫਰਵਰੀ ਅਤੇ 27 ਫਰਵਰੀ, 20 19 ਨੂੰ ਸਮਾਂ ਮੰਗਿਆ ਪਰ ਹਰਮਿੰਦਰ ਸਿੰਘ ਨੇ ਸਮਾਂ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ।

**ਉਲੰਘਣਾ-3. ਹਰਮਿੰਦਰ ਸਿੰਘ ਵਲੋਂ ਕਮਲਜੀਤ ਸਿੰਘ ਨੂੰ ਇਕ ਹੋਰ ਧਮਕੀ ਅਤੇ ਦਰਸ਼ਣ ਸਿੰਘ ਵਲੋਂ ਧਮਕੀ :** ਇਥੇ ਹੀ ਬਸ ਨਹੀ ਹਰਮਿੰਦਰ ਸਿੰਘ ਨੇ ਫਰਵਰੀ 3, 2019 ਵਿਚ ਈਮੇਲ ਰਾਹੀਂ ਕਮਲਜੀਤ ਸਿੰਘ ਨੂੰ ਧਮਕੀ ਦਿੱਤੀ ਕਿ ਤੂੰ ਗੁਰੂਘਰ ਦਾ ਮਾਹੌਲ ਖਰਾਬ ਕਰਦਾ ਹੈਂ, ਇਸ ਲਈ ਤੈਨੂੰ ਸਟੇਜ ਕਮੇਟੀ ਤੋਂ ਹਟਾਇਆ ਜਾਂਦਾ ਹੈ। ਯਾਦ ਰਹੇ ਕਿ ਅਜਿਹਾ ਕਰਨ ਦਾ ਅਧਿਕਾਰ ਕੇਵਲ ਪੰਜ ਮੈਂਬਰੀ ਸਟੇਜ ਕਮੇਟੀ ਕੋਲ ਹੈ ਜਿਸ ਦੀ ਹਰਮਿੰਦਰ ਸਿੰਘ ਨੇ ਕੋਈ ਪ੍ਰਵਾਹ ਨਹੀਂ ਕੀਤੀ ਗਈ। ਸਾਧ ਸੰਗਤ ਜੀ, ਤੁਸੀਂ ਵੇਖ ਸਕਦੇ ਹੋ ਕਿ ਇਹ ਆਪਣੇ ਆਪ ਨੂੰ ਜੱਜ ਅਤੇ ਜੀਊਰੀ ਸਮਝ ਕੇ ਜੋ ਮਰਜ਼ੀ ਕਰੀ ਜਾ ਰਹੇ ਹਨ। ਦਰਸ਼ਨ ਦੀ ਪਿੱਠ ਪੂਰਨ ਵਿਚ ਕੁਲਜੀਤ ਸਿੰਘ ਵੀ ਹਰਮਿੰਦਰ ਸਿੰਘ ਦੇ ਨਾਲ ਹੈ। ਦਰਸ਼ਨ ਸਿੰਘ ਅਤੇ ਕੁਲਜੀਤ ਵਲੋਂ ਇਕ ਵੱਡਾ ਇਸ਼ਤਿਹਾਰ ਕਮਲਜੀਤ ਸਿੰਘ ਵਿਰੁੱਧ ਇਨ੍ਹਾਂ ਦੋਹਾਂ ਦੇ ਨਾਮ ਹੇਠ 23 ਫਰਵਰੀ ਦੇ ਪੰਜਾਬ ਟਾਈਮਜ਼ ਦੇ ਸਫਾ ਪੰਜ 'ਤੇ ਛਾਪਿਆ ਗਿਆ ਹੈ।

**ਉਲੰਘਣਾ-4. ਹਰਮਿੰਦਰ ਸਿੰਘ ਵੱਲੋਂ ਧਮਕੀ :** ਫਰਵਰੀ 11, 2019 ਸੋਮਵਾਰ ਨੂੰ ਸੁਪਰੀਮ ਕੌਂਸਲ ਦੀ ਇਕ ਮੀਟਿੰਗ ਗੁਰੂਘਰ ਵਿਚ ਬੁਲਾਈ ਗਈ। ਇਸ ਮੀਟਿੰਗ, ਜਿਸ ਵਿਚ ਕੋਰਮ ਪੂਰਾ ਨਹੀਂ ਸੀ ਕਿਉਂਕਿ ਜਸਵਿੰਦਰ ਸਿੰਘ ਜੰਡੀ ਅੱਖਾਂ ਦੇ ਅਪਰੇਸ਼ਨ ਕਾਰਨ ਗੈਰ-ਹਾਜ਼ਰ ਸਨ, ਉਸ ਦਿਨ ਤਾਂ ਧੱਕੇ ਦੀ ਹੱਦ ਹੋ ਗਈ ਜਦੋਂ ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੇ ਹਰਿੰਦਰਪਾਲ ਸਿੰਘ ਨੂੰ ਧਮਕੀ ਦਿੱਤੀ ਕਿ ਉਹ ਨਵੀਂ ਕਮੇਟੀ ਬਣਾ ਕੇ ਮੌਜੂਦਾ ਕਮੇਟੀਆਂ ਨੂੰ ਭੰਗ ਕਰ ਦੇਣਗੇ। ਹਰਿੰਦਰਪਾਲ ਸਿੰਘ ਨੇ ਇਸ ਬਾਰੇ ਸਖਤ ਇਤਰਾਜ਼ ਉਠਾਇਆ ਅਤੇ ਕਿਹਾ ਕਿ ਸੰਵਿਧਾਨ ਵਿਚ ਸਾਰੇ ਫੈਸਲੇ ਸਰਬਸੰਮਤੀ ਨਾਲ ਹੀ ਹੁੰਦੇ ਹਨ ਅਤੇ ਉਨਾਂ ਕੋਲ ਕਮੇਟੀ ਬਣਾਉਣ ਜਾਂ ਭੰਗ ਕਰਨ ਦਾ ਕੋਈ ਹੱਕ ਨਹੀਂ। ਅਜਿਹਾ ਸੁਪਰੀਮ ਕੌਂਸਲ ਕੇਵਲ ਸਰਬ-ਸੰਮਤੀ ਨਾਲ ਹੀ ਕਰ ਸਕਦੀ ਹੈ। ਅਗਰ ਸਰਬ-ਸੰਮਤੀ ਨਹੀਂ ਤਾਂ ਜਨਰਲ ਬਾਡੀ ਬਣਾ ਕੇ ਨਵੀਂ ਚੋਣ ਲਈ ਤਿਆਰੀ ਹੋਣੀ ਚਾਹੀਦੀ ਹੈ। ਪੰਜਾਬ ਟਾਈਮਜ਼ ਦੀਆਂ ਖਬਰਾਂ ਅਨੁਸਾਰ ਉਨ੍ਹਾਂ ਨੇ ਅਜਿਹਾ ਕਰ ਦਿੱਤਾ ਹੈ ਅਤੇ ਕਬਜ਼ੇ ਲਈ ਅਜਿਹੀਆਂ ਈ-ਮੇਲਾਂ ਵੀ ਭੇਜੀਆਂ ਹਨ। ਹੁਣ ਜਦੋਂ ਵੀ ਧੱਕੇ ਨਾਲ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਫਿਰ ਝਗੜਾ ਹੋਵੇਗਾ ਅਤੇ ਹਾਲਾਤ ਹੋਰ ਖਰਾਬ ਹੋਣਗੇ।

**ਉਲੰਘਣਾ-5. ਇਕ ਹਜ਼ਾਰ ਡਾਲਰ ਕੈਸ਼ ਬਾਰੇ :** ਹਰਮਿੰਦਰ ਸਿੰਘ ਨੇ ਭੁਪਿੰਦਰ ਸਿੰਘ ਕੋਲੋਂ ਇਕ ਹਜ਼ਾਰ ਡਾਲਰ ਕੈਸ਼ ਮੰਗੇ ਪਰ ਜਦੋਂ ਹਰਿੰਦਰਪਾਲ ਸਿੰਘ (HP SINGH) ਨੇ ਹਰਮਿੰਦਰ ਸਿੰਘ ਨੂੰ ਦਸਤਖਤ ਕਰਨ ਲਈ ਕਿਹਾ ਤਾਂ ਇਸ ਨੇ ਇਸ ਬਾਰੇ ਵੀ ਬਹਿਸ ਕੀਤੀ ਕਿ ਉਸ ਨੂੰ ਦਸਤਖਤ ਕਰਨ ਲਈ ਕਿਉਂ ਕਿਹਾ ਜਾ ਰਿਹਾ ਹੈ। ਹਰਿੰਦਰਪਾਲ ਨੇ ਕਿਹਾ ਕਿ ਉਹ ਕਿਸੇ ਨੂੰ ਵੀ ਨਕਦ ਪੈਸੇ ਕਿਵੇਂ ਦੇ ਸਕਦੇ ਹਨ, ਜੇ ਲੈਣੇ ਹਨ ਤਾਂ ਰਸੀਦਾਂ ਲਿਆਉ।

## ਸਾਡੀ ਸੋਚ ਅਨੁਸਾਰ ਮਸਲੇ ਦਾ ਹੱਲ

ਸਾਡੇ ਗੁਰੂਘਰ ਦੇ ਸੰਵਿਧਾਨ ਅਨੁਸਾਰ ਸੰਗਤ ਸੁਪਰੀਮ ਹੈ। ਇਸ ਸਮੇਂ ਸੁਪਰੀਮ ਕੌਂਸਲ ਦੋਫਾੜ ਹੈ। ਜੇਕਰ ਧੜੇ ਆਪਸ ਵਿਚ ਫੈਸਲਾ ਨਹੀਂ ਕਰਦੇ ਤਦ ਇਸ ਲਈ ਆਪਸ ਵਿਚ ਝਗੜਨ ਅਤੇ ਹੋਰ ਮੁਸ਼ਕਲਾਂ ਨੂੰ ਵਧਣ ਤੋਂ ਰੋਕਣ ਲਈ ਪ੍ਰਬੰਧਕ ਕਮੇਟੀ ਦੇ 54 ਮੈਂਬਰਾਂ ਨੇ 17 ਮਾਰਚ 2019 ਨੂੰ ਗੁਰੂਘਰ ਵਿਚ ਜਨਰਲ ਬਾਡੀ ਬੁਲਾ ਕੇ ਉਸ ਵਿਚ ਸੰਗਤ ਦਾ ਫਤਵਾ ਲੈਣ ਦਾ ਫੈਸਲਾ ਕੀਤਾ ਹੈ ਅਤੇ ਇਸ ਦਾ ਕੰਟਰੋਲ ਚੋਣਾਂ ਵਾਂਗ ਬਾਹਰਲੀ ਕਮੇਟੀ ਦੇ ਹੱਥ ਹੋਵੇਗਾ। ਨਵੀਂ ਚੋਣ ਕਰਵਾ ਕੇ ਹੀ ਗੁਰੂਘਰ ਦਾ ਮਾਹੌਲ ਸੁਖਾਵਾਂ ਰੱਖਿਆ ਜਾ ਸਕਦਾ ਹੈ।

ਅਖੀਰ ਵਿਚ ਅਸੀਂ ਹਰਮਿੰਦਰ ਸਿੰਘ ਵਲੋਂ ਕੀਤੀਆਂ ਮਨਮਾਨੀਆਂ ਅਤੇ ਧੱਕੇ ਨੂੰ ਸੰਗਤਾਂ ਦੀ ਕਚਿਹਰੀ ਵਿਚ ਰੱਖ ਰਹੇ ਹਾਂ।

-ਰਾਮ ਸਿੰਘ




### ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖ਼ਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

### ਭਾਗ ਦੂਜਾ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਸ੍ਰੀ ਐਮ.ਐਲ. ਨੰਦਾ ਨੇ ਦੱਸਿਆ ਕਿ ਬਾਕੀ ਰਹਿੰਦੇ ਪੁਲਿਸ ਮੁਲਾਜ਼ਮਾਂ ਦੇ ਹਲਫ਼ੀਆ ਬਿਆਨਾਂ ਨੂੰ ਕੇਸ ਵਿੱਚ ਸਬੂਤ ਵਜੋਂ ਮੰਨਿਆ ਜਾਵੇ। ਇਸੇ ਤਰ੍ਹਾਂ ਗੁਰਦੁਆਰਾ ਮੈਨੇਜਿੰਗ ਕਮੇਟੀ ਦੇ ਵਕੀਲ ਨੇ ਕਿਹਾ ਕਿ ਬਾਕੀ ਰਹਿੰਦੇ ਵਿਅਕਤੀਆਂ ਜਿਨਾਂ ਦੇ ਗੁਰਦੁਆਰਾ ਮੈਨੇਜਿੰਗ ਕਮੇਟੀ ਅਤੇ ਆਮ ਜਨਤਾ ਦੀ ਤਰਫ਼ੋਂ ਹਲਫ਼ਨਾਮੇ ਦਾਇਰ ਕੀਤੇ ਹਨ ਉਨ੍ਹਾਂ ਨੂੰ ਸਬੂਤ ਵਜੋਂ ਮੰਨਿਆ ਜਾਵੇ।

12. ਦਰਜ ਕੀਤੇ ਗਏ ਹਲਫ਼ਨਾਮਿਆਂ ਅਤੇ ਬਿਆਨਾ ਦੇ ਆਧਾਰ 'ਤੇ ਇਹ ਮਹਿਸੂਸ ਕੀਤਾ ਗਿਆ ਕਿ ਸ੍ਰੀ ਰਮੇਸ ਚੰਦਰ ਉਰਫ਼ ਖਾਨ, ਸ਼ਿਵ ਸੈਨਾ ਪ੍ਰਧਾਨ ਨਕੋਦਰ ਦੇ ਵਿਰੁਧ ਲਗਾਏ ਗਏ, ਕੁਝ ਦੋਸ਼ਾਂ ਦੇ ਕਾਰਨ ਉਸ ਦੀ ਸ਼ੋਹਰਤ 'ਤੇ ਕੋਈ ਪੱਖਪਾਤੀ ਅਸਰ ਨਹੀਂ ਪੈਣ ਵਾਲਾ, ਜਿਵੇਂ ਕਿ ਜਾਂਚ ਪੜਤਾਲ ਐਕਟ ਕਮਿਸ਼ਨ ਦੀ ਧਾਰਾ 8ਵੀ ' ਵਿਚ ਲੋੜੀਂਦਾ ਹੈ,ਉਸ ਨੂੰ ਜੇਕਰ ਉਹ ਚਾਹਵੇ ਤਾਂ ਜਾਂਚ ਪੜਤਾਲ ਵਿਚ ਸ਼ਾਮਲ ਹੋ ਸਕਣ ਬਾਰੇ ਮਿਤੀ 24 ਮਈ, 1986 ਨੂੰ ਨੋਟਿਸ ਜਾਰੀ ਕੀਤੇ ਜਾਣ ਦਾ ਹੁਕਮ ਜਾਰੀ ਕੀਤਾ ਗਿਆ ਸੀ।

ਵਕੀਲ ਸ੍ਰੀ ਵੀ ਜੀ ਡੋਗਰਾ ਮਿਤੀ 20 ਜੂਨ, 1986 ਨੂੰ ਸ੍ਰੀ ਰਮੇਸ਼ ਚੋਪੜਾ ਉਰਫ਼ ਖਾਨ ਦੀ ਤਰਫ਼ੋਂ ਪੇਸ਼ ਹੋਇਆ। ਉਸ ਨੂੰ ਸ੍ਰੀ ਰਾਮ ਚੰਦਰ ਵਿਰੁਧ ਲਗਾਏ ਗਏ ਦੋਸ਼ਾਂ ਦੇ ਹਲਫ਼ਨਾਮੇ ਦੀਆਂ ਕਾਪੀਆਂ ਮੁਹੱਈਆ ਕੀਤੀਆਂ ਗਈਆਂ। ਸ੍ਰੀ ਡੋਗਰਾ ਨੇ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ, ਉਸ ਨੂੰ 23 ਜੂਨ, 198 6 ਤੱਕ ਦਾ ਸਮਾਂ ਦਿੱਤਾ ਗਿਆ। ਸ੍ਰੀ ਡੋਗਰਾ ਨੇ ਕੁਝ ਸ਼ਰਾਰਤੀ ਤੱਤਵਾਂ ਦੁਆਰਾ ਸ੍ਰੀ ਰਮੇਸ਼ ਚੋਪੜਾ 'ਤੇ ਵਾਰ ਕਰਨ ਅਤੇ ਨਕੋਦਰ ਸ਼ਹਿਰ ਵਿਚ ਕਰਫਿਊ ਲੱਗਣ ਦੇ ਆਧਾਰ 'ਤੇ ਮਿਤੀ 23 ਜੂਨ, 1986 ਨੂੰ ਜਵਾਬ ਦਾਇਰ ਕਰਨ ਲਈ ਕੁਝ ਸਮਾਂ ਦੇਣ ਦੀ ਬੇਨਤੀ ਕੀਤੀ। 8 ਜੁਲਾਈ 1986, ਤੱਕ ਦਾ ਸਮਾਂ ਦਿੱਤਾ ਗਿਆ ਅਤੇ ਕਾਰਵਾਈ ਅੱਗੇ ਪਾ ਦਿੱਤੀ। 8 ਜੁਲਾਈ, 1986 ਨੂੰ ਸ੍ਰੀ ਡੋਗਰਾ, ਸ੍ਰੀ ਚੋਪੜਾ ਦਾ ਜਵਾਬ ਦਾਇਰ ਨਾ ਕਰ ਸਕੇ ਅਤੇ ਪੜਤਾਲ ਦੀ ਕਾਰਵਾਈ 2 4 ਜੁਲਾਈ 1986 ਤੇ ਪਾ ਦਿੱਤੀ ਗਈ। 24 ਜੁਲਾਈ 1986 ਨੂੰ ਸ੍ਰੀ ਡੋਗਰਾ ਨੇ ਰਮੇਸ਼ ਚੋਪੜਾ ਉਰਫ਼ ਖਾਨ ਦਾ ਹਲਫ਼ੀਆ ਬਿਆਨ ਦਾਇਰ ਕੀਤਾ। ਸ੍ਰੀ ਡੋਗਰਾ ਨੇ ਕੋਈ ਵੀ ਸਬੂਤ ਪੇਸ਼ ਨਹੀਂ ਕੀਤਾ ਅਤੇ ਉਸ ਨੇ ਚੋਪੜਾ ਵਲੋਂ ਦਾਇਰ ਕੀਤੇ ਹਲਫ਼ੀਆ ਬਿਆਨ 'ਤੇ ਹੀ ਇਤਬਾਰ ਕੀਤਾ।

13. 13 ਫਰਵਰੀ, 1986 ਦੇ ਨੋਟੀਫਿਕੇਸ਼ਨ ਨੰਬਰ 32/1/86-4ਐਚ (11) 3,760 ਅਨੁਸਾਰ ਪੜਤਾਲ 3 ਮਹੀਨਿਆਂ ਦੇ ਅੰਦਰ ਪੂਰੀ ਕਰਨ ਸਬੰਧੀ ਹੁਕਮ ਦਿੱਤੇ ਗਏ।

ਕਿਉਂਕਿ ਸਰਕਾਰ ਵਲੋਂ ਦਿੱਤੇ ਗਏ ਸਮੇਂ ਅੰਦਰ ਇਹ ਪੜਤਾਲ ਪੂਰੀ ਨਹੀਂ ਹੋ ਸਕੀ। ਇਸ ਲਈ 24 ਅਪ੍ਰੈਲ 1986 ਨੂੰ ਇਸ ਦੀ ਮਿਆਦ ਵਿਚ ਵਾਧਾ ਕਰਨ ਲਈ ਬੇਨਤੀ ਕੀਤੀ ਗਈ। ਇਹ ਕਮਿਸ਼ਨ ਸ੍ਰੀ ਹਰਚੰਦ ਸਿੰਘ ਲੌਂਗੋਵਾਲ ਦੀ ਹੱਤਿਆ ਦੀ ਪੜਤਾਲ ਵੀ ਕਰ ਰਿਹਾ ਸੀ। ਇਸ ਲਈ 30 ਸਤੰਬਰ, 1986 ਤੱਕ ਦਾ ਸਮਾ ਕਮਿਸ਼ਨ ਲਈ ਪਹਿਲੇ ਵਧਾ ਦਿੱਤਾ ਗਿਆ ਸੀ। ਇਸ ਪੜਤਾਲ ਦੀ ਵੀ 30 ਸਤੰਬਰ, 1986 ਤੱਕ ਦੀ ਮਿਆਦ ਵਧਾਉਣ ਲਈ ਬੇਨਤੀ ਕੀਤੀ ਗਈ ਸੀ ਅਤੇ ਜੋ ਕਿ ਸਰਕਾਰ ਦੁਆਰਾ ਪ੍ਰਵਾਨ ਕਰ ਲਈ ਗਈ। ਸਾਰੀਆਂ ਪਾਰਟੀਆਂ ਦੇ ਗਵਾਹਾਂ ਦੀ ਜਾਂਚ ਪੜਤਾਲ 17 ਸਤੰਬਰ, 1986 ਨੂੰ ਪੂਰੀ ਕੀਤੀ ਗਈ। ਪਾਰਟੀਆਂ ਦੇ ਵਕੀਲਾਂ ਦੀਆਂ ਦਲੀਲਾਂ 17 ਸਤੰਬਰ, 1986 ਨੂੰ ਸੁਣੀਆਂ ਜਾਣੀਆਂ ਸਨ,



ਪ੍ਰੰਤੂ ਗੁਰਦੁਆਰਾ ਮੈਨੇਜਿੰਗ ਕਮੇਟੀ ਦੇ ਵਕੀਲ ਸ੍ਰੀ ਢਿੱਲੋਂ ਬੀਮਾਰ ਹੋ ਗਏ ਅਤੇ ਇਹ ਕਾਰਵਾਈ 19 ਸਤੰਬਰ, 1986 ਤੇ ਪਾ ਦਿੱਤੀ ਗਈ ਅਤੇ ਦਲੀਲਾਂ ਸੁਣੀਆਂ ਗਈਆਂ, ਦੂਜੀ ਜਾਂਚ ਪੜਤਾਲ ਵਿਚ ਰੁਝੇਵੇਂ ਕਾਰਨ ਰਿਪੋਟ ਨਿਸਚਿਤ ਸਮੇਂ ਵਿਚ ਪੂਰੀ ਨਹੀਂ ਹੋ ਸਕੀ ਅਤੇ ਇਕ ਮਹੀਨੇ ਦਾ ਸਮਾਂ ਮੰਗਿਆ ਗਿਆ ਜੋ ਕਿ ਦੇ ਦਿੱਤਾ ਗਿਆ।

14. ਹਵਾਲੇ ਦੀਆਂ ਪਹਿਲੀਆਂ ਦੋ ਜਾਂਚ ਅਧੀਨ ਗੱਲਾਂ ਜੋ ਨਿਮਨ ਅਨੁਸਾਰ ਪੜ੍ਹੀਆਂ ਜਾਣੀਆਂ ਹਨ ਤੇ ਜਿਨ੍ਹਾਂ ਦਾ ਪਰਸਪਰ ਸੰਬੰਧ ਹੈ, ਬਾਰੇ ਇਕੱਠਿਆਂ ਕਾਰਵਾਈ ਕੀਤੀ ਜਾਵੇਗੀ :-

(ੳ) ਮਿਤੀ 2 ਫਰਵਰੀ, 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਦੇ ਸੜਨ ਦੀਆਂ ਸਥਿਤੀਆਂ ਦਾ ਪਤਾ ਲਗਾਉਣਾ।

(ੳੳ) ਕੀ ਨਕੋਦਰ ਵਿਖੇ 2 ਫਰਵਰੀ, 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਸਾੜਨ ਵਿਚ ਵਿਅਕਤੀਆਂ ਜਾਂ ਏਜੰਸੀਆਂ ਦੀ ਅਜਿਹੀ ਕਾਰਵਾਈ ਨੂੰ ਬਣਾਉਣ ਤਿਆਰ ਕਰਨ ਅਤੇ ਯੋਜਨਾ ਲਈ ਜਿੰਮੇਵਾਰ ਸਨ।

15.ਜਿਸ ਤਰ੍ਹਾਂ ਕਿ ਵਕੀਲ ਡਿਪਟੀ ਕਮਿਸ਼ਨਰ ਸ੍ਰੀ ਦਰਬਾਰਾ ਸਿੰਘ ਗੁਰੂ ਵਲੋਂ ਬਿਆਨ ਦਿੱਤਾ ਗਿਆ ਹੈ ਕਿ ਨਕੋਦਰ ਟਾਊਨ ਵਿਚ ਕੁੱਲ ਅਬਾਦੀ ਵਿਚੋਂ 5 ਤੋਂ 10% ਸਿੱਖਾਂ ਦੀ ਅਬਾਦੀ ਹੈ। ਸ੍ਰੀ ਗੁਰੂ ਨੇ ਇਹ ਵੀ ਬਿਆਨ ਦਿੱਤਾ ਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਵਿਚ ਹਾਲਾਤ ਅਣਸੁਖਾਵੇਂ ਹੋਣ ਕਾਰਨ ਨਕੋਦਰ ਵਿਚ ਵੀ ਦੋ ਫਿਰਕਿਆਂ ਅੰਦਰ ਕੁਝ ਤਣਾਅ ਸੀ ਅਤੇ ਕੁਝ ਘਟਨਾਵਾਂ ਅਜਿਹੀਆਂ ਹੋ ਗਈਆਂ ਸਨ ਜਿਸ ਕਰਕੇ ਸ਼ਹਿਰਾਂ ਕਰਫਿਊ ਲਗਾਉਣਾ ਪਿਆ ਸੀ। ਉਨ੍ਹਾਂ ਨੇ ਅੱਗੇ ਬਿਆਨਾ ਕੀਤਾ ਕਿ ਬਹੁਤੇ ਸ਼ਹਿਰਾਂ ਵਿਚ ਕਰਫਿਊ ਲਗਾਉਣ ਦਾ ਜਰਬ ਸੰਪਰਦਾਇਕ ਤਣਾਅ ਹੋਣ ਜਾਂ ਨਾ ਹੋਣ, ਪਰ ਹੋਰ ਬੜੇ ਕਾਰਨ ਵੀ ਹੋ ਸਕਦੇ ਹਨ। ਉਹ ਜਲੰਧਰ ਸ਼ਹਿਰ ਤੋਂ ਬਾਹਰ ਕਰਫਿਊ ਲਗਾਉਣ ਦੇ ਸਬੰਧ ਵਿਚ 'ਹੋਰ ਕਾਰਨਾਂ' ਬਾਰੇ ਖੁੱਲ੍ਹ ਕੇ ਨਹੀਂ ਦੱਸ ਸਕੇ।

16. ਸ੍ਰੀ ਹਰਨਾਮ ਸਿੰਘ ਸਪੁੱਤਰ ਗੁਰਦਿੱਤ ਸਿੰਘ ਨਿਵਾਸੀ ਮੁਹੱਲਾ ਗੁਰੂ ਨਾਨਕਪੁਰਾ ਜਿਹੜਾ ਕਿ ਗੁਰਦਵਾਰਾ ਸਿੰਘ ਸਭਾ ਨਕੋਦਰ ਦਾ ਜਨਰਲ ਸੈਕਟਰੀ ਅਤੇ ਅਕਾਲੀ ਜਥਾ ਨਕੋਦਰ ਦੀ ਵਰਕਿੰਗ ਕਮੇਟੀ ਦਾ ਮੈਂਬਰ ਵੀ ਹੈ ਨੇ ਕਮਿਸ਼ਨ ਸਾਹਮਣੇ ਆਪਣਾ ਹਲ਼ਫੀਆ ਬਿਆਨ ਦਾਖ਼ਲ ਕਰਦੇ ਹੋਏ ਬਿਆਨ ਦਿੱਤਾ ਕਿ ਮਿਤੀ 25 ਜਨਵਰੀ, 1986 ਨੂੰ ਲਗਾਤਾਰ ਸਵੇਰੇ 11 ਵਜੇ ਸ੍ਰੀ ਰਮੇਸ਼ ਚੋਪੜਾ ਉਰਫ਼ ਖਾਨ ਹਿੰਦੂ ਸ਼ਿਵ ਸੈਨਾ ਨਕੋਦਰ ਦੇ ਪ੍ਰਧਾਨ ਅਤੇ ਸ੍ਰੀ ਕਿਰਨਬੀਰ ਸਪੁੱਤਰ ਸ੍ਰੀ ਫਕੀਰ ਚੰਦ, ਜਨਰਲ ਸੈਕਟਰੀ ਹਿੰਦੂ ਸ਼ਿਵ ਸੈਨਾ ਨਕੋਦਰ, ਹੋਰ ਕੁਝ ਵਿਅਕਤੀਆਂ ਨਾਲ ਆਪਣੇ ਮੁਹੱਲੇ ਦੇ ਦੋ ਸਿੱਖ ਮੁੰਡਿਆਂ ਕੁਲਵਿੰਦਰ ਸਿੰਘ ਸਪੁੱਤਰ ਸੋਹਨ ਸਿੰਘ ਅਤੇ ਜਸਪਾਲ ਸਿੰਘ ਸਪੁੱਤਰ ਸਵਰਨ ਸਿੰਘ ਨੂੰ ਸਬਜ਼ੀ ਮੰਡੀ ਨੇੜੇ ਚੁਰਾਸੀ ਗੇਟ ਵਿਚਕਾਰ ਸਿੱਖ ਮੁੰਡਿਆਂ ਅਤੇ ਸ੍ਰੀ ਕੰਵਲ ਉਰਫ਼ ਮੋਥੂ ਕਾਰਨਰ ਪ੍ਰਿੰਟਿਗ ਪ੍ਰੈਸ ਦੇ ਮਲਕ ਵਿਚ ਹੋਏ ਝਗੜੇ ਸਬੰਧੀ ਗਲਤ ਹੀ ਫਸਾ ਲਿਆ ਗਿਆ ਅਤੇ ਉਨ੍ਹਾਂ (ਕੁਲਵਿੰਦਰ ਸਿੰਘ ਅਤੇ ਜਸਪਾਲ ਸਿੰਘ) ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਨੇ ਆਪਣੇ ਬਿਆਨ ਵਿਚ ਅੱਗੇ ਕਿਹਾ ਕਿ ਕੁਲਵਿੰਦਰ ਸਿੰਘ ਅਤੇ ਜਸਪਾਲ ਸਿੰਘ ਦੋਨੋਂ ਬੇਕਸੂਰ ਸਨ ਅਤੇ ਉਹ ਇਨ੍ਹਾਂ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ ਇਸ ਲਈ ਉਹ ਜਸਵੰਤ ਸਿੰਘ ਪ੍ਰਧਾਨ ਅਕਾਲੀ ਜਥਾ ਨਕੋਦਰ, ਜਥੇਦਾਰ ਚਰਨ ਸਿੰਘ ਸੰਧੂ ਅਤੇ ਹੋਰ ਮੁਹੱਲੇ ਦੇ ਪਤਵੰਤਿਆਂ ਨਾਲ ਪੁਲਿਸ ਸਟੇਸ਼ਨ ਗਿਆ ਅਤੇ ਸਹੀ ਤੱਥ ਦੱਸਣ 'ਤੇ ਕਿ ਉਹ ਲੜਕੇ ਚਰਸੀ ਗੇਟ ਨਕੋਦਰ ਵਿਚ ਹੋਈ ਘਟਨਾ ਵਿਚ ਸ਼ਾਮਲ ਨਹੀਂ ਸਨ। ਪੁਲਿਸ ਨੇ ਉਨ੍ਹਾਂ ਨੂੰ ਛੱਡ ਦਿੱਤਾ। ਅੱਗੇ ਆਪਣੇ ਹਲਫ਼ੀਆ ਬਿਆਨ ਵਿਚ ਉਸ ਨੇ ਕਿਹਾ ਕਿ ਜਦੋਂ ਉਹ ਪੁਲਿਸ ਸਟੇਸ਼ਨ ਤੋਂ ਬਾਹਰ ਆਏ ਰਮੇਸ਼ ਕੁਮਾਰ ਚੋਪੜਾ ਉਰਫ਼ ਖਾਨ ਆਪਣੇ ਪੁੱਤਰ ਦੇ ਹਮਾਇਤੀਆਂ ਨਾਲ ਉਥੇ ਹਾਜ਼ਰ ਸਨ। ਦੋ ਮੁੰਡਿਆਂ ਨੂੰ ਰਿਹਾਅ ਹੋਏ ਦੇਖਦੇ ਹੀ ਉਹ ਕ੍ਰੋਧਿਤ ਹੋ ਗਏ ਅਤੇ ਉਨ੍ਹਾਂ ਨੂੰ ਸਮਝਾਇਆ ਕਿ ਹਿੰਦੂ ਹੁਣ ਮੁਹੱਲਾ ਗੁਰੂ ਨਾਨਕਪੁਰਾ ਦੇ ਸਿੱਖਾਂ ਨਾਲ ਨਿਪਟਣਗੇ ਅਤੇ ਅੱਗੇ ਕਿਹਾ 'ਅਜੇ ਤਾਂ ਹੁਣ ਤੱਕ ਅਸੀਂ ਅੱਗ ਨਹੀਂ ਲਾਈ ਹੁਣ ਤੁਹਾਨੂੰ ਅੱਗ ਲਾ ਕੇ ਦੱਸਾਂਗੇ'। ਉਸ ਨੇ ਅੱਗੇ ਕਿਹਾ ਕਿ ਇਸ ਧਮਕੀ ਬਾਰੇ ਉਸ ਸ੍ਰੀ ਐਸ.ਘੁੰਮਣ ਡੀ.ਐਸ. ਪੀ. ਅਤੇ ਸ੍ਰੀ ਜਸਵਿੰਦਰ ਸਿੰਘ ਐਸ.ਐਚ.ਓ. ਨੂੰ ਇਸ ਬਾਰੇ ਵੇਲੇ ਸੂਚਿਤ ਕਰ ਦਿੱਤਾ ਜਾਵੇ। ਉਨ੍ਹਾਂ ਨੇ ਦੋਨਾਂ ਧਿਰਾਂ ਦੇ ਪਤਵੰਤਿਆਂ ਦੀ ਸਾਂਝੀ ਮੀਟਿੰਗ 27 ਜਨਵਰੀ 1986 ਨੂੰ ਨਕੋਦਰ ਸ਼ਹਿਰ ਵਿਖੇ ਬੁਲਾਈ ਕਿ ਅਮਨ (ਪੀਸ) ਕਮੇਟੀ ਵਿਚ ਇਸ ਮਾਮਲੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੀਟਿੰਗ ਉਪਰੰਤ ਕਿਰਨਦੀਪ ਧੀਰ ਨੇ ਦੁਬਾਰਾ ਧਮਕੀ ਦਿੱਤੀ ਕਿ ਉਹ ਹੁਣ ਅੱਗ ਲਗਵਾ ਕੇ ਰਹਿਣਗੇ...(ਚਲਦਾ)।

**17. ਸ੍ਰੀ ਪਿਆਰਾ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਗੁਰੂ ਅਰਜਨ ਦੇਵ ਮੁਹੱਲਾ ਗੁਰੂ ਨਾਨਕਪੁਰਾ ਨੇ ਵੀ ਆਪਣਾ ਹਲ਼ਫ਼ੀਆ ਬਿਆਨ ਮਿਤੀ 26 ਅਪ੍ਰੈਲ, 1986 ਨੂੰ ਦਾਇਰ ਕੀਤਾ ਜਿਸ ਵਿਚ ਉਸ ਨੇ ਆਪਣੇ ਹਲ਼ਫ਼ੀਆ ਬਿਆਨ ਵਿਚ ਕਿਹਾ ਕਿ 25 ਜਨਵਰੀ, 1986 ਨੂੰ ਉਹ ਆਪਣੀ ਦੁਕਾਨ ਤੇ ਬੈਠਾ ਸੀ ਤੇ ਲਗਭਗ ਸਵੇਰੇ 11 ਵਜੇ ਪਲਵਿੰਦਰ ਸਿੰਘ ਸਪੁੱਤਰ ਸ. ਅਜੀਤ ਸਿੰਘ ਨਿਵਾਸੀ ਬੋਪਾਰਾਏ ਤਹਿ. ਨਕੋਦਰ ਜੋ ਉਸ ਨੂੰ ਜਾਣਦਾ ਸੀ ਅਤੇ ਸ੍ਰੀ ਕੰਵਲ ਉਰਫ ਮੌਥੂ ਮਲਿਕ ਕਾਰਨਰ ਪ੍ਰਿੰਟਿੰਗ ਪ੍ਰੈਸ ਵਿਚਕਾਰ ਝਗੜਾ ਹੋਇਆ। ਇਸ ਝਗੜੇ ਵਿਚ ਪਲਵਿੰਦਰ ਸਿੰਘ ਨੂੰ ਕਮਲ ਉਰਫ਼ ਮੌਥੂ ਅਤੇ ਉਸ ਦੇ ਸਾਥੀ ਅਤੇ ਦੋਸਤਾਂ ਦੁਆਰਾ ਕੁੱਟਿਆ ਗਿਆ, ਲਗਭਗ 30 ਮਿੰਟ ਬਾਅਦ ਪਲਵਿੰਦਰ ਸਿੰਘ ਆਪਣੇ ਕਾਲਜ ਦੇ ਵਿਦਿਆਰਥੀਆਂ ਸਮੇਤ ਆਇਆ ਅਤੇ ਕਮਲ ਮੌਥੂ ਨੂੰ ਬਦਲੇ ਦੀ ਭਾਵਨਾ ਨਾਲ ਕੁੱਟਿਆ ਅਤੇ ਕਮਲ ਦੇ ਨਾਲ ਸ੍ਰੀ ਰਮੇਸ਼ ਚੋਪੜਾ ਉਰਫ਼ ਖਾਨ, ਸ੍ਰੀ ਕਿਰਨਦੀਪ ਬੀਰ ਅਤੇ ਸ਼ਿਵ ਸੈਨਾ ਦੇ ਹੋਰ ਕਾਰਜਕਾਰਤਾ ਅਤੇ ਕੁਝ ਵਿਦਿਆਰਥੀ ਰਲ ਗਏ ਅਤੇ ਉਨ੍ਹਾਂ ਨੇ ਸਿੱਖ ਕੌਮ ਦੇ ਖਿਲਾਫ਼ ਅਪਮਾਨਜਨਕ ਤੇ ਉਕਸਾਹਟ ਵਾਲੀ ਭਾਸ਼ਾ ਵਰਤੀ ਅਤੇ ਉਨ੍ਹਾਂ ਨੇ ਧਮਕੀ ਦਿੱਤੀ ਕਿ ਉਹ ਇਸ ਦਾ ਬਦਲਾ ਲੈਣਗੇ।**

**18. ਸ੍ਰੀ ਹਰਨਾਮ ਸਿੰਘ ਨੇ ਆਪਣਾ ਹਲ਼ਫ਼ੀਆ ਬਿਆਨ 29 ਅਪ੍ਰੈਲ 1986 ਨੂੰ ਦਾਇਰ ਕੀਤਾ। ਸ੍ਰੀ ਗੋਪਾਲ ਸਿੰਘ ਘੁੰਮਣ ਡੀ.ਐਸ.ਪੀ. ਅਤੇ ਸ੍ਰੀ ਜਸਕੀਰਤ ਸਿੰਘ ਇੰਸਪੈਕਟਰ ਨੇ ਕ੍ਰਮਵਾਰ 29 ਅਪ੍ਰੈਲ,1986 ਅਤੇ 15 ਮਈ 1986 ਨੂੰ ਪਹਿਲੇ ਹੀ ਹਲ਼ਫ਼ੀਆ ਬਿਆਨ ਦਾਇਰ ਕਰਵਾ ਦਿੱਤੇ ਹੋਏ ਸਨ ਅਤੇ ਉਨ੍ਹਾਂ ਨੂੰ ਆਪਣਾ ਮੋੜਵਾਂ ਹਲ਼ਫ਼ੀਆ ਬਿਆਨ ਦਾਇਰ ਕਰਾਉਣ ਦਾ ਮੌਕਾ ਦਿੱਤਾ ਗਿਆ, ਜਿਹੜਾ ਉਨ੍ਹਾਂ ਨੇ 24 ਮਈ ਨੂੰ ਦਾਇਰ ਕੀਤਾ। ਭਾਵੇਂ ਸ਼ਰਵਸ਼੍ਰੀ ਹਰਨਾਮ ਸਿੰਘ ਅਤੇ ਪਿਆਰਾ ਸਿੰਘ ਨੇ ਸ੍ਰੀ ਰਮੇਸ਼ ਚੋਪੜਾ ਅਤੇ ਸ੍ਰੀ ਕਿਰਨਦੀਪ ਧੀਰ ਆਦਿ ਦੇ ਖਿਲਾਫ਼ ਖਾਸ ਇਲਜ਼ਾਮ ਲਗਾਏ ਸਨ ਅਤੇ ਦਰਸਾਏ ਉਨ੍ਹਾਂ ਦੇ ਹਲ਼ਫ਼ੀਆ ਬਿਆਨਾਂ ਵਿਚ ਇਹ ਤੱਥ ਵੀ ਸ੍ਰੀ ਜੀ.ਐਸ. ਘੁੰਮਣ ਅਤੇ ਸ੍ਰੀ ਜਸਕੀਰਤ ਸਿੰਘ ਦੇ ਧਿਆਨ ਵਿਚ ਲਿਆਂਦੇ ਗਏ ਸਨ। ਪ੍ਰੰਤੂ ਉਨ੍ਹਾਂ ਦੇ ਦੁਆਰਾ ਜੁਆਬ ਦਿੱਤੇ ਗਏ ਹਲ਼ਫ਼ੀਆ ਬਿਆਨਾਂ ਵਿਚ ਉਨ੍ਹਾਂ ਨੇ ਇਸ ਸੰਬਧੀ ਕੁਝ ਨਹੀਂ ਕਿਹਾ। ਕਮਿਸ਼ਨ ਨੇ ਸਰਵਸ੍ਰੀ ਜੀ.ਐਸ.ਘੁੰਮਣ ਅਤੇ ਜਸਕੀਰਤ ਸਿੰਘ ਦੀ ਕ੍ਰਮਵਾਰ ਪੀ ਡਬਲਿਊ 16 ਅਤੇ ਡੀ ਡਬਲਿਊ 14 ਵਜੋਂ ਜਾਂਚ ਪੜਤਾਲ ਕੀਤੀ ਅਤੇ ਇਥੋਂ ਤੱਕ ਉਨ੍ਹਾਂ ਨੇ ਆਪਣੇ ਬਿਆਨਾਂ ਵਿਚ ਹਰਨਾਮ ਸਿੰਘ ਤੇ ਪਿਆਰਾ ਸਿੰਘ ਦੁਆਰਾ ਦਰਸਾਈ ਗਈ ਘਟਨਾ ਬਾਰੇ ਕੁਝ ਨਹੀਂ ਕਿਹਾ।**

**ਇਸ ਦੀ ਬਜਾਏ ਨਕੋਦਰ ਦੇ ਉਥੋਂ ਦੇ ਐਸ. ਐਚ.ਓ. ਸ੍ਰੀ ਜਸਕੀਰਤ ਸਿੰਘ ਨੇ ਬਿਆਨ ਦਿੱਤਾ ਕਿ 2 ਫਰਵਰੀ ,1986 ਦੀ ਘਟਨਾ ਦੇ ਵਾਪਰਨ ਤੋਂ ਪਹਿਲਾਂ ਉਸ ਨੂੰ ਨਕੋਦਰ ਸ਼ਹਿਰ ਵਿਚ ਕਿਸੇ ਕਿਸਮ ਦੇ ਫਿਰਕੂ ਤਣਾਵ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਸ ਨੇ ਹੋਰ ਬਿਆਨ ਦਿੱਤਾ ਕਿ ਨਕੋਦਰ ਵਿਚ ਸ਼ਿਵ ਸੈਨਾ ਦੀ ਹੋਂਦ ਹੈ ਪਰ ਉਹ ਸਰਗਰਮ ਨਹੀਂ ਸੀ।**

**19. ਸ੍ਰੀ ਰਮੇਸ਼ ਚੋਪੜਾ ਉਰਫ਼ ਖਾਨ ਨੇ ਆਪਣੇ ਹਲ਼ਫ਼ੀਆ ਬਿਆਨ ਵਿਚ ਇਹ ਮੰਨਿਆਕਿ ਕਮਲ ਉਰਫ਼ ਮੌਥੂ ਅਤੇ ਪਰਮਿੰਦਰ ਸਿੰਘ ਜੋ ਕਿ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦਾ ਸਰਗਰਮ ਮੈਂਬਰ ਹੈ ਵਿਚਕਾਰ ਲੜਾਈ ਜ਼ਰੂਰ ਹੋਈ ਸੀ ਪ੍ਰੰਤੂ ਖੁਦ ਉਸ ਵਲੋਂ ਅਤੇ ਕੁਝ ਹੋਰ ਨਾਗਰਿਕਾਂ ਨੇ ਵਿਚ ਪੈ ਕੇ ਦੋਹਾਂ ਵਿਚਕਾਰ ਸਮਝੌਤਾ ਕਰਵਾ ਦਿੱਤਾ ਸੀ ਅਤੇ ਉਸ ਵਲੋਂ ਜਾਂ ਕਿਸੇ ਵੀ ਹੋਰ ਬੰਦੇ ਵਲੋਂ ਕੋਈ ਕਿਸੇ ਕਿਸਮ ਦੀ ਧਮਕੀ ਨਹੀਂ ਦਿੱਤੀ ਗਈ ਜਿਵੇਂਕਿ ਸ੍ਰੀ ਹਰਨਾਮ ਸਿੰਘ ਨੇ ਆਪਣੇ ਹਲ਼ਫ਼ੀਆ ਬਿਆਨ ਵਿੱਚ ਇਲਜ਼ਾਮ ਲਗਾਇਆ ਸੀ। ਸ੍ਰੀ ਰਮੇਸ਼ ਚੋਪੜਾ ਮੁਤਾਬਕ ਕਮਲ ਉਰਫ਼ ਮੌਥੂ ਨੂੰ ਪਰਮਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਕੁੱਟਿਆ ਸੀ। ਪ੍ਰੰਤੂ ਸਮਝੌਤਾ ਹੋ ਜਾਣ ਕਰਕੇ ਇਸ ਸੰਬਧੀ ਕਿਸੇ ਕਿਸਮ ਦੀ ਸ਼ਿਕਾਇਤ ਦਾਇਰ ਨਹੀਂ ਕਰਵਾਈ ਗਈ ਸੀ। ਉਸ ਨੇ ਅੱਗੇ ਚੱਲ ਕੇ ਆਪਣੇ ਹਲ਼ਫ਼ੀਆ ਬਿਆਨ ਵਿਚ ਇਹ ਕਿਹਾ ਕਿ ਜਦੋਂ ਸਮਝੌਤਾ ਕਰਾਇਆ ਜਾ ਰਿਹਾ ਸੀ ਉਸ ਨੇ ਕਮਲ ਮੌਥੂ ਦੀ ਤਰਫ਼ਦਾਰੀ ਕੀਤੀਸੀ ਅਤੇ ਇਸ ਕਰਕੇ ਸਰਬ ਭਾਰਤੀ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੈਂਬਰ ਗੁੱਸੇ ਵਿਚ ਆ ਅਤੇ ਅੰਦਰਖਾਤੇ ਸ੍ਰੀ ਪਿਆਰਾ ਸਿੰਘ ਤੇ ਹੋਰਾਂ ਨਾਲ ਮਿਲ ਕੇ ਉਸ ਦੇ ਖਿਲ਼ਾਫ਼ ਝੂਠੇ ਹਲ਼ਫ਼ੀਆ ਬਿਆਨ ਦਿੱਤੇ, ਕਿਉਂਕਿ ਹਰਨਾਮ ਸਿੰਘ ਅਤੇ ਪਿਆਰਾ ਸਿੰਘ ਉਹੀ ਬਿਜਨਸ ਕਰਦੇ ਹਨ ਜੋ ਉਹ ਕਰਦਾ ਹੈ ਇਸ ਲਈ ਉਨ੍ਹਾਂ ਦੀ ਬਹੁਤ ਪੁਰਾਣੀ ਪੇਸ਼ਾਵਰ ਦੁਸ਼ਮਣੀ ਹੈ। ਉਸ ਨੇ ਹੋਰ ਇਹ ਵੀ ਬਿਆਨ ਕੀਤਾ ਹੈ, ਇਹ ਸਾਰੇ ਮਨਘੜਤ ਅਤੇ ਬਾਅਦ ਵਿਚ ਘੜੇ ਗਏ ਹਨ।**

**20. ਸ੍ਰੀ ਸੁਖਚੈਨ ਸਿੰਘ ਗ੍ਰੰਥੀ ਦੇ ਹਲ਼ਫ਼ੀਆ ਬਿਆਨ ਵਿਚ ਇਹ ਦਰਜ ਹੈ ਕਿ ਉਸ ਨੂੰ ਲਗਦਾ ਹੈ ਕਿ ਕੁਝ ਸ਼ਰਾਰਤੀ ਅਤੇ ਸਮਾਜ ਵਿਰੋਧੀ ਅੰਸ਼ ਤੱਤਾਂ ਨੇ ਇਹ ਪਵਿੱਤਰ ਧਾਰਮਿਕ ਸਥਾਨ ਨੂੰ ਸ਼ਾਇਦ ਅੱਗ ਲਗਾਈ ਹੈ। ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ। ਸ੍ਰੀ ਜਸਵੀਰ ਸਿੰਘ ਪੁੱਤਰ ਦੌਲਤ ਸਿੰਘ ਨਿਵਾਸੀ ਨਕੋਦਰ ਨੇ ਆਪਣੇ ਹਲ਼ਫ਼ੀਆ ਬਿਆਨ ਵਿਚ ਕਿਹਾ ਕਿ ਅੱਗ ਦਾ ਕਾਰਨ ਕਿਸੇ ਦੀ ਸ਼ਰਾਰਤ ਜਾਪਦਾ ਹੈ ਅਤੇ ਇਹ ਕਿਹਾ ਕਿ ਇਤਫਾਕੀਆ ਨਹੀਂ ਕਿਉਂਕਿ ਗੁਰਦੁਆਰੇ ਦੀ ਇਮਾਰਤ ਦੀ ਸਥਿਤੀ ਇਸ ਤਰ੍ਹਾਂ ਦੀ ਹੈ। ਸ੍ਰੀ ਤਰਲੋਚਨ ਸਿੰਘ ਪੁੱਤਰ ਸ੍ਰੀ ਹਰਭਜਨ ਸਿੰਘ ਨੇ ਹੀ ਆਪਣੇ ਹਲ਼ਫ਼ੀਆ ਬਿਆਨ ਵਿਚ ਇਹ ਖੁਲਾਸਾ ਕੀਤਾ ਹੈ ਕਿ ਤੱਥਾਂ ਅਤੇ ਮੌਕੇ ਮੁਤਾਬਕ ਜੋ ਉਸ ਸਮੇਂ ਦੇਖਿਆ ਉਸ ਨੂੰ ਇਹ ਲਗਦਾ ਹੈ ਕਿ ਅੱਗ ਦਾ ਕਾਰਨ ਇਤਫਾਕੀਆ ਨਹੀਂ ਅਤੇ ਨਾ ਹੀ ਬਲਦੀ ਹੋਈ ਮੋਮਬੱਤੀ, ਬਲਦੀ ਹੋਈ ਅਗਰਬੱਤੀ ਅਤੇ ਧੂਫ ਦੇ ਕਾਰਨ ਲੱਗੀ ਹੈ। ਬਲਕਿ ਇਹ ਕਿਸੇ ਦੀ ਸ਼ਰਾਰਤ ਹੈ। ਸ੍ਰੀ ਸੁਖਚੈਨ ਸਿੰਘ ਗ੍ਰੰਥੀ ਨੇ ਆਪਣੇ ਹਲ਼ਫ਼ੀਆ ਬਿਆਨ ਵਿਚ ਇਹ ਬਿਆਨ ਦਿੱਤਾ ਕਿ ਉਹ ਗੁਰਦੁਆਰੇ ਵਿਚ ਇਕ ਗ੍ਰੰਥੀ ਵਜੋਂ ਪਿਛਲੇ ਛੇ ਸਾਲਾਂ ਤੋਂ ਕੰਮ ਕਰ ਰਿਹਾ ਹੈ ਅਤੇ ਉਸ ਨੇ ਆਪਣੇ ਇਸ ਸਮੇਂ ਦੌਰਾਨ ਗ੍ਰੰਥੀ ਵਲੋਂ ਕਦੇ ਵੀ 'ਸੁਖਆਸਣ ਕਮਰੇ' ਵਿਚ ਧੂ਼ਫ, ਅਗਰਬੱਤੀ ਜਾਂ ਮੋਮਬੱਤੀ ਨਹੀਂ ਜਲਾਈ।**

**21. ਸ੍ਰੀ ਹਰਨਾਮ ਸਿੰਘ ਨੇ ਆਪਣੇ ਹਲ਼ਫ਼ੀਆ ਬਿਆਨ ਵਿਚ ਇਹ ਬਿਆਨ ਦਿੱਤਾ ਕਿ ਇਹ ਉਸ ਦਾ ਅਤੇ ਬਾਕੀ ਆਮ ਸਿੱਖਾਂਦਾ ਇਹ ਸ਼ੱਕ ਹੈ ਕਿ ਸ੍ਰੀ ਰਮੇਸ਼ ਚੋਪੜਾ ਉਰਫ਼ ਖਾਨ, ਕਿਰਨਦੀਪ ਧੀਰ ਅਤੇ ਦੂਜੇ ਕਾਰਜਕਰਤਿਆਂ ਗੁਰਦੁਆਰਾ ਗੁਰੂ ਅਰਜਨ ਦੇਵ ਜੋ ਕਿ ਗੁਰੂ ਨਾਨਕਪੁਰਾ ਮੁਹੱਲਾ ਨਕੋਦਰ ਵਿਚ ਹੈ ਦੀਆਂ ਪਵਿਤਰ ਬੀੜਾਂ ਸਾੜਨ ਲਈ ਜਿੰਮੇਵਾਰ ਹਨ। ਜਿਨ੍ਹਾਂ ਵਿਅਕਤੀਆਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪਣੇ ਹਲ਼ਫ਼ੀਆ ਬਿਆਨ ਦਾਇਰ ਕੀਤੇ ਸਨ ਉਨ੍ਹਾਂ ਅਨੁਸਾਰ 2 ਫਰਵਰੀ,1986 ਨੂੰ ਜੋ ਪਵਿੱਤਰ ਬੀੜਾਂ ਗੁਰਦੁਆਰੇ ਵਿਚ ਸਾੜੀਆਂ ਗਈਆਂ ਉਨ੍ਹਾਂ ਦਾ ਕਾਰਨ ਉਨ੍ਹਾਂ ਘਟਨਾਵਾਂ ਨਾਲ ਹੈ ਜਿਹੜੀਆਂ ਕਿ ਪਰਮਿੰਦਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਅਤੇ ਕਮਲ ਉਰਫ਼ ਮੌਥੂ ਅਤੇ ਸ੍ਰੀ ਰਮੇਸ਼ ਚੋਪੜਾ, ਸ੍ਰੀ ਕਿਰਨਦੀਪ ਧੀਰ ਅਤੇ ਹੋਰ ਹਿੰਦੂ ਸ਼ਿਵ ਸੈਨਾ ਦੇ ਲੋਕ ਜਿਨ੍ਹਾਂ ਨੇ ਭੜਕਾਊ ਵਾਲੀ ਭਾਸ਼ਾ ਸਿੱਖਾਂ ਦੇ ਖਿਲਾਫ਼ ਵਰਤੀ ਅਤੇ ਬਦਲਾ ਲੈਣ ਦੀ ਧਮਕੀ ਦਿੱਤੀ, ਕਾਰਨ ਹੈ। ਸ੍ਰੀ ਪਰਮਿੰਦਰ ਸਿੰਘ ਸਰਬ ਭਾਰਤੀ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਮੈਂਬਰ ਹੈ ਅਤੇ ਸ੍ਰੀ ਕਮਲ ਉਰਫ਼ ਮੌਥੂ ਸੈਨਾ ਦਾ ਸਰਹਾਵਾ ਮੈਂਬਰ ਹੈ। ਇਸ ਤਰ੍ਹਾਂ ਪੰਜਾਬ ਦੇ ਚੱਲ ਰਹੇ ਹਾਲਾਤ ਮੁਤਾਬਕ ਇਹ ਲਗਦਾ ਹੈ ਕਿ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੂੰ ਇਹ ਸ਼ੱਕ ਹੈ ਕਿ ਸੁਖ-ਆਸਨ ਵਾਲੇ ਕਮਰੇ ਵਿਚ ਅੱਗ ਲਗਾਉਣੀ ਹਿੰਦੂ ਸ਼ਿਵ ਸੈਨਾ ਦੇ ਲੋਕਾਂ ਦੀ ਸ਼ਰਾਰਤ ਹੋ ਸਕਦੀ ਹੈ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦਾ ਕਿਆਸਾ ਲੈਣਾ ਕਮਿਸ਼ਨ ਦੇ ਰਿਕਾਰਡ ਕੀਤੀਆਂ ਗਵਾਹੀਆਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਸ੍ਰੀਮਤੀ ਗੁਰਦੀਪ ਕੌਰ ਪਤਨੀ ਸ੍ਰੀ ਸੁਖਚੈਨ ਸਿੰਘ ਜੋ ਕਿ ਗੁਰਦੁਆਰਾ ਗੁਰੂ ਅਰਜਨ ਦੇਵ ਮੁਹੱਲਾ ਗੁਰੂ ਨਾਨਕ ਦੇਵ ਜੀ ਦਾ ਸੀ ਦਾ ਗ੍ਰੰਥੀ ਹੈ ਨੇ ਜੋ ਐਫ.ਆਈ.ਆਰ.ਇਸ ਕੇਸ ਸੰਬੰਧੀ ਦਾਇਰ ਕਰਵਾਈ ਇਹ ਬਿਆਨ ਦਿੱਤਾ ਕਿ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਅੱਗ ਕਿਵੇਂ ਲੱਗੀ। ਮੈਂ ਜਦੋਂ 19 ਅਪ੍ਰੈਲ 1986 ਨੂੰ ਗੁਰਦੁਆਰੇ ਗਿਆ ਅਤੇ ਸ੍ਰੀਮਤੀ ਗੁਰਦੀਪ ਕੌਰ ਨੂੰ ਪੜਤਾਲਿਆ ਅਤੇ ਉਸ ਦੇ ਬਿਆਨਾਂ ਮੁਤਾਬਕ ਉਸਨੇ ਇਹ ਗੱਲ ਕਹੀ ਕਿ ਉਸ ਨੇ ਕਿਸੇ ਵੀ ਵਿਅਕਤੀ ਨੂੰ ਸੁਖਆਸਨ ਕਮਰੇ ਵਿਚ ਜਾਂਦਿਆਂ ਜਾਂ ਆਉਂਦਿਆਂ ਨਹੀਂ ਵੇਖਿਆ।**

# ਘਾਗ ਬਾਦਲ ਗ੍ਰਿਫ਼ਤਾਰੀ ਦੇ ਕੇ ਹੀਰੋ ਬਣਨ ਦੀ ਤਾਕ ਵਿਚ

**ਅੰਮ੍ਰਿਤਸਰ/ਏਟੀ ਨਿਊਜ਼ :** ਸਿਆਸੀ ਤੇ ਪੰਥਕ ਹਲਕਿਆਂ 'ਚ ਬਰਗਾੜੀ ਕਾਂਡ ਚਰਚਾ ਦਾ ਵਿਸ਼ਾ ਬਣ ਗਿਆ ਹੈ ਕਿ 'ਸਿੱਟ' ਅੱਗੇ ਪੇਸ਼ ਹੋਏ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦੀ ਪੇਸ਼ੀ ਬਾਅਦ ਬਾਦਲਾਂ ਵਿਰੁੱਧ ਅਗਲੀ



ਕਾਨੂੰਨੀ ਕਾਰਵਾਈ ਹੋਣੀ ਸੰਭਵ ਹੈ। 'ਸਿੱਟ' ਅਧਿਕਾਰੀਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਉਹ ਕਾਨੂੰਨ ਤੇ ਸਬੂਤਾਂ ਅਧਾਰਤ ਪਹਿਲਾਂ ਮੋਗਾ ਦੇ ਸਾਬਕਾ ਐਸਐਸਪੀ ਚਰਨਜੀਤ ਸਿੰਘ ਸ਼ਰਮਾ ਤੇ ਫਿਰ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫ਼ਤਾਰੀ ਕੀਤੀ ਗਈ। ਪੰਜਾਬ ਤੇ ਸਿੱਖ ਸਿਆਸਤ ਵਿਚ ਸਿੱਟ ਦੀਆਂ ਕਾਰਵਾਈਆਂ ਨੇ ਭੁਚਾਲ ਲੈ ਆਂਦਾ ਹੈ।

ਲੋਕ ਉਮੀਦਾਂ ਲਗਾ ਰਹੇ ਹਨ ਕਿ ਦੋ ਸਿੱਖ ਸ਼ਹੀਦਾਂ ਦੀ ਹੋਈ ਪੁਲਿਸ ਗੋਲੀ ਨਾਲ ਮੌਤ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀ ਸ਼ਿਕੰਜੇ ਵਿਚ ਆ ਰਹੇ ਹਨ, ਜੋ ਸਿਆਸੀ ਤੇ ਸਰਕਾਰੀ ਸ਼ਹਿ ਕਾਰਨ ਸੰਨ 2015 ਤੋਂ ਬਚਾਏ ਜਾ ਰਹੇ ਸਨ। ਇਸੇ ਵੇਲੇ ਬਾਦਲ ਪਰਿਵਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ। ਕਾਫ਼ੀ ਸਿਆਸੀ ਧਿਰਾਂ ਇਸ ਕਾਰਵਾਈ ਨੂੰ ਆ ਰਹੀਆਂ ਲੋਕ ਸਭਾ ਦੀਆਂ ਚੋਣਾਂ ਨਾਲ ਜੋੜ ਕੇ ਵੇਖ ਰਹੀਆਂ ਹਨ। ਸਿਆਸੀ ਪੰਡਿਤਾਂ ਮੁਤਾਬਕ ਪੰਜਾਬ ਸਰਕਾਰ ਖ਼ਾਸ ਕਰ ਕੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ, ਇਹ ਚਾਹੁੰਦੇ ਹਨ ਕਿ ਇਸ ਕੇਸ ਵਿਚ ਬਾਦਲਾਂ ਵਿਰੁਧ ਕਾਰਵਾਈ ਅਦਾਲਤ ਰਾਹੀਂ ਹੋਵੇ ਤਾਂ ਜੋ ਬਾਦਲ ਪਰਿਵਾਰ ਸਿਆਸੀ ਕਿੜਾਂ ਕੱਢਣ ਦੇ ਦੋਸ਼ ਨਾ ਲਾ ਸਕੇ। ਸਿਆਸੀ ਘਾਗ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿਚ ਪ੍ਰੈਸ ਕਾਨਫ਼ਰੰਸ ਕਰ ਕੇ ਕਿਹਾ ਕਿ ਮੈਂ ਖ਼ੁਦ ਹੀ ਪੁਲਿਸ ਅੱਗੇ ਪੇਸ਼ ਹੋ ਜਾਂਦਾ ਹਾਂ। ਇਸ ਸਬੰਧੀ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨਹੀਂ, ਪ੍ਰਕਾਸ਼ ਸਿੰਘ ਬਾਦਲ ਖ਼ੁਦ ਹੀ ਬਰਗਾੜੀ ਕਾਂਡ ਨੂੰ ਸਿਆਸਤ ਨਾਲ ਜੋੜ ਰਹੇ ਹਨ ਜਿਸ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸੁਚੇਤ ਹਨ।

ਜ਼ਿਕਰਯੋਗ ਹੈ ਕਿ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਿਚ ਦੋ ਸਿੱਖਾਂ ਦੀ ਬਾਦਲ ਰਾਜ ਸਮੇਂ ਪੁਲਿਸ ਗੋਲੀ ਨਾਲ ਹੋਈ ਮੌਤ ਸਬੰਧੀ ਸੰਘਰਸ਼ ਪਿਛਲੇ ਲੰਬੇ ਸਮੇਂ ਤੋਂ ਜਾਰੀ ਹੈ। ਜਾਪਦਾ ਹੈ ਕਿ ਪੰਜਾਬ ਦੇ ਹਾਕਮ ਬਾਦਲਾਂ ਨੂੰ ਜੇਲ੍ਹ ਅੰਦਰ ਭੇਜਣ ਲਈ ਅਦਾਲਤ ਰਾਹੀਂ ਕਾਰਵਾਈ ਨੂੰ ਹੀ ਤਰਜੀਹ ਦੇਣਗੇ ਤਾਂ ਜੋ ਪੁਲਿਸ ਗ੍ਰਿਫ਼ਤਾਰੀ ਨਾਲ ਉਹ ਹੀਰੋ ਨਾ ਬਣ ਸਕਣ, ਜੋ ਉਹ ਚਾਹੁੰਦੇ ਹਨ।

# ਬਹਿਬਲ ਗੋਲੀਕਾਂਡ : ਪੁਲਿਸ ਨੇ ਖ਼ੁਦ ਹੀ ਮਾਰੀਆਂ ਸਨ ਜਿਪਸੀ 'ਤੇ ਗੋਲੀਆਂ

**ਚੰਡੀਗੜ੍ਹ/ਏਟੀ ਨਿਊਜ਼ :**

ਅਕਾਲੀ-ਭਾਜਪਾ ਗਠਜੋੜ ਸਰਕਾਰ ਮੌਕੇ ਪੁਲਿਸ ਅਧਿਕਾਰੀਆਂ ਨੂੰ ਆਪਹੁਦਰੀਆਂ ਅਤੇ ਮਨਮਾਨੀਆਂ ਕਰਨ ਦੀ ਕਿੰਨੀ ਖੁੱਲ੍ਹ ਸੀ, ਇਸ ਦਾ ਅੰਦਾਜ਼ਾ 14 ਅਕਤੂਬਰ 2015 ਨੂੰ ਸ਼ਾਂਤਮਈ ਧਰਨੇ 'ਤੇ ਬੈਠੀਆਂ ਸੰਗਤਾਂ ਉਪਰ ਢਾਹੇ ਉਸ ਪੁਲਿਸੀਆ ਅਤਿਆਚਾਰ ਦੀ ਘਟਨਾ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ ਜਿਸ ਵਿਚ ਪੁਲਿਸ ਨੇ ਬੜੀ ਚਲਾਕੀ ਨਾਲ ਉਸ ਘਟਨਾ ਨੂੰ ਸੰਗਤਾਂ ਸਿਰ ਮੜ੍ਹਨ ਦੀਆਂ ਘਾੜਤਾਂ ਘੜੀਆਂ। ਹੁਣ ਪੁਲਿਸ ਨੂੰ ਹੱਥਾਂ ਨਾਲ ਦਿੱਤੀਆਂ ਗੰਢਾਂ ਮੂੰਹ ਨਾਲ ਖੋਲ੍ਹਣ ਲਈ ਮਜਬੂਰ ਹੋਣਾ ਪੈ ਰਿਹਾ ਹੈ।



ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਕਰ ਰਹੀ ਐਸਆਈਟੀ ਨੇ ਸਿੱਧ ਕਰ ਦਿਤਾ ਹੈ ਕਿ ਪੁਲਿਸ ਨੇ ਆਪਣੇ ਬਚਾਅ ਅਤੇ ਸੰਗਤਾਂ ਨੂੰ ਦੋਸ਼ੀ ਠਹਿਰਾਉਣ ਲਈ ਪੁਲਿਸ ਦੀ ਜਿਪਸੀ 'ਤੇ ਖ਼ੁਦ ਹੀ ਗੋਲੀਆਂ ਮਾਰੀਆਂ। ਹੁਣ ਇਸ ਸਾਜ਼ਸ਼ 'ਚ ਸ਼ਾਮਲ ਕੁਝ ਸਿਆਸਤਦਾਨਾਂ ਅਤੇ ਪੁਲਿਸ ਅਧਿਕਾਰੀਆਂ ਦੇ ਨੇੜਲੇ ਸਾਥੀਆਂ ਦੇ ਫਸਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਹਿਬਲ ਕਲਾਂ ਗੋਲੀਕਾਂਡ 'ਚ ਦੋ ਸਿੱਖ ਨੌਜਵਾਨਾਂ ਦੀ ਮੌਤ ਅਤੇ ਕਈਆਂ ਦੇ ਜ਼ਖ਼ਮੀ ਹੋਣ ਦੇ ਮਾਮਲੇ 'ਚ ਆਪਣਾ ਬਚਾਅ ਕਰਨ ਲਈ ਪੁਲਿਸ ਅਧਿਕਾਰੀਆਂ ਵਲੋਂ ਵਰਤੇ ਗਏ ਹੱਥਕੰਡਿਆਂ ਦੀ ਪੋਲ ਐਸਆਈਟੀ ਦੀ ਪੜਤਾਲ 'ਚ ਪਰਤ-ਦਰ-ਪਰਤ ਖੁੱਲ੍ਹ ਰਹੀ ਹੈ। ਜੇਕਰ ਸੂਤਰਾਂ ਦੀ ਮੰਨੀਏ ਤਾਂ ਐਸਆਈਟੀ ਨੇ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਦੀ ਪਾਇਲਟ ਜਿਪਸੀ 'ਤੇ ਗੋਲੀਬਾਰੀ ਕਰਨ ਦੇ ਮਾਮਲੇ ਨੂੰ ਲਗਭੱਗ ਸੁਲਝਾ ਲਿਆ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਜਿਪਸੀ 'ਤੇ ਫ਼ਰੀਦਕੋਟ-ਕੋਟਕਪੂਰਾ ਸੜਕ 'ਤੇ ਰਹਿਣ ਵਾਲੇ ਇਕ ਨਾਮੀ ਵਕੀਲ ਦੇ ਘਰ ਫ਼ਾਜ਼ਿਲਕਾ ਦੇ ਤਤਕਾਲੀਨ ਐਸ. ਪੀ. ਬਿਕਰਮਜੀਤ ਸਿੰਘ ਨੇ ਗੋਲੀਬਾਰੀ ਕੀਤੀ ਸੀ। ਜ਼ਿਕਰਯੋਗ ਹੈ ਕਿ ਉਕਤ ਐਸ.ਪੀ. ਵੀ ਉਕਤ ਮਾਮਲੇ 'ਚ ਮੁਲਜ਼ਮ ਹੈ ਅਤੇ 21 ਮਈ ਤਕ ਅੰਤਰਮ ਜ਼ਮਾਨਤ 'ਤੇ ਹੈ। ਜਿਪਸੀ 'ਤੇ ਗੋਲੀਬਾਰੀ ਕਰਨ ਲਈ ਕਾਰ ਡੀਲਰ ਪੰਕਜ ਕੁਮਾਰ ਦੇ ਨਿਜੀ ਗੰਨਮੈਨ ਚਰਨਜੀਤ ਸਿੰਘ ਦੀ 12 ਬੋਰ ਬੰਦੂਕ ਦੀ ਵਰਤੋਂ ਕੀਤੀ ਗਈ।

ਐਸਆਈਟੀ ਨੇ ਉਕਤ ਬੰਦੂਕ ਵੀ ਬਰਾਮਦ ਕਰ ਲਈ ਹੈ। ਮਾਮਲੇ ਦੀ ਜਾਂਚ ਪ੍ਰਕਿਰਿਆ ਦੇ ਚਲਦੇ ਐਸਆਈਟੀ ਨੇ ਉਕਤ ਵਕੀਲ ਦੇ ਭਰਾ ਸੁਹੇਲ ਸਿੰਘ ਬਰਾੜ, ਕਾਰ ਡੀਲਰ ਦੇ ਕਰਿੰਦੇ ਅਤੇ ਉਸ ਦੇ ਨਿਜੀ ਗੰਨਮੈਨ ਦੇ ਬਿਆਨ ਧਾਰਾ 174 ਤਹਿਤ ਜੇ.ਐਮ.ਆਈ.ਸੀ. ਚੇਤਨ ਸ਼ਰਮਾ ਦੀ ਅਦਾਲਤ 'ਚ ਦਰਜ ਕਰਵਾਏ ਹਨ।

ਸਪੱਸ਼ਟ ਹੋ ਗਿਆ ਹੈ ਕਿ ਬਹਿਬਲ ਕਲਾਂ ਗੋਲੀਕਾਂਡ ਸਮੇਂ ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਅਪਣੇ ਬਚਾਅ ਲਈ ਝੂਠੀ ਕਹਾਣੀ ਘੜ ਲਈ, ਜਿਸ ਤਹਿਤ ਦਾਅਵਾ ਕੀਤਾ ਗਿਆ ਸੀ ਕਿ ਜਦੋਂ ਪੁਲਿਸ ਵਲੋਂ ਧਰਨਾਕਾਰੀਆਂ ਨੂੰ ਸਮਝਾਇਆ ਜਾ ਰਿਹਾ ਸੀ, ਤਾਂ ਉਸ ਸਮੇਂ ਮੋਗਾ ਦੇ ਤਤਕਾਲੀਨ ਐਸਐਸਪੀ ਚਰਨਜੀਤ ਸ਼ਰਮਾ ਦੀ ਪਾਇਲਟ ਜਿਪਸੀ 'ਤੇ ਗੋਲੀਬਾਰੀ ਹੋਈ ਸੀ ਅਤੇ ਪੁਲਿਸ ਨੂੰ ਅਪਣੇ ਬਚਾਅ ਲਈ ਗੋਲੀਆਂ ਚਲਾਉਣੀਆਂ ਪਈਆਂ। ਉਕਤ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਨੇ ਹੁਣ ਡੂੰਘਾਈ ਨਾਲ ਪੜਤਾਲ ਕੀਤੀ ਤਾਂ ਸਾਹਮਣੇ ਆਇਆ ਕਿ ਜਿਪਸੀ 'ਤੇ ਗੋਲੀਬਾਰੀ ਖ਼ੁਦ ਪੁਲਿਸ ਅਧਿਕਾਰੀਆਂ ਨੇ ਹੀ ਕੀਤੀ ਸੀ। ਜ਼ਿਕਰਯੋਗ ਹੈ ਕਿ ਪਹਿਲਾਂ ਐਸਆਈਟੀ ਉਕਤ ਮਾਮਲੇ ਦੀ ਹੋਰ ਕਈ ਪੱਖਾਂ ਅਤੇ ਪਹਿਲੂਆਂ ਤੋਂ ਜਾਂਚ ਕਰਦੀ ਰਹੀ ਪਰ ਜਦੋਂ ਜਾਂਚ ਦੌਰਾਨ ਉਕਤ ਜਿਪਸੀ ਦੇ ਡਰਾਈਵਰ ਗੁਰਨਾਮ ਸਿੰਘ ਨੇ ਬਿਆਨ ਦਰਜ ਕਰਵਾਇਆ ਕਿ ਉਸ ਦਿਨ ਘਟਨਾ ਸਥਾਨ 'ਤੇ ਜਿਪਸੀ 'ਤੇ ਕੋਈ ਗੋਲੀਬਾਰੀ ਨਹੀਂ ਹੋਈ ਤਾਂ ਮਾਮਲਾ ਕਾਫ਼ੀ ਹੱਦ ਤਕ ਸਮਝ ਆ ਗਿਆ। ਜਿਪਸੀ 'ਤੇ ਹੋਈ ਗੋਲੀਬਾਰੀ ਦੇ ਮਾਮਲੇ 'ਚ ਐਸਐਸਪੀ ਚਰਨਜੀਤ ਅਤੇ ਐਸ.ਪੀ. ਬਿਕਰਮਜੀਤ ਸਿੰਘ ਦੇ ਕਰੀਬੀਆਂ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਗੋਲੀਕਾਂਡ ਵਾਲੇ ਦਿਨ ਹੀ ਸ਼ਾਮ ਦੇ ਸਮੇਂ ਐਸ. ਪੀ. ਬਿਕਰਮਜੀਤ ਸਿੰਘ ਖ਼ੁਦ ਉਕਤ ਪਾਇਲਟ ਜਿਪਸੀ ਨੂੰ ਲੈ ਕੇ ਫ਼ਰੀਦਕੋਟ 'ਚ ਇਕ ਵਕੀਲ ਦੇ ਘਰ ਗਿਆ ਅਤੇ ਉੱਥੇ ਉਸ ਨੇ ਕਾਰ ਡੀਲਰ ਦੇ ਕਰਿੰਦੇ ਤੋਂ ਡੀਲਰ ਦੇ ਨਿੱਜੀ ਗੰਨਮੈਨ ਚਰਨਜੀਤ ਸਿੰਘ ਦੀ ਬੰਦੂਕ ਮੰਗਵਾਈ, ਜਿਸ ਨਾਲ ਜਿਪਸੀ 'ਤੇ ਗੋਲੀਬੀਰ ਕੀਤੀ ਗਈ।

ਉਧਰ ਐਸਆਈਟੀ ਦੀ ਪੜਤਾਲ 'ਚ ਸਾਹਮਣੇ ਆਇਆ ਹੈ ਕਿ ਬਹਿਬਲ ਕਲਾਂ ਗੋਲੀਕਾਂਡ 'ਚ ਗੰਭੀਰ ਜ਼ਖ਼ਮੀ ਹੋਏ ਬੇਅੰਤ ਸਿੰਘ ਨੂੰ ਏ.ਕੇ. 47 ਰਾਈਫ਼ਲ ਦੀ ਗੋਲੀ ਲੱਗੀ ਸੀ। ਬੇਅੰਤ ਸਿੰਘ ਨੇ ਐਸਆਈਟੀ ਨੂੰ ਦਿਤੇ ਬਿਆਨਾਂ ਰਾਹੀਂ ਦਸਿਆ ਕਿ ਉਸ ਨੂੰ ਇੰਸਪੈਕਟਰ ਪ੍ਰਦੀਪ ਸਿੰਘ ਵਲੋਂ ਗੋਲੀ ਮਾਰੀ ਗਈ ਸੀ, ਜਦਕਿ ਇੰਸਪੈਕਟਰ ਪ੍ਰਦੀਪ ਸਿੰਘ ਦਾ ਕਹਿਣਾ ਹੈ ਕਿ ਉਸ ਕੋਲ ਤਾਂ ਵਿਭਾਗ ਦਾ ਪੁਆਇੰਟ 9 ਐਮਐਮ ਦਾ ਪਿਸਤੌਲ ਸੀ ਜਿਸ ਵਿਚੋਂ ਗੋਲੀ ਚੱਲੀ ਹੀ ਨਹੀਂ। ਹੁਣ ਇਸ ਮਾਮਲੇ ਦੀ ਵੀ ਐਸਆਈਟੀ ਨੇ ਡੂੰਘਾਈ ਨਾਲ ਜਾਂਚ ਕਰਨੀ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਜੋਸ਼ੋ-ਖਰੋਸ਼ ਨਾਲ ਮਨਾਇਆ

**ਨਿਊਯਾਰਕ/ਰਾਜ ਗੋਗਨਾ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ 20 ਸਦੀ ਦੇ ਮਹਾਨ ਸਿੱਖ ਸੰਤ ਸਿਪਾਹੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਦਾ ਜਨਮ ਦਿਹਾੜਾ 17 ਫ਼ਰਵਰੀ ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਆਈਆਂ ਸੰਗਤਾਂ ਨੂੰ ਗੁਰੂ ਕੇ ਕੀਰਤਨੀ ਜਥਿਆਂ ਤੇ ਕਥਾ ਵਾਚਕਾਂ ਨੇ ਗੁਰਬਾਣੀ ਕਥਾ-ਕੀਰਤਨ ਰਾਹੀਂ ਨਿਹਾਲ ਕੀਤਾ ਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਦੀ ਸੋਚ ਬਾਰੇ ਜਾਣੂੰ ਕਰਵਾਇਆ। ਬੁਲਾਰਿਆਂ ਨੇ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਚਲਾਏ ਅਜ਼ਾਦੀ ਦੇ ਸੰਘਰਸ਼ ਤੇ ਖਾਲਿਸਤਾਨ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਚੀਫ ਸਪੋਕਸਮੈਨ ਤੇ ਮੀਡੀਆ ਅਡਵਾਇਜਰ ਸਰਬਜੀਤ ਸਿੰਘ ਨੇ ਮੌਜੂਦਾ ਖਾਲਿਸਤਾਨ ਦੇ ਚੱਲ ਰਹੇ




ਸੰਘਰਸ਼ ਨੂੰ ਸਾਰੇ ਭਾਰਤ ਦੇ ਮੂਲ ਨਿਵਾਸੀ SC ST OBC ਆਦਿ ਘੱਟ ਗਿਣਤੀ ਕੌਮਾਂ, ਮੁਸਲਮਾਨਾਂ, ਬੋਧੀਆਂ, ਇਸਾਈਆਂ, ਲਿੰਗਾਇਤਾ ਜੋ ਕਿ ਸਾਰੇ ਭਾਰਤ ਦੇ 85% ਲੋਕ ਹਨ, ਦੀ ਹਮਾਇਤ ਪ੍ਰਾਪਤ ਕਰਕੇ ਘੱਟਗਿਣਤੀ ਤੋਂ ਬਹੁਗਿਣਤੀ ਬਣ ਕੇ ਸਿੱਖ ਕੌਮ ਦੀ ਅਜ਼ਾਦੀ ਵੱਲ ਅੱਗੇ ਵਧਣ ਲਈ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਸਿੱਖ ਕੌਮ ਦੇ ਮਹਾਨ ਵਿਦਵਾਨ ਅਤੇ ਦੂਰਅੰਦੇਸ਼ੀ ਸੋਚ ਦੇ ਮਾਲਕ ਡਾਕਟਰ ਅਮਰਜੀਤ ਸਿੰਘ (TV HD ) ਨੇ ਭਾਰਤ ਦੇ ਮੌਜੂਦਾ ਹਾਲਾਤ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬ ਵਿਚ ਪਿਛਲੇ ਦਿਨੀਂ ਬ੍ਰਾਹਮਣਵਾਦੀ ਵਰਮਾ ਜੱਜ ਵੱਲੋਂ ਤਿੰਨ ਬੇਕਸੂਰ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੇਣ ਦੇ ਫ਼ੈਸਲੇ ਨੂੰ ਮਨੁੱਖੀ ਹੱਕਾਂ ਦਾ ਕਤਲ ਤੇ ਸਿੱਖਾਂ ਨੂੰ ਵਾਰ ਵਾਰ ਭਾਰਤ ਸਰਕਾਰ ਵੱਲੋਂ ਗੁਲਾਮੀ ਦਾ ਅਹਿਸਾਸ ਕਰਵਾਉਣਾ ਦੱਸਿਆਂ। ਇਸ ਦੇ ਨਾਲ ਹੀ ਉਨ੍ਹਾਂ ਬੇਕਸੂਰ ਕਸ਼ਮੀਰੀਆਂ ਦੀ, ਜਿਸ ਤਰਾਂ ਜੰਮੂ ਦੇ ਸਿੱਖਾਂ ਨੇ ਡਟਕੇ ਮਦਦ ਕੀਤੀ ਹੈ, ਉਸੇ ਤਰ੍ਹਾਂ ਪੰਜਾਬ ਦੇ ਸਿੱਖਾਂ ਨੂੰ ਬੇਕਸੂਰ ਕਸ਼ਮੀਰੀਆਂ ਦੀ ਹਰ ਤਰਾਂ ਨਾਲ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਹਿੰਦੂਤਵਾ ਤਾਕਤਾਂ ਤੋਂ ਸਾਵਧਾਨ ਹੋਣ ਲਈ ਕਿਹਾ। ਕਨੇਡਾ ਤੋਂ ਉਚੇਚੇ ਤੌਰ 'ਤੇ ਆਏ ਪਰਮਿੰਦਰ ਸਿੰਘ ਪਾਂਗਲੀ ਵੱਲੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਵਾਲਿਆਂ ਦੇ ਜਨਮ ਦਿਨ ਨੂੰ ਸਰਦਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਮਨਾਉਣ ਦੀ ਸ਼ੁਰੂਆਤ ਕਰਨ ਦੀ ਸਾਰੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸ ਤਰਾਂ ਉਸ ਸਮੇਂ 200 ਦੇ ਕਰੀਬ ਪਾਰਟੀ ਦੇ ਵਰਕਰਾਂ ਨੇ ਸੰਤਾਂ ਦਾ ਜਨਮ ਦਿਨ ਮਨਾਇਆ ਸੀ। ਸਰਕਾਰ ਵੱਲੋਂ ਉਹਨਾਂ ਉਤੇ ਜਬਰ ਜ਼ੁਲਮ ਦੇ ਝੂਠੇ ਪਰਚੇ ਦਰਜ ਹੋਏ ਤੇ ਅੱਜ ਸੰਤਾਂ ਦਾ ਜਨਮ ਦਿਨ ਹਰ ਸਾਲ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ 12 ਫ਼ਰਵਰੀ ਨੂੰ ਲੱਖਾਂ ਦੀ ਤਦਾਦ ਵਿਚ ਇਕੱਠੇ ਹੋ ਕੇ ਮਨਾਇਆ ਜਾਂਦਾ ਹੈ, ਜੋ ਕਿ ਸਰਦਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਇਕ ਬਹੁਤ ਵੱਡੀ ਦੇਣ ਹੈ। ਖਾਲਿਸਤਾਨ ਸੰਘਰਸ਼ ਬਾਬਤ ਬੋਲਦਿਆਂ ਉਨ੍ਹਾਂ ਸੰਨ 1947 ਤੋਂ ਹੁਣ ਤੱਕ ਜੋ ਸਿੱਖਾਂ ਉਤੇ ਜ਼ੁਲਮ ਹੋਏ ਹਨ, ਦੀ ਸਾਰੀ ਗਾਥਾ ਇਤਿਹਾਸਿਕ ਤੱਥਾਂ ਉਤੇ ਆਧਾਰਿਤ ਪੇਸ਼ ਕੀਤੀ। ਯੂਥ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੱਲੋਂ ਪ੍ਰਧਾਨ ਅਮਨਦੀਪ ਸਿੰਘ, ਅਮਰਜੀਤ ਸਿੰਘ, ਬਾਬਾ ਬਲਜੀਤ ਸਿੰਘ, ਸੁਖਵਿੰਦਰ ਸਿੰਘ, ਦਲਜੀਤ ਸਿੰਘ, ਸਤਪਾਲ ਸਿੰਘ, ਕਰਨਜੋਤ ਸਿੰਘ, ਸ਼ਮਸ਼ੇਰ ਸਿੰਘ, ਨਰਿੰਦਰ ਸਿੰਘ ਦੇ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚੇਚੇ ਤੌਰ 'ਤੇ ਸ਼ਹੀਦ ਪਰਿਵਾਰਾਂ ਤੇ ਖਾਲਿਸਤਾਨੀ ਜਥੇਬੰਦੀਆਂ ਦਾ ਸਨਮਾਨ ਕੀਤਾ। ਯੂਥ ਅਕਾਲੀ ਦਲ ਅੰਮ੍ਰਿਤਸਰ ਨਿਊਯਾਰਕ ਦੀ ਸਾਰੀ ਟੀਮ ਨੇ ਸ੍ਰੀ ਅਖੰਡ ਪਾਠ ਸਾਹਿਬ ਤੋਂ ਲੈ ਕੇ ਗੁਰੂ ਕੇ ਲੰਗਰਾਂ ਤੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਤਕ ਪੂਰੀ ਜ਼ਿੰਮੇਦਾਰੀ ਨਿਭਾਈ। ਉਨ੍ਹਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਦਾ ਜਨਮ ਦਿਨ ਮਨਾ ਕੇ ਖਾਲਿਸਤਾਨ ਦੇ ਸ਼ੰਘਰਸ਼ ਲਈ ਆਪਣਾ ਸੰਕਲਪ ਦੁਹਰਾਉਂਦਿਆਂ ਅੰਤਿਮ ਦਮ ਤਕ ਖਾਲਿਸਤਾਨ ਦੀ ਪ੍ਰਾਪਤੀ ਤਕ ਸ਼ੰਘਰਸ਼ ਲੜਨ ਲਈ ਆਪਣੀ ਵਚਨਬੱਧਤਾ ਵੀ ਪ੍ਰਗਟ ਕੀਤੀ।


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਬੇਅਦਬੀ ਕਾਂਡ : ਸਿੱਟ ਨੇ ਰਿੜਕਿਆ ਸਾਬਕਾ ਡੀਜੀਪੀ ਸੈਣੀ

- **ਤਿੰਨ ਹੋਰ ਪੁਲੀਸ ਅਫ਼ਸਰ ਵੀ ਜਾਂਚ ਦੇ ਘੇਰੇ ਵਿਚ**
- **ਸੈਣੀ ਤੋਂ ਬਾਅਦ ਬਾਦਲਾਂ ਦੀ ਵਾਰੀ ਦੀਆਂ ਸਰਗੋਸ਼ੀਆਂ**
- **ਸਿੱਟ ਨੇ ਕੀਤਾ ਦਾਅਵਾ, ਸੀਸੀਟੀਵੀ ਫੁਟੇਜ ਨਾਲ ਹੋਈ ਛੇੜਛਾੜ**

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਸਰਕਾਰ ਵੱਲੋਂ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਅਤੇ ਇਸ ਦੇ ਨਾਲ ਹੀ ਜੁੜੇ ਕੋਟਕਪੂਰਾ ਅਤੇ ਬਹਿਬਲ ਕਲਾਂ ਪੁਲੀਸ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ ਵੱਲੋਂ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਸਮੇਤ ਤਿੰਨ ਹੋਰਨਾਂ ਸੀਨੀਅਰ ਪੁਲੀਸ ਅਧਿਕਾਰੀਆਂ ਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ, ਆਈਜੀ ਅਮਰ ਸਿੰਘ ਚਾਹਲ ਅਤੇ ਡੀਆਈਜੀ ਰਣਬੀਰ ਸਿੰਘ ਖੱਟੜਾ ਤੋਂ ਪੁੱਛਗਿੱਛ ਕੀਤੀ ਗਈ। ਸੂਤਰਾਂ ਦਾ ਦੱਸਣਾ ਹੈ ਕਿ ਸਿੱਟ ਨਾਲ ਸਬੰਧਤ ਪੁਲੀਸ ਅਧਿਕਾਰੀਆਂ ਵਧੀਕ ਡੀਜੀਪੀ ਪ੍ਰਬੋਧ ਕੁਮਾਰ, ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪੁੱਛਗਿੱਛ ਕੀਤੀ। ਪਤਾ ਲੱਗਾ ਹੈ ਕਿ ਸਿੱਟ ਵੱਲੋ ਸੈਣੀ ਤੋਂ ਕੋਟਕਪੂਰਾ ਪੁਲੀਸ ਗੋਲੀ ਕਾਂਡ ਨਾਲ ਸਬੰਧਿਤ ਸਵਾਲ ਪੁੱਛੇ ਗਏ ਪਰ ਸੈਣੀ ਨੇ ਪੁੱਛਗਿੱਛ ਦੌਰਾਨ ਕੋਈ ਵੱਡਾ ਖੁਲਾਸਾ ਨਹੀਂ ਕੀਤਾ।

**ਬੁੱਚੜ ਵੱਜੋਂ ਮਸ਼ਹੂਰ ਕੇਪੀ ਗਿੱਲ ਦਾ ਚਹੇਤਾ ਰਿਹਾ ਸੁਮੇਧ ਸੈਣੀ :** ਪੰਜਾਬ ਪੁਲਿਸ ਦਾ ਸਾਬਕਾ ਮੁਖੀ ਸੁਮੇਧ ਸੈਣੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਸਾਬਕਾ ਡੀਜੀਪੀ ਕੇਪੀਐਸ ਗਿੱਲ ਦਾ ਖਾਸ ਚਹੇਤਾ ਰਿਹਾ ਹੈ। ਅਗਸਤ 1991 ਵਿਚ ਸੈਣੀ ਚੰਡੀਗੜ੍ਹ ਦਾ ਐੱਸਐੱਸਪੀ ਸੀ, ਉਸ ਦੌਰਾਨ ਉਨ੍ਹਾਂ ਉੱਤੇ ਖਾੜਕੂਆਂ ਨੇ ਜਾਨਲੇਵਾ ਹਮਲਾ ਕੀਤਾ ਸੀ। ਇਸ ਹਮਲੇ ਵਿਚ ਸੁਮੇਧ ਤਾਂ ਬਚ ਗਿਆ ਪਰ ਤਿੰਨ ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋ ਗਈ ਸੀ। ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਖੁਰਦ-ਬੁਰਦ ਕਰਨ ਦਾ ਸੀਬੀਆਈ ਕੇਸ ਵੀ ਲੰਬਾ ਸਮਾਂ ਚੱਲਿਆ। ਵਿਨੋਦ ਦੀ ਮਾਂ ਨੇ ਸੁਮੇਧ ਖਿਲਾਫ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਹੋ ਗਈ। ਸਾਲ 1994 ਤੋਂ ਜਾਰੀ ਅਦਾਲਤੀ ਕਾਰਵਾਈ ਅਜੇ ਵੀ ਜਾਰੀ ਹੈ। ਅਕਾਲੀ-ਭਾਜਪਾ ਸਰਕਾਰ ਦੇ ਦੂਸਰੇ ਕਾਰਜਕਾਲ ਤੋਂ ਬਾਅਦ ਸੁਮੇਧ ਤੇ ਕੈਪਟਨ ਦੇ ਰਿਸ਼ਤਿਆਂ ਦੀ ਵਿਚ ਖਟਾਸ ਲਗਾਤਾਰ ਵਧਦੀ ਹੀ ਗਈ। ਚੰਡੀਗੜ੍ਹ ਵਿਚ ਉਹ ਫੌਜ ਦੇ ਲੈਫਟੀਨੈਂਟ ਕਰਨਲ ਦੇ ਥੱਪੜ ਮਾਰਨ ਤੇ ਬਠਿੰਡਾ ਵਿਚ ਐੱਸਐੱਸਪੀ ਰਹਿੰਦਿਆਂ ਡਿਪਟੀ ਕਮਿਸ਼ਨਰ ਦੀ ਪਾਰਟੀ ਵਿਚ ਇਕ ਇੰਜਨੀਅਰ ਨਾਲ ਖਿੱਚਧੂਹ ਕਰਨ ਕਰਕੇ ਵੀ ਵਿਵਾਦਾਂ ਵਿਚ ਰਿਹਾ। ਰਵੀ ਸਿੱਧੂ ਮਾਮਲੇ ਸਣੇ ਕਈ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਅੰਜ਼ਾਮ ਤੱਕ ਪਹੁੰਚਾਉਣ ਵਾਲੇ ਕੇਸਾਂ ਦੀ ਜਾਂਚ ਲਈ ਸੈਣੀ ਨੂੰ ਵਾਹ-ਵਾਹੀ ਵੀ ਮਿਲੀ। ਸਾਬਕਾ ਪੁਲੀਸ ਮੁਖੀ ਗਿੱਲ ਅਤੇ ਸੁਮੇਧ ਸੈਣੀ ਸਰਕਾਰ ਦੀ ਗੋਲੀ ਬਦਲੇ ਗੋਲੀ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰਾਂ ਵਿੱਚੋਂ ਸਨ। ਬੇਅਦਬੀ ਮਾਮਲਿਆਂ ਦੀ ਜਾਂਚ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਕੀਤੀ। ਉਨ੍ਹਾਂ ਵੱਲੋਂ ਆਪਣੀ ਵਿਸਤਰਿਤ ਰਿਪੋਰਟ ਸਰਕਾਰ ਨੂੰ ਜਮ੍ਹਾਂ ਕਰਵਾਉਣ ਤੋਂ ਬਾਅਦ ਕੈਪਟਨ ਸਰਕਾਰ ਨੇ ਮਾਮਲਾ ਐੱਸਆਈਟੀ ਦੇ ਹਵਾਲੇ ਕਰ ਦਿੱਤਾ।

ਸੰਨ 2007 ਤੋਂ ਬਆਦ ਉਹ ਅਕਾਲੀ ਦਲ ਦੀ 10 ਸਾਲ ਦੀ ਸੱਤਾ ਦੌਰਾਨ ਅਹਿਮ ਭੂਮਿਕਾ ਵਿਚ ਰਿਹਾ। ਅਕਾਲੀ ਭਾਜਪਾ ਸਰਕਾਰ ਦੌਰਾਨ ਹੀ ਉਹ ਸਾਲ 2012 ਤੋਂ 20 15 ਤੱਕ ਪੰਜਾਬ ਪੁਲਿਸ ਦਾ ਮੁਖੀ ਰਿਹਾ। ਸੰਨ 2009 ਵਿਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਟੀਐੱਸ ਠਾਕੁਰ ਨੇ ਸੈਣੀ 'ਤੇ ਪੰਜਾਬ ਹਾਈਕੋਰਟ ਦੇ ਜੱਜਾਂ ਦੇ ਫੋਨ ਟੈਪ ਕਰਨ ਦਾ ਇਲਜ਼ਾਮ ਲਾਇਆ। ਸੈਣੀ, ਕੈਪਟਨ ਦੇ ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਦੇ ਭਰੋਸੇਯੋਗ ਅਫ਼ਸਰ ਸਨ। ਅਕਾਲੀ ਸਰਕਾਰ ਦੌਰਾਨ ਕੈਪਟਨ 'ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ। ਇਸ ਮਗਰੋਂ ਇਹ ਰਿਸ਼ਤੇ ਨਿੱਘਰਦੇ ਹੀ ਚਲੇ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦਾ ਮੁਖੀ (2007-12) ਸੀ। ਕੈਪਟਨ ਸਰਕਾਰ ਆਉਣ ਤੋਂ ਬਾਅਦ ਸਿਟੀ ਸੈਂਟਰ ਘੋਟਾਲਾ ਮਾਮਲੇ ਵਿਚ ਕਲੋਜ਼ਰ ਰਿਪੋਰਟ ਜਮ੍ਹਾਂ

**ਬਾਕੀ ਸਫ਼ਾ 29 'ਤੇ**



## ਉਮਰਾਨੰਗਲ ਦਾ ਰਾਹ ਦਸੇਰਾ ਸੈਣੀ

ਸੈਣੀ ਦੇ ਚਹੇਤੇ ਉਮਰਾਨੰਗਲ ਨੇ 14 ਅਕਤੂਬਰ, 2015 ਨੂੰ, ਜਿਸ ਦਿਨ ਪੁਲਿਸ ਨੇ ਕੋਟਕਪੂਰਾ ਵਿਚ ਸ਼ਾਂਤਮਈ ਸਿੱਖਾਂ ਉੱਤੇ ਗੋਲੀਆਂ ਚਲਾਈਆਂ ਸਨ; ਤਦ ਉਮਰਾਨੰਗਲ ਨੂੰ ਹਾਲਾਤ ਨਾਲ ਨਿਪਟਣ ਲਈ ਕੋਟਕਪੂਰਾ ਭੇਜਿਆ ਗਿਆ ਸੀ। ਤਦ ਉਹ ਲੁਧਿਆਣਾ ਦੇ ਕਮਿਸ਼ਨਰ ਸਨ ਤੇ ਉਸੇ ਦਿਨ ਪੁਲਿਸ ਨੇ ਸਿੱਖਾਂ ਉੱਤੇ ਲਾਠੀਚਾਰਜ ਕੀਤਾ ਸੀ। ਭਾਵੇਂ ਵਿਸ਼ੇਸ਼ ਜਾਂਚ ਟੀਮ ਦਾ ਦਾਅਵਾ ਹੈ ਕਿ ਉਸ ਦਿਨ ਕੋਟਕਪੂਰਾ ਵਿਖੇ ਪੁਲਿਸ ਦੀ ਕਮਾਂਡ ਉਮਰਾਨੰਗਲ ਕੋਲ ਸੀ ਤੇ ਉਨ੍ਹਾਂ ਨੇ ਹੀ ਸ਼ਾਂਤੀਪੂਰਨ ਰੋਸ ਮੁਜ਼ਾਹਰਾਕਾਰੀਆਂ ਵਿਰੁੱਧ ਕਾਰਵਾਈ ਦੇ ਹੁਕਮ ਦਿੱਤੇ ਸਨ।

## ਉਮਰਾਨੰਗਲ ਬੁਰੀ ਤਰ੍ਹਾਂ ਫਸਿਆ

ਪਰਮਰਾਜ ਸਿੰਘ ਉਮਰਾਨੰਗਲ ਦਾ ਵਿਵਾਦਾਂ ਨਾਲ ਪੁਰਾਣਾ ਨਾਤਾ ਰਿਹਾ ਹੈ। ਹੁਣ ਉਨ੍ਹਾਂ ਨੂੰ ਅਕਤੂਬਰ 2015 ਦੌਰਾਨ ਕੋਟਕਪੂਰਾ ਗੋਲੀਕਾਂਡ ਨਾਲ ਸਬੰਧਤ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਗ੍ਰਿਫ਼ਤਾਰ ਕੀਤਾ ਹੈ। ਅਦਾਲਤ ਨੇ ਉਨ੍ਹਾਂ ਨੂੰ 14 ਦਿਨ ਲਈ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਪਰਮਰਾਜ ਸਿੰਘ ਆਪਣੇ ਸਮੇਂ ਦੇ ਖ਼ਾਲਿਸਤਾਨ-ਵਿਰੋਧੀ ਅਕਾਲੀ ਆਗੂ ਸਵਰਗੀ ਜੀਵਨ ਸਿੰਘ ਉਮਰਾਨੰਗਲ ਦੇ ਪੋਤਰੇ ਹਨ। ਸੰਨ 1987 ਵਿਚ ਜਦੋਂ ਖਾੜਕੂਆਂ ਨੇ ਉਸ ਦੇ ਪਿਤਾ ਸੁਖਦੇਵ ਸਿੰਘ ਨੂੰ ਕਤਲ ਕਰ ਦਿੱਤਾ ਸੀ, ਤਦ ਪੰਜਾਬ ਸਰਕਾਰ ਨੇ ਪਰਮਰਾਜ ਸਿੰਘ ਉਮਰਾਨੰਗਲ ਨੂੰ ਸਿੱਧਾ ਡੀਐੱਸਪੀ ਭਰਤੀ ਕੀਤਾ ਸੀ। ਉਮਰਾਨੰਗਲ ਅਪਰਾਧੀ ਕਿਸਮ ਦਾ ਅਫ਼ਸਰ ਗਿਣਿਆਂ ਜਾਂਦਾ ਹੈ। ਕੇਪੀਐਸ ਗਿੱਲ ਨਾਲ ਨੇੜਤਾ ਕਾਰਨ ਇਸ ਸਭ ਦੇ ਬਾਵਜੂਦ ਉਹ ਆਪਣੇ ਕਰੀਅਰ 'ਚਿ ਤਰੱਕੀ ਹੀ ਕਰਦਾ ਚਲਾ ਗਿਆ। ਸਾਲ 2015 ਦੌਰਾਨ ਇਨਫ਼ੋਰਸਮੈਂਟ ਡਾਇਰੈਕਟੋਰੇਟ ਨੇ ਨਸ਼ਿਆਂ ਦੇ ਕੌਮਾਂਤਰੀ ਸਮੱਗਲਰ ਰਾਜਾ ਕੰਦੋਲਾ ਨਾਲ ਉਸ ਦੇ ਕਥਿਤ ਸਬੰਧਾਂ ਦੀ ਜਾਂਚ ਕੀਤੀ ਸੀ ਪਰ ਬਾਅਦ ਵਿਚ ਉਸ ਨੂੰ ਬਾਦਲ ਦੇ ਰਾਜ ਦੌਰਾਨ ਸਾਫ਼ ਬਰੀ ਕਰ ਦਿੱਤਾ ਗਿਆ। ਉਮਰਾਨੰਗਲ ਦੀ ਨੇੜਤਾ ਜਿੱਥੇ ਬਾਦਲ ਦਲ ਨਾਲ ਰਹੀ ਹੈ, ਉੱਥੇ ਕਾਂਗਰਸੀਆਂ ਨਾਲ ਵੀ ਰਹੀ ਹੈ। ਜਦੋਂ ਕੈਪਟਨ ਸਾਲ 2003 ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ, ਤਦ ਉਸ ਨੂੰ ਮੁੱਖ ਮੰਤਰੀ ਦੇ ਜੱਦੀ ਸ਼ਹਿਰ ਪਟਿਆਲਾ ਜ਼ਿਲ੍ਹੇ ਦਾ ਐੱਸਐੱਸਪੀ ਨਿਯੁਕਤ ਕੀਤਾ ਗਿਆ ਸੀ।



**ਬਾਕੀ ਸਫ਼ਾ 29 'ਤੇ**


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਬੇਗੁਨਾਹ ਕਸ਼ਮੀਰੀਆਂ ਦਾ ਰੱਖਿਅਕ ਬਣਿਆ ਬਫਰ ਸਟੇਟ ਖਾਲਸਾ ਪੰਥ

- **ਕਸ਼ਮੀਰੀ ਵਿਦਿਆਰਥੀਆਂ ਨੂੰ ਮਦਦ ਦੇਣ ਨਾਲ ਸਿੱਖ ਕੌਮ ਦਾ ਦੁਨੀਆ ਵਿੱਚ ਵਧਿਆ ਮਾਣ**
- **ਭਗਵੇਂ ਦਹਿਸ਼ਤਵਾਦ ਦਾ ਸ਼ਿਕਾਰ ਬਣੇ ਕਸ਼ਮੀਰ ਵਾਸੀ**
- **ਗੁਰੂ ਨਾਨਕ ਦੇ ਸਿਧਾਂਤਾਂ ਤੇ ਪਹਿਰਾ ਦੇਣਾ ਸਾਡਾ ਫ਼ਰਜ਼ : ਗਿੱਲ**
- **ਕਸ਼ਮੀਰੀਆਂ ਨੇ ਖੁਸ਼ ਹੋ ਕੇ ਸਿੱਖਾਂ ਲਈ ਖੋਲ੍ਹੇ ਦਿਲ**
- **ਸੁਪਰੀਮ ਕੋਰਟ ਵਲੋਂ ਕਸ਼ਮੀਰੀਆਂ ਉੱਪਰ ਹਮਲੇ ਰੋਕਣ ਦੇ ਨਿਰਦੇਸ਼**



**ਜਲੰਧਰ / ਬਿਊਰੋ ਚੀਫ**

ਜੰਮੂ-ਕਸ਼ਮੀਰ ਵਿਚ ਸੀਆਰਪੀਐੱਫ਼ 'ਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਭਾਰਤ ਵਿਚ ਇਕ ਪਾਸੇ ਰੋਸ ਦਾ ਮਾਹੌਲ ਹੈ ਤੇ ਦੂਸਰੇ ਪਾਸੇ ਸਿਆਸਤਦਾਨਾਂ ਤੇ ਫਿਰਕਾਪ੍ਰਸਤਾਂ ਵੱਲੋਂ ਮੁਸਲਮਾਨਾਂ ਖਿਲਾਫ ਮਾਹੌਲ ਭੜਕਾਇਆ ਜਾ ਰਿਹਾ ਹੈ। ਜੰਮੂ ਦੇ ਗੁੱਜਰ ਨਗਰ ਵਿੱਚ ਭਗਵੀਆਂ ਜਥੇਬੰਦੀਆਂ ਨੇ ਮੁਸਲਮਾਨਾਂ ਦੇ ਘਰਾਂ ਉੱਤੇ ਹਮਲੇ ਕੀਤੇ ਤੇ ਉੱਥੇ ਖੜੀਆਂ ਦਰਜਨਾਂ ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਸ ਗੁੰਡਾਗਰਦੀ ਨੂੰ ਰੋਕਣ ਲਈ ਆਖਰ ਪ੍ਰਸ਼ਾਸਨ ਨੂੰ ਜੰਮੂ ਵਿੱਚ ਕਰਫ਼ਿਊ ਲਾਉਣਾ ਪਿਆ। ਹਮਲੇ ਦੇ ਅਗਲੇ ਦਿਨ 15 ਫ਼ਰਵਰੀ ਦੀ ਰਾਤ ਨੂੰ ਮੈਟਰੋ ਸਟੇਸ਼ਨ ਦੇ ਬਾਹਰ ਤਿਰੰਗਾ ਲਈ ਭੀੜ ਦੀ ਅਗਵਾਈ ਕਰ ਰਹੀ ਇੱਕ ਭਗਵੀਂ ਔਰਤ ਭੀੜ ਨੂੰ ਲਲਕਾਰਿਆ ਕਿ 'ਮੈਂ ਹਮਲਾ ਕਰੂੰਗੀ ਤਾਂ ਕੀ ਤੁਸੀਂ ਮੇਰਾ ਸਾਥ ਦਿਓਗੇ ?' ਪਾਗਲ ਫਿਰਕੂ ਭੀੜ ਪੂਰੇ ਜ਼ੋਰ ਨਾਲ ਜਵਾਬ ਦਿੱਤਾ ਕਿ 'ਹਾਂ, ਹਾਂ, ਹਾਂ।' ਫਿਰ ਉਹ ਔਰਤ ਕਹਿੰਦੀ ਹੈ ਕਿ ਅਸੀਂ ਜੇਐੱਨਯੂ ਦੇ ਗੱਦਾਰ ਵਿਦਿਆਰਥੀਆਂ ਉੱਤੇ ਹਮਲਾ ਕਰਾਂਗੇ। ਸਵਾਲ ਪੈਦਾ ਹੁੰਦਾ ਹੈ ਕਿ ਪੁਲਵਾਮਾ ਹਮਲੇ ਨਾਲ ਜੇਐੱਨਯੂ ਦਾ ਕੀ ਸੰਬੰਧ ? ਅਸਲ ਵਿਚ ਜੋ ਵੀ ਅਮਨ ਦੀ ਗੱਲ ਕਰੇਗਾ, ਉਹ ਭਗਵਿਆਂ ਦੇ ਨਿਸ਼ਾਨੇ 'ਤੇ ਹੋਵੇਗਾ। ਇਨਾਂ ਭਗਵਿਆਂ ਨੂੰ ਮਾਰੇ ਗਏ ਫੌਜੀਆਂ ਦਾ ਕੋਈ ਦੁੱਖ ਨਹੀਂ, ਉਹ ਤਾਂ ਉਨਾਂ ਦੀਆਂ ਲਾਸ਼ਾਂ ਉੱਤੇ ਸਿਆਸਤ ਦੀਆਂ ਰੋਟੀਆਂ ਸੇਕ ਰਹੇ ਹਨ। ਉਤਰਾਖੰਡ ਵਿੱਚ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਕੁੰਨਾਂ ਵੱਲੋਂ 12 ਕਸ਼ਮੀਰੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਗਈ। ਬੀਤੇ ਸ਼ਨੀਵਾਰ ਨੂੰ ਹਿੰਦੂਤਵੀਆਂ ਦੀ ਭੀੜ ਵੱਲੋਂ ਕੁੜੀਆਂ ਦੇ ਹੋਸਟਲ ਨੂੰ ਘੇਰਾ ਪਾ ਲੈਣ ਤੋਂ ਬਾਅਦ 20 ਕਸ਼ਮੀਰੀ ਕੁੜੀਆਂ ਨੇ ਆਪਣੇ-ਆਪ ਨੂੰ ਕਮਰੇ ਵਿੱਚ ਬੰਦ ਕਰਕੇ ਬਚਾਇਆ। ਪਰ ਪੁਲੀਸ ਤਮਾਸ਼ਾ ਦੇਖਦੀ ਰਹੀ। ਦੇਹਰਾਦੂਨ ਤੇ ਹੋਰ ਸ਼ਹਿਰਾਂ ਵਿਚ ਭੜਕੀਆਂ ਹੋਈਆਂ ਭੀੜਾਂ ਨੇ ਕਸ਼ਮੀਰੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਤੇ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਲੁੱਟਿਆ। ਕੁਝ ਥਾਵਾਂ 'ਤੇ ਜਥੇਬੰਦੀਆਂ ਨੇ ਮਕਾਨ ਮਾਲਕਾਂ ਨੂੰ ਇਹ ਧਮਕੀਆਂ ਦਿੱਤੀਆਂ ਕਿ ਉਹ ਕਿਰਾਏ 'ਤੇ ਰਹਿ ਰਹੇ ਕਸ਼ਮੀਰੀ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿਚੋਂ ਕੱਢ ਦੇਣੇ। ਕੁਝ ਮਕਾਨ ਮਾਲਕਾਂ ਨੇ ਖ਼ੁਦ ਹੀ ਕਸ਼ਮੀਰੀ ਕਿਰਾਏਦਾਰਾਂ ਨੂੰ ਘਰ ਛੱਡ ਦੇਣ ਲਈ ਕਿਹਾ ਹੈ।

ਕਸ਼ਮੀਰੀ ਵਿਦਿਆਰਥੀਆਂ ਨਾਲ ਮਾੜੇ ਵਤੀਰੇ : ਕਸ਼ਮੀਰੀ ਵਿਦਿਆਰਥੀਆਂ ਨਾਲ ਮਾੜੇ ਵਤੀਰੇ ਵਿੱਚ ਸਭ ਤੋਂ ਵੱਧ ਚਰਚਿਤ ਖ਼ਬਰ ਦੇਹਰਾਦੂਨ ਤੋਂ ਆਈ। ਇੱਥੇ ਦੋ ਕਾਲਜਾਂ ਵਿੱਚ ਸਰਕੂਲਰ ਜਾਰੀ ਕੀਤੇ ਗਏ ਕਿ ਉਹ ਅਗਲੇ ਸੈਸ਼ਨ ਤੋਂ ਕਸ਼ਮੀਰੀ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦੇਣਗੇ। ਦੇਹਰਾਦੂਨ ਦੇ ਬਾਬਾ ਫਰੀਦ ਇੰਸਟੀਟਿਊਟ ਆਫ ਟੈਕਨਾਲਜੀ ਦੇ ਪ੍ਰਿੰਸੀਪਲ ਡਾਕਟਰ ਅਸਲਮ ਸਿਦੀਕੀ ਨੇ ਕਿਹਾ ਕਿ ਗੁੱਸੇ ਵਿੱਚ ਆਈ ਭੀੜ ਦੇ ਦਬਾਅ ਵਿੱਚ ਆ ਕੇ ਸਾਨੂੰ ਉਹ ਸਰਕੂਲਰ ਜਾਰੀ ਕਰਨਾ ਪਿਆ ਜਿਸ ਵਿੱਚ ਕਸ਼ਮੀਰੀ ਵਿਦਿਆਰਥੀਆਂ ਨੂੰ ਅਗਲੇ ਸੈਸ਼ਨ ਵਿੱਚ ਦਾਖਿਲਾ ਨਾ ਦੇਣ ਦੀ ਗੱਲ ਕੀਤੀ ਗਈ ਹੈ।

ਦੇਹਰਾਦੂਨ ਦੇ ਹੀ ਅਲਪਾਈਨ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲਜੀ ਨੇ ਵੀ ਇਸੇ ਤਰਾਂ ਦਾ ਨੋਟਿਸ ਜਾਰੀ ਕੀਤਾ ਸੀ। ਅਲਪਾਈਨ ਕਾਲਜ ਦੇ ਡਾਇਰੈਕਟਰ ਐਸਕੇ ਚੌਹਾਨ ਨੇ ਦੱਸਿਆ ਸੀ, "ਸਾਡੇ ਕਾਲਜ ਵਿੱਚ ਕਰੀਬ 250 ਵਿਦਿਆਰਥੀ ਹਨ। ਉਨਾਂ ਵਿੱਚੋਂ ਹੀ ਇੱਕ ਵਿਦਿਆਰਥੀ ਨੇ ਪੁਲਵਾਮਾ ਹਾਦਸੇ ਤੇ ਇੱਕ ਅਸੰਵੇਦਨਸ਼ੀਲ ਟਵੀਟ ਕੀਤਾ ਸੀ।ਇਸ ਤੋਂ ਬਾਅਦ ਸੈਂਕੜਿਆਂ ਦੀ ਗਿਣਤੀ ਵਿੱਚ ਸਿਆਸਤ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਕਾਲਜ ਪਹੁੰਚ ਗਏ। ਉਨਾਂ ਨੇ ਜ਼ਿੱਦ ਫੜ ਲਈ ਕਿ ਉਸ ਵਿਦਿਆਰਥੀ ਨੂੰ ਬਰਖ਼ਾਸਤ ਕੀਤਾ ਜਾਏ।"

"ਉਸ ਤੋਂ ਬਾਅਦ ਉਨਾਂ ਨੇ ਲਿਖਤ ਵਿੱਚ ਦੇਣ ਲਈ ਕਿਹਾ ਕਿ ਕਸ਼ਮੀਰੀ ਵਿਦਿਆਰਥੀ ਨੂੰ ਦਾਖਲ ਨਹੀਂ ਕੀਤਾ ਜਾਵੇਗਾ।"

ਦੇਹਰਾਦੂਨ ਦੀ ਐੱਸਐੱਸਪੀ ਨਿਵੇਦਿਤਾ ਕੁਕਰੇਤੀ ਨੇ ਦੱਸਿਆ, "ਅਸੀਂ 22 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਸ਼ਮੀਰੀ ਵਿਦਿਆਰਥੀਆਂ ਖਿਲਾਫ ਹੰਗਾਮਾ ਕਰ ਰਹੇ ਸਨ ਅਤੇ ਕਾਲਜਾਂ 'ਤੇ ਕਸ਼ਮੀਰੀ ਵਿਦਿਆਰਥੀਆਂ ਨੂੰ ਦਾਖਲਾ ਨਾ ਦੇਣ ਦਾ ਦਬਾਅ ਬਣਾ ਰਹੇ ਸਨ।"

ਦੇਹਰਾਦੂਨ ਵਾਂਗ ਹੀ ਹਰਿਆਣਾ ਦੇ ਅੰਬਾਲਾ ਤੋਂ ਵੀ ਖਬਰਾਂ ਆਈਆਂ ਸਨ ਅਤੇ ਇੱਕ ਵੀਡੀਓ ਸਾਂਝਾ ਕੀਤਾ ਗਿਆ ਸੀ ਜਿਸ ਵਿੱਚ ਮਕਾਨ ਮਾਲਿਕ ਕਸ਼ਮੀਰੀ ਵਿਦਿਆਰਥੀਆਂ ਤੋਂ ਘਰ ਖਾਲੀ ਕਰਨ ਨੂੰ ਕਹਿ ਰਹੇ ਸਨ।

ਪੁਲਵਾਮਾ ਹਮਲੇ ਤੋਂ ਬਾਅਦ ਖਾਸ ਤੌਰ 'ਤੇ ਉੱਤਰਾਖੰਡ ਤੇ ਹਰਿਆਣਾ ਵਿੱਚ ਕਸ਼ਮੀਰੀ ਵਿਦਿਆਰਥੀਆਂ ਲਈ ਹਾਲਾਤ ਮੁਸ਼ਕਿਲ ਹੋ ਗਏ ਸਨ।



ਕਸ਼ਮੀਰ ਦੇ ਸਥਾਨਕ ਮੀਡੀਆ ਵਿੱਚ ਛਪੀਆਂ ਰਿਪੋਰਟਸ ਮੁਤਾਬਕ ਕਸ਼ਮੀਰ ਦੀ ਕੋਚਿੰਗ ਸੇਂਟਰ ਅਸੋਸੀਏਸ਼ਨ ਨੇ ਵੀ ਫੈਸਲਾ ਕੀਤਾ ਹੈ ਕਿ ਉਹ ਕਥਿਤ ਤੌਰ 'ਤੇ ਪੁਲਵਾਮਾ ਹਮਲੇ ਤੋਂ ਬਾਅਦ ਭਾਰਤੀ ਸਿੱਖਿਆ ਸੰਸਥਾਵਾਂ ਤੋਂ ਕੱਢ ਦਿੱਤੇ ਗਏ ਵਿਦਿਆਰਥੀਆਂ ਨੂੰ ਮੁਫਤ ਵਿੱਚ ਅਡਮੀਸ਼ਨ ਆਫਰ ਕਰਨਗੇ।

ਕੀ ਇਹ ਇਕ ਵਤਨ ਹੈ ? ਕੀ ਇਹ ਦੇਸ਼ਭਗਤੀ ਹੈ ? ਕੀ ਕਸ਼ਮੀਰੀ ਭਾਰਤ ਦੇ ਨਾਗਰਿਕ ਨਹੀਂ ਹਨ ? ਇਹ ਕਿਹੋ ਜਿਹਾ ਮਾਹੌਲ ਮੋਦੀ ਸਰਕਾਰ ਵੱਲੋਂ ਸਿਰਜਿਆ ਜਾ ਰਿਹਾ ਹੈ। ਭਾਰਤ ਦੇ ਕਈ ਭਾਗਾਂ ਵਿੱਚ ਇਸ ਤਰਾਂ ਦੇ ਨਫ਼ਰਤ ਵਾਲੇ ਰੁਝਾਨ ਨੇ ਦੇਸ਼ ਦੇ ਨਾਗਰਿਕਾਂ ਦੇ ਸੰਵਿਧਾਨਿਕ ਹੱਕਾਂ ਉੱਤੇ ਵੀ ਸਵਾਲੀਆ ਨਿਸ਼ਾਨ ਖੜੇ ਕਰ ਦਿੱਤੇ ਹਨ। ਇਸ ਤੋਂ ਮੰਦ ਭਾਗਾ ਕੀ ਹੋ ਸਕਦਾ ਹੈ ਕਿ ਮੇਘਾਲਿਆ ਦੇ ਰਾਜਪਾਲ ਨੇ ਕਸ਼ਮੀਰੀ ਵਸਤਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਦੇਸ਼ ਵਿੱਚ ਨਫ਼ਰਤ ਫਲਾਉਣ ਵਾਲੇ ਕਾਰਿਆਂ ਉੱਤੇ ਪ੍ਰਧਾਨ ਮੰਤਰੀ ਚੁੱਪ ਕਿਉਂ ਹਨ ? ਦੇਸ਼ ਅੰਦਰ ਦੇਸ਼ ਭਗਤੀ ਦਾ ਠੇਕਾ ਕੇਵਲ ਇੱਕ ਧਿਰ ਭਾਜਪਾ ਹੀ ਆਪਣੇ ਕੋਲ ਸਮਝਦੀ ਹੈ, ਹੋਰ ਕਿਸੇ ਨੂੰ ਵੀ ਜਦੋਂ ਚਾਹੁਣ ਦੇਸ਼ ਵਿਰੋਧੀ ਜਾਂ ਗਦਾਰ ਦਾ ਫਤਵਾ ਦਿੱਤਾ ਜਾ ਸਕਦਾ ਹੈ।

ਲੋਕ ਸਭਾ ਦੀਆਂ ਚੋਣਾਂ ਦੇ ਮੱਦੇ ਨਜ਼ਰ ਰਾਜਸੀ ਪਾਰਟੀਆਂ ਨੇ ਆਪੋ ਆਪਣੇ ਹਿੱਤਾਂ ਲਈ ਰਾਜਸੀ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜੇਕਰ ਰਾਜਸੀ ਧਿਰਾਂ ਦੇ ਰੁਝਾਨ ਨੂੰ ਵੇਖਿਆ ਜਾਵੇ ਤਾਂ ਪੰਜਾਬ ਵਿਧਾਨ ਸਭਾ ਦਾ ਮੌਜੂਦਾ ਸ਼ੈਸ਼ਨ ਇਸ ਦੀ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਸਦਨ ਵਿੱਚ ਜਿੱਥੇ 10 ਸਾਲ ਸੱਤਾ ਦਾ ਆਨੰਦ ਭੋਗਣ ਵਾਲੀ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿੱਪ ਨੂੰ ਬੇਅਦਬੀ ਅਤੇ ਬੇਕਸੂਰਾਂ ਨੂੰ ਮਾਰਨ ਦੇ ਮੁੱਦੇ ਤੇ ਬਹੁਤ ਮੁਸ਼ਕਲ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ , ਉੱਥੇ ਉਹ ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਦੇਣ ਦੀ ਥਾਂ ਕੈਬਨਿੱਟ ਮੰਤਰੀ ਨਵਜੋਤ ਸਿੰਘ ਸਿੱਧੂ 'ਤੇ ਪਾਕਿਸਤਾਨ ਦਾ ਏਜੰਟ ਹੋਣ ਦਾ ਦੋਸ਼ ਲਾ ਰਹੇ ਹਨ।

ਗੁਰੂ ਨਾਨਕ ਦੇ ਪੰਥ ਦੀ ਬੁਲੰਦ ਅਵਾਜ਼ : ਇਸ ਮਾਮਲੇ 'ਤੇ ਸਿੱਖਾਂ ਨੇ ਭਗਵੇਂ ਹਮਲਿਆਂ ਦੇ ਪੀੜਤ ਬੇਗੁਨਾਹ ਕਸ਼ਮੀਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਤੇ ਗੁਰਦੁਆਰਿਆਂ ਵਿਚ ਉਨਾਂ ਦੀ ਸੁਰੱਖਿਆ ਕੀਤੀ ਤੇ ਵਾਪਸ ਕਸ਼ਮੀਰ ਵਿਚ ਪੁਲੀਸ ਪ੍ਰਸ਼ਾਸ਼ਨ ਦੀ ਸਹਾਇਤਾ ਨਾਲ ਸੁਰੱਖਿਅਤ ਭੇਜਿਆ। ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਚੰਡੀਗੜ ਤੋਂ ਸਾਬਕਾ ਮੈਂਬਰ ਅਮਰਿੰਦਰ ਸਿੰਘ, ਖਾਲਸਾ ਏਡ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਅਹਿਮ ਭੂਮਿਕਾ ਨਿਭਾਈ। ਮੁਹਾਲੀ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਵਿਚ ਕਸ਼ਮੀਰੀ ਵਿਦਿਆਰਥੀਆਂ ਲਈ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ ਹਨ ਤੇ ਲੰਗਰ ਲਗਾਇਆ ਗਿਆ ਹੈ। ਕਸ਼ਮੀਰੀ ਵਿਦਿਆਰਥੀਆਂ ਨੂੰ ਮੁਹਾਲੀ ਦੇ 3-ਬੀ-2 ਦੇ ਸਾਚਾ ਧਨੁ ਗੁਰਦੁਆਰਾ ਅਤੇ ਸੈਕਟਰ-71 ਦੇ ਗੁਰਦੁਆਰਿਆਂ ਵਿਚ ਵੀ ਰੱਖੇ ਜਾਣ ਦੇ ਪ੍ਰਬੰਧ ਕੀਤੇ ਗਏ। ਗੁਰਦੁਆਰਾ ਸਿੰਘ ਸ਼ਹੀਦਾਂ ਵਿਚ ਦੇਹਰਾਦੂਨ ਸਮੇਤ ਹੋਰ ਥਾਵਾਂ ਤੋਂ ਵੱਡੀ ਗਿਣਤੀ ਵਿਚ ਕਸ਼ਮੀਰੀ ਵਿਦਿਆਰਥੀਆਂ ਨੂੰ ਪਨਾਹ ਦਿੱਤੀ ਗਈ। ਇਸੇ ਦੌਰਾਨ ਆਇਸਾ ਵਲੋਂ ਚੰਡੀਗੜ ਵਿਚਲਾ ਆਪਣਾ ਦਫ਼ਤਰ ਕਸ਼ਮੀਰੀ ਵਿਦਿਆਰਥੀਆਂ ਲਈ ਖੋਲ ਦਿੱਤਾ ਗਿਆ। ਪੰਥਕ ਆਗੂ ਅਮਰਿੰਦਰ ਸਿੰਘ ਨੇ ਖਾਲਸਾ ਪੰਥ ਨੂੰ ਸੁਨੇਹਾ ਦਿੱਤਾ ਕਿ ਪੰਜਾਬ ਨੂੰ ਤੇ ਸਿੱਖਾਂ ਨੂੰ ਇਸ ਔਖੀ ਘੜੀ ਦਿਲ ਖੋਲ ਕੇ ਕਸ਼ਮੀਰੀ ਬੱਚਿਆਂ ਦੇ ਹੱਕ ਵਿਚ ਖਲੋਣਾ ਚਾਹੀਦਾ ਹੈ।

ਗੁਰੂਦੁਆਰਾ ਸਾਚਾ ਧਨੁ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਕੌਮ ਇਕ ਅਜਿਹੀ ਕੌਮ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਹਮੇਸ਼ਾਂ ਮਜ਼ਲੂਮਾਂ ਦੀ ਬਾਂਹ ਫੜ ਸਹਾਰਾ ਦੇਣ ਦੇ ਸਿਧਾਂਤ ਨੂੰ ਆਪਣੇ ਜੀਵਨ ਦਾ ਅੰਗ ਬਣਾਉਣ ਦਾ ਸੰਦੇਸ਼ ਦਿੱਤਾ ਹੈ ਜਿਸ ਤੇ ਪਹਿਰਾ ਦੇਣਾ ਸਾਡੀ ਜ਼ਿੰਮੇਂਵਾਰੀ ਹੈ। ਗੁਰੂ ਸਾਹਿਬ ਦੇ ਇਸ ਸਿਧਾਂਤ ਅਨੁਸਾਰ ਹੀ ਇਨਾਂ ਪੀੜਤ ਕਸ਼ਮੀਰੀ ਵਿਦਿਆਰਥੀਆਂ ਨੂੰ ਸ਼ਰਨ ਦੇ ਕੇ ਅਤੇ ਸਹੀ ਸਲਾਮਤ ਉਨਾਂ ਨੂੰ ਪਰਿਵਾਰਾਂ ਵਿਚ ਭੇਜ ਆਪਣੀ ਜ਼ਿੰਮੇਂਵਾਰੀ ਨੂੰ ਨਿਭਾਉਣ ਦਾ ਨਾਨਕ ਨਾਮ ਲੇਵਾ ਸੰਗਤ ਨੇ ਨਿਮਾਣਾ ਉਪਰਾਲਾ ਕੀਤਾ ਹੈ। ਉਨਾਂ ਕਿਹਾ ਬੀਤੇ ਦਿਨੀ ਪੁਲਵਾਮਾ ਵਿੱਚ ਸੀ ਆਰ ਪੀ ਐਫ ਦੇ ਜਵਾਨਾ ਦੀ ਬੱਸ ਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਦੇਹਰਾਦੂਨ ਅਤੇ ਮੁਲਾਨਾ ਵਿਚ ਕਸ਼ਮੀਰੀ ਵਿਦਿਆਰਥੀਆਂ ਨਾਲ ਬਹੁਤ ਮਾੜਾ ਵਿਵਹਾਰ ਕੀਤੇ ਜਾਣਾ ਅਤੀ ਨਿੰਦਣਯੋਗ ਹੈ। ਉਨਾਂ ਕਿਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਚ ਪੈਂਦੇ ਪਿੰਡ ਸੋਹਾਣਾ ਦੇ ਗੁਰੂਦੁਆਰਾ ਸਿੰਘ ਸ਼ਹੀਦਾਂ ਵਿਚ ਸ਼ਰਨ ਦਿੱਤੀ ਹੋਈ ਸੀ ਜਿੱਥੇ ਜਗਾ ਘੱਟ ਜਾਣ ਕਾਰਨ ਗੁਰੂਦੁਆਰਾ ਸਾਚਾ ਧਨੁ ਸਾਹਿਬ ਵਿਚ ਕਰੀਬ 125 ਵਿਦਿਆਰਥੀ ਤੇ ਵਿਦਿਆਰਥਣਾਂ ਨੂੰ ਖ਼ਾਲਸਾ ਏਡ ਵਲੋਂ ਪਹੁੰਚਾਇਆ ਗਿਆ। ਜਿੱਥੇ ਰਹਿਣ ਤੋਂ ਇਲਾਵਾ ਗੁਰੂ ਕੇ ਲੰਗਰ ਛਕਾਇਆ ਗਿਆ।

ਇਸ ਮੌਕੇ ਮੌਜੂਦ ਅਮਰਿੰਦਰ ਸਿੰਘ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਨੇ ਕਿਹਾ ਕਿ ਪਹਿਲੇ ਦਿਨ ਇਹ ਵਿਦਿਆਰਥੀ ਬਹੁਤ ਘਬਰਾਏ ਹੋਏ ਸਨ। ਪਰ ਜਦੋਂ ਇਨਾਂ ਨੂੰ ਸਥਾਨਕ ਸਿੱਖ ਸੰਗਤ ਵਲੋਂ ਮਦਦ ਦਿੱਤੀ ਜਾਣ ਲੱਗੀ ਤਾਂ ਇਨਾਂ ਨੂੰ ਹੋਂਸਲਾ ਹੋ ਗਿਆ ਜਿਨਾਂ ਨੂੰ ਪਹਿਲੀ ਰਾਤ ਦੋ ਟੈਂਪੂ ਟਰੈਵਲਰਾਂ ਰਾਹੀਂ ਜੰਮੂ ਕਸ਼ਮੀਰ ਆਪਣੇ ਪਰਿਵਾਰ ਕੋਲ ਭੇਜਿਆ ਗਿਆ। ਦੂਜੇ ਦਿਨ 18 ਫਰਵਰੀ ਨੂੰ ਖ਼ਾਲਸਾ ਏਡ ਵਲੋਂ ਰਾਤ ਸਮੇਂ 7 ਟੈਂਪੂ ਟਰੈਵਲਰਾਂ ਰਾਹੀਂ ਪੁਲਿਸ ਸੁਰਖਿਆ ਦੇ ਨਾਲ ਭੇਜਿਆ ਗਿਆ ਅਤੇ ਫਿਰ ਦੇਹਰਾਦੂਨ ਤੋਂ ਲਗਭਗ ਸਵਾ ਸੌ ਵਿਦਿਆਰਥੀਆਂ ਤੇ ਵਿਦਿਆਰਥਾਂ ਨੂੰ ਗੁ. ਸਾਚਾ ਧਨੁ ਸਾਹਿਬ ਵਿਖੇ ਲਿਆਂਦਾ ਗਿਆ ਜਿੱਥੋਂ ਬਾਅਦ ਦੁਪਹਿਰ ਉਨਾਂ ਨੂੰ ਪੁਲਿਸ ਸੁਰਖਿਆ ਹੇਠ ਜੰਮੂ ਕਸ਼ਮੀਰ ਰਵਾਨਾ ਕਰ ਦਿੱਤਾ ਗਿਆ। ਜੰਮੂ ਅਤੇ ਕਸ਼ਮੀਰ ਸਟੂਡੈਂਟਸ ਆਰਗੇਨਾਈਜੇਸ਼ਨ ਪ੍ਰਧਾਨ ਖ਼ਵਾਜਾ ਇਤੱਰਤ ਨੇ ਪਹਿਰੇਦਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਭਾਈਚਾਰੇ ਨੇ ਉਨਾਂ ਨੂੰ ਬਹੁਤ ਸਹਾਰਾ ਦਿੱਤਾ ਜਿਸ ਲਈ ਸਮੂਚੇ ਕਸ਼ਮੀਰ ਵਾਸੀਆਂ ਦੇ ਮਨਾਂ ਵਿਚ ਸਿੱਖ ਭਾਈਚਾਰੇ ਲਈ ਮਾਣ ਬਣ ਗਿਆ ਹੈ। ਉਨਾਂ ਦਸਿਆ ਕਿ ਪੰਜਾਬ ਵਿਚ ਵਸਦੇ ਸਮੂਹ ਪੰਜਾਬੀਆਂ ਅਤੇ ਸਿੱਖ ਕੌਮ ਵਲੋਂ ਔਖੇ ਸਮੇਂ ਕਸ਼ਮੀਰੀਆਂ ਦੀ ਮਦਦ ਕੀਤੀ ਗਈ ਜੋ ਬਹੁਤ ਹੀ ਵੱਡਾ ਕਾਰਜ ਹੈ ਜਿਸ ਨੂੰ ਚਿੰਤਾਂ ਵਿਚ ਬੈਠੇ ਮਾਂ ਬਾਪ ਅਤੇ ਕਸ਼ਮੀਰੀ ਭਾਈਚਾਰੇ ਵਲੋਂ ਫੋਨਾਂ ਰਾਹੀਂ ਸਿੱਖ ਕੌਮ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਬਰਾਹਮ

ਇਰਸ਼ਾਦ ਉਚੇਚੇ ਤੌਰ ਤੇ ਪਹੁੰਚੇ ਜਿਨਾਂ ਕਸ਼ਮੀਰੀ ਵਿਦਿਆਰਥੀਆਂ ਨਾਲ ਗੱਲਬਾਤ ਸਾਂਝੀ ਕਰਦਿਆਂ ਸਥਾਨਕ ਜ਼ਿਲਾ ਪ੍ਰਸ਼ਾਸ਼ਨ ਨੂੰ ਹਰ ਸਹੂਲਤ ਮੁਹਈਆ ਕਰਵਾਉਣ ਲਈ ਕਿਹਾ ਅਤੇ ਸੁਰਖਿਆ ਦੇਣ ਲਈ ਵਿਸ਼ੇਸ਼ ਤੌਰ ‘ਤੇ ਆਖਿਆ। ਸ੍ਰੀ ਅਬਰਾਹਮ ਨੇ ਦਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਵਿਸ਼ੇਸ਼ ਤੌਰ ‘ਤੇ ਉਨਾਂ ਨੂੰ ਇੱਥੇ ਭੇਜਿਆ ਗਿਆ ਹੈ। ਉਨਾਂ ਕਿਹਾ ਕਿ ਸਿੱਖ ਕੌਮ ਅਤੇ ਪੰਜਾਬੀ ਲੋਕ ਆਪਣੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ ‘ਤੇ ਚੱਲਦਿਆਂ ਹਮੇਸ਼ਾਂ ਲੋਕਾਂ ਦੀ ਸੇਵਾ ਲਈ ਤਿਆਰ ਬਰ ਤਿਆਰ ਰਹਿੰਦੇ ਹਨ ਜੋ ਕਾਰਜ ਕਸ਼ਮੀਰੀ ਵਿਦਿਆਰਥੀਆਂ ਲਈ ਕੀਤੇ ਗਏ ਉਹ ਸ਼ਲਾਘਾਯੋਗ ਹਨ।

ਜਿੱਥੇ ਵਿਦਿਆਰਥੀਆਂ ਨੂੰ ਮਦਦ ਦੇਣ ਲਈ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਅਮਰਿੰਦਰ ਸਿੰਘ ਨੇ ਸ਼ੁਰੂਆਤ ਕੀਤੀ ਉੱਥੇ ਸੰਤ ਸਿੰਘ, ਕੁਲਦੀਪ ਸਿੰਘ ਗੜਗੱਜ, ਜਸਵਿੰਦਰ ਸਿੰਘ ਤੋਂ ਇਲਾਵਾ ਖ਼ਾਲਸਾ ਏਡ ਵੀ ਆਪਣੀ ਜਿੰਮੇਂਵਾਰੀ ਨਿਭਾਈ। ਅਮਰਵੀਰ ਸਿੰਘ ਨੇ ਕਿਹਾ ਕਿ ਸਮੁੱਚੀ ਸਿੱਖ ਸੰਗਤ ਦੇ ਸਹਿਯੋਗ ਨਾਲ ਖ਼ਾਲਸਾ ਏਡ ਨੇ ਵਿਦਿਆਰਥੀਆਂ ਨੂੰ ਦੇਹਰਾਦੂਨ ਤੋਂ ਚੰਡੀਗੜ ਅਤੇ ਇੱਥੋਂ ਜੰਮੂ ਕਸ਼ਮੀਰ ਪਹੁੰਚਾਉਣ ਲਈ ਗੱਡੀਆਂ ਦਾ ਉਚੇਚਾਪ੍ਰਬੰਧ ਕੀਤਾ। ਇਸ ਮੌਕੇ ਡਾ. ਭਗਵਾਨ ਸਿੰਘ, ਕੈਪਟਨ ਚੰਨਣ ਸਿੰਘ ਸਿੱਧੂ, ਗੁਰਨਾਮ ਸਿੰਘ ਸਿੱਧੂ ਅਤੇ ਹਰਪ੍ਰੀਤ ਸਿੰਘ ਵੀ ਉੱਥੇ ਮੌਜੂਦ ਸਨ।

ਸ਼ੋਸ਼ਲ ਮੀਡੀਆ ’ਤੇ ਵੀ ਸਿੱਖਾਂ ਵੱਲੋਂ ਬੇਗੁਨਾਹ ਕਸ਼ਮੀਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਕੌਮਾਂਤਰੀ ਪੱਤਰਕਾਰ ਬਰਖ਼ਾ ਦੱਤ ਨੇ ਵੀ ਕਸ਼ਮੀਰੀਆਂ ਦੀ ਮਦਦ ਵਿੱਚ ਲਿਖਿਆ, “ਮਾਸੂਮ ਨਾਗਰਿਕਾਂ ਨੂੰ ਤੰਗ ਕਰਨ ਵਾਲੇ ਭਗਵੇਂਵਾਦੀ ਲੋਕ ਅੱਤਵਾਦੀਆਂ ਦੇ ਹਮਦਰਦ ਹਨ। ਉਹ ਉਹੀ ਕਰ ਰਹੇ ਹਨ ਜੋ ਜੈਸ਼ ਚਾਹੁੰਦਾ ਹੈ।”

ਦੂਸਰੇ ਪਾਸੇ ਕਸ਼ਮੀਰੀ ਵਿਦਿਆਰਥੀਆਂ ਨੇ ਖ਼ਾਲਸਾ ਏਡ, ਖਾਲਸਾ ਪੰਥ ਦੀਆਂ ਹੋਰ ਜਥੇਬੰਦੀਆਂ ਦਾ ਸ਼ੁਕਰਾਨਾ ਵੀ ਕੀਤਾ ਜਿਨਾਂ ਨੇ ਉਨਾਂ ਦੀ ਪੂਰੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਅਤੇ ਉਨਾਂ ਨੂੰ ਆਪਣੇ ਖਰਚੇ ’ਤੇ ਸੁਰੱਖਿਅਤ ਕਸ਼ਮੀਰ ਪਹੁੰਚਾਇਆ। ਕਸ਼ਮੀਰ ਦੇ ਆਗੂਆਂ ਨੇ ਵੀ ਕਸ਼ਮੀਰੀਆਂ ਦੀ ਰੱਖਿਆ ਲਈ ਸਿੱਖ ਪੰਥ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਿੱਖਾਂ ਨੇ ਰੋਹਿੰਗਿਆ ਮੁਸਲਮਾਨਾਂ ਦੀ ਸਹਾਇਤਾ ਕਰਕੇ ਸਾਡਾ ਪਹਿਲਾਂ ਹੀ ਦਿਲ ਜਿਤਿਆ ਹੈ ਤੇ ਅਸੀਂ ਸਿੱਖ ਪੰਥ ਦੇ ਧੰਨਵਾਦੀ ਹਾਂ ਤੇ ਉਨਾਂ ਦਾ ਕਰਜ਼ਾ ਕਦੇ ਵੀ ਨਹੀਂ ਮੋੜ ਸਕਾਂਗੇ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਨਾਂ ਦਹਿਸ਼ਤੀ ਹਮਲਿਆਂ ਲਈ ਅੱਤਵਾਦੀ ਜਥੇਬੰਦੀਆਂ ਜ਼ਿੰਮੇਵਾਰ ਹਨ, ਨਾ ਕਿ ਸਾਰੇ ਕਸ਼ਮੀਰੀ, ਜਿਵੇਂ ਕਿ ਸੱਤਾਧਾਰੀਆਂ ਨੇ ਇਹ ਫਿਰਕੂ ਮਾਹੌਲ ਚੋਣਾਂ ਜਿੱਤਣ ਲਈ ਬਣਾਇਆ ਹੈ। ਅਜਿਹੀ ਘਟਨਾ ਸੰਨ 1984 ਵਿਚ ਸਿੱਖਾਂ ਨਾਲ ਬੀਤੀ ਸੀ। ਜਦੋਂ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਦੀ ਹੱਤਿਆ ਹੋਈ ਤਾਂ ਖਮਿਆਜ਼ਾ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਦੇ ਰੂਪ ਵਿਚ ਭੁਗਤਣਾ ਪਿਆ। ਸਿੱਖ ਇਸ ਖਤਰਨਾਕ ਦੁਖਾਂਤ ਨੂੰ ਭੁੱਲੇ ਨਹੀਂ, ਪਰ ਉਨਾਂ ਨੂੰ ਗੁਰੂ ਨਾਨਕ ਦੇ ਸਰਬੱਤ ਦਾ ਭਲਾ ਚੇਤੇ ਹੈ ਤੇ ਹਮੇਸ਼ਾ ਚੇਤੇ ਰਹੇਗਾ। ਖਾਲਸਾ ਪੰਥ ਗੁਰੂ ਨਾਨਕ ਦੀ ਸਿਰਜੀ ਬਫਰ ਸਟੇਟ ਹੀ ਹਨ, ਜਿਸ ਦੀਆਂ ਨਜ਼ਰਾਂ ਵਿਚ ਮਨੁੱਖਤਾ ਸ਼੍ਰੇਸ਼ਠ ਹੈ। ਹਿੰਦੂ, ਮੁਸਲਮ ਦਾ ਕੋਈ ਭੇਦ ਨਹੀਂ ਹੈ। ਸ਼ਾਂਤੀ ਤੇ ਇਨਸਾਫ਼ ਖਾਲਸਾ ਪੰਥ ਦਾ ਨਿਸ਼ਾਨਾ ਹੈ, ਜੋ ਗੁਰੂ ਨਾਨਕ ਸਾਹਿਬ ਉਦਾਸੀਆਂ ਦੌਰਾਨ ਲੈ ਕੇ ਤੁਰੇ ਸਨ। ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ। ਅਰਥਾਤ ਮਨੁੱਖਤਾ ਹੀ ਮਹਾਨ ਹੈ। ਧਰਮ ਕਾਰਨ ਕੋਈ ਛੋਟਾ ਵੱਡਾ ਨਹੀਂ ਹੈ। ਇਹ ਚੰਗੀ ਗੱਲ ਹੈ ਕਿ ਇਸ ਮੱਸਲੇ ’ਤੇ ਕੈਪਟਨ ਅਮਰਿੰਦਰ ਸਿੰਘ ਕਸ਼ਮੀਰੀਆਂ ਦੇ ਹੱਕ ਵਿਚ ਸਖ਼ਤ ਸਟੈਂਡ ਲਿਆ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਵੀ ਇਸ ਮੱਸਲੇ ’ਤੇ ਸਿੱਖਾਂ ਨੂੰ ਸੁਨੇਹਾ ਦਿੱਤਾ ਕਿ ਕਸ਼ਮੀਰੀਆਂ ਦੀ ਸਹਾਇਤਾ ਕੀਤੀ ਜਾਵੇ ਅਤੇ ਕਸ਼ਮੀਰੀਆਂ ’ਤੇ ਸਰਕਾਰ ਹਮਲੇ ਬੰਦ ਕਰਵਾਏ। ਇਹ ਸੁਨੇਹਾ ਖਾਲਸਾ ਪੰਥ ਦਾ ਬਫਰ ਸਟੇਟ ਵਜੋਂ



ਮਨੁੱਖਤਾ ਦੇ ਦੁਸ਼ਮਣਾਂ ਨੂੰ ਸੀ।

ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਦੇ ਉੱਚਿਤ ਪ੍ਰਬੰਧ ਕੀਤੇ ਜਾਣ। ਜਿਹੜੇ ਕਾਲਜ ਇਹ ਕਹਿ ਰਹੇ ਹਨ ਕਿ ਉਹ ਕਸ਼ਮੀਰੀ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦੇਣਗੇ, ਉਨਾਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਇਹ ਗੱਲ ਅਸੀਂ ਜ਼ੋਰ ਦੇ ਕਹਿੰਦੇ ਹਾਂ ਕਿ ਅਜਿਹਾ ਨਫਰਤ ਭਰਪੂਰ ਮਾਹੌਲ ਭਾਰਤ ਨੂੰ ਇਕ ਨਹੀਂ ਰਹਿਣ ਦੇਵੇਗਾ। ਭਾਜਪਾ ਜਰੂਰ ਚੋਣਾਂ ਜਿੱਤ ਜਾਵੇਗੀ, ਪਰ ਭਾਜਪਾ ਜੋ ਉੱਚੇ ਉੱਚੇ ਦੇਸ਼ ਭਗਤੀ ਦੇ ਨਾਅਰੇ ਸਿਆਸੀ ਡਰਾਮੇ ਵਜੋਂ ਲਗਾ ਰਹੀ ਹੈ, ਪਰ ਗੁਪਤ ਏਜੰਡਾ ਕੁਝ ਹੋਰ ਹੈ, ਉਹੀ ਦੇਸ਼ ਨੂੰ ਤੋੜੇਗਾ। ਪਰ ਸਮੂਹ ਖਾਲਸਾ ਪੰਥ ਨੂੰ ਮੁਬਾਰਕਾਂ ਅਤੇ ਤੀਸਰ ਪੰਥ ਸਿਰਜਣ ਵਾਲੇ ਸਤਿਗੁਰੂ ਨਾਨਕ ਸਾਹਿਬ ਦੀ ਵੀ ਜੈ, ਜਿਨਾਂ ਸਰਬੱਤ ਦੇ ਭਲੇ ਦੀ ਰਚਨਾ ਕੀਤੀ ਤੇ ਸਰਬੱਤ ਦੇ ਭਲੇ ਦਾ ਇਨਕਲਾਬ ਖੜਾ ਕਰਕੇ ਗੁਰੂ ਨਾਨਕ ਪੰਥ ਨੂੰ ਮਾਨਵਤਾ ਦੀ ਭਲਾਈ ਦੇ ਲਈ ਬਫਰ ਸਟੇਟ ਵਜੋਂ ਸਿਰਜ ਦਿੱਤਾ। ਸੱਚੀ ਪਾਤਸ਼ਾਹੀ ਗੁਰੂ ਨਾਨਕ ਦੀ, ਗੁਰੂ ਨਾਨਕ ਹੀ ਮਨੁੱਖਤਾ ਦਾ ਪਾਤਸ਼ਾਹ ਤੇ ਸਿੱਖ ਪੰਥ ਉਸ ਦੀ ਫੌਜ ਜੋ ਉਸ ਦੇ ਹੁਕਮਾਂ ਨੂੰ ਲਾਗੂ ਕਰ ਰਹੀ ਹੈ।

ਸ਼ੋਸ਼ਲ ਮੀਡੀਆ ਦੇ ਸੁਨੇਹੇ : ਸ਼ੋਸ਼ਲ ਮੀਡੀਆ ਤੇ ਵਿਦਵਾਨ ਤ੍ਰਿਲੋਚਨ ਸਿੰਘ ਦਪਾਲਪੁਰ ਅਮਰੀਕਾ ਤੋਂ ਲਿਖਦੇ ਹਨਕਿ ਜੰਮੂ -ਕਸ਼ਮੀਰ ਤੋਂ ਮੱਦਦ ਲਈ ਅਪੀਲ ਆਈ ਸੀ ਦਿੱਲੀ ਤਖਤ ਪਾਸੋਂ ਜਨੇਊ ਦੀ ਰੱਖਿਆ ਵਾਸਤੇ.. ਨੌਵੇਂ ਗੁਰੂ ਜੀ ਨੇ ਹਿੱਕ ਤਾਣ ਕੇ ਬਲੀਦਾਨ ਦੇ ਦਿੱਤਾ !

ਹੁਣ ਉਸੇ ਕਸ਼ਮੀਰ ਤੋਂ ਤਸਬੀ ਵਾਲ਼ਿਆਂ ਨੇ ਦਿੱਲੀ ਤਖਤ ਦੇ ਜਬਰ ਵਿਰੁੱਧ ਖਾਲਸੇ ਨੂੰ ਅਪੀਲ ਕੀਤੀ ਤਾਂ ਨਿਰਭਉ ਨਿਰਵੈਰ ਖਾਲਸੇ ਨੇ ਝੱਟ ਬਾਂਹ ਫੜ ਲਈ...!!

ਯਾਦ ਰਹੇ, ਖਾਲਸਾ ਨਾ ਉਦੋਂ ਕਿਸੇ ਰਾਜਸੀ ਤਖਤ ‘ਤੇ ਬੈਠਾ ਸੀ ਤੇ ਨਾ ਹੀ ਅੱਜ.... ਪਰ ‘ਖਾਲਸਾ’ ਹੋਣ ਦੇ ਫਰਜ਼ ਨਿਭਾਅ ਰਿਹਾ ਹੈ !!! ਖ਼ਾਲਸਾ ਅਕਾਲ ਪੁਰਖ ਕੀ ਫੌਜ ਹੈ। ਨਿਆਂ ਕਰੇਗੀ, ਦੁਨੀਆਂ ਸਲਾਹੇਗੀ।‘ਨਾਨਕ ਰਾਜ ਚਲਾਇਆ ਸਚ ਕੋਟ ਸਤਾਣੀ ਨੀਵ ਦੈ !

ਇੰਦਰਜੀਤ ਸਿੰਘ ਲਿਖਦੇ ਹਨ ਕਿ ਵੀਰ ਜੀ ਸਿੱਖ ਤੇ ਮੁਸਲਮਾਣ ਕੌਮ ਫਿਰ 1947 ਦੇ ਪਏ ਹੋਏ ਪੂਰਨਿਆਂ ਤੇ ਆ ਗਏ ਹਨ ,ਸਿਖਾਂ ਨੂੰ ਉਹਨਾਂ ਦੇ ਅਪਣੇ ਦਿਖਾਵਟੀ ਦਰਦਮੰਦਾਂ ਨੇ ਅਪਣੀਆਂ ਕੁਰਸੀਆਂ ਦੀ ਖਾਤਿਰ ਤਬਾਹ ਕਰਨ ਵਿਚ ਕੋਈ ਕਸਰ ਨਹੀ ਛਡੀ।ਉਹਨਾਂ ਨੇ ਗਲਵਕੜੀਆਂ ਵੀ ਉਹਨਾਂ ਅਕਿਰਤਘਣਾ ਨੂੰ ਪਾਈਆਂ ਜਿਨਾਂ ਦੀ ਖਾਤਿਰ , ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਦਿਤਾ,ਤੇ ਅੱਜ ਉਹ ਸਿੱਖਾਂ ਦਾ ਤੇ ਸਿੱਖ ਧਰਮ ਦਾ ਵਜ਼ੂਦ ਮਿਟਾਉਣ ਤੇ ਤੁਲੇ ਹੋਏ ਹਨ।

ਪੰਜਾਬ ਜੋ ਕਿ ਗੁਰੂਆਂ ਤੇ ਪੀਰਾਂ ਦੀ ਪਵਿੱਤਰ ਧਰਤੀ ਸੀ ਅੱਜ ਪਖੰਡੀਆਂ ਤੇ ਲੁਟੇਰਿਆਂ ਦੀ ਧਰਤੀ ਬਣ ਗਈ।ਗੁਰੂ ਸਾਹਿਬਾਨ ਦੇ ਵਕਤ ਤਾਂ 22 ਧਾਰ ਦੀਆਂ ਮੰਜੀਆਂ ਸਨ ਪਰ ਹੁਣ ਤਾਂ ਪਾਖੰਡੀਆਂ ਦੀ ਗਿਣਤੀ ਨਹੀਂ ਹੋ ਸਕਦੀ ।ਇਸੇ ਤਰਾਂ ਕੌਮ ਨੂੰ ਤਬਾਹ ਕਰਨ ਲਈ ਮੁਸਲਮਾਨਾਂ ਨਾਲ ਵੀ ਤਸ਼ੱਦਦ ਹੋ ਰਿਹਾ ਹੈ ਤੇ ਇਸਦੇ ਲਈ ਵੀ ਇਹ ਨੇਤਾ ਹੀ ਪੂਰੀ ਤਰਹਾਂ ਜਿੰਮੇਵਾਰ ਹਨ।ਅਕਾਲ ਪੁਰਖ ਇਹਨਾਂ ਕੁਰਸੀ ਤੇ ਦੌਲਤ ਦੇ ਭੁੱਖੇ ਲੁਟੇਰਿਆਂ ਨੂੰ ਸੁਮੱਤ ਦੇਵੇ ,ਇਹੀ ਅਰਦਾਸ ਹੈ।

ਪੱਤਰਕਾਰ ਬਲਵਿੰਦਰ ਪਾਲ ਪ੍ਰੋ. ਦਾ ਕਹਿਣਾ ਹੈ ਕਿ ਸਿਖਾਂ ਨੂੰ ਅੱਜ ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਸਿਖਾਂ ਦੀ ਤਾਕਤ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਤੇ ਪਹਿਰਾ ਦੇਣ ਵਿਚ ਹੈ। ਬੇਗੁਨਾਹ ਕਸ਼ਮੀਰੀਆਂ ਦੇ ਹਕ ਵਿਚ ਖੜਨਾ ਉਸ ਨੂੰ ਸ਼ਕਤੀਸ਼ਾਲੀ ਕੌਮ ਬਣਾ ਗਿਆ। ਸਿੱਖੋ ਸੋਚੋ ਸੱਚੇ ਪਾਤਸ਼ਾਹ ਗੁਰੂ ਨਾਨਕ ਜੋ ਸਾਡਾ ਮਹਾਰਾਜਾ ਹੈ ਉਹ ਕਿੰਨਾ ਸ਼ਕਤੀਸ਼ਾਲੀ ਹੈ।ਜੇ ਗੁਰੂ ਦਾ ਹੁਕਮ ਮੰਨਕੇ ਦਲਿਤਾਂ ,ਗਰੀਬਾਂ ਦੇ ਹਕ ਵਿਚ ਖੜ ਜਾਈਏ।ਜਾਤੀ ਵਿਵਸਥਾ ਦੀ ਜੜ ਭਾਰਤ ਵਿਚੋਂ ਪੁਟ ਦੇਈਏ ਤਾਂ ਦਿਲੀ ਤਖਤ ਤੇ ਸਚੇ ਪਾਤਸ਼ਾਹ ਗੁਰੂ ਨਾਨਕ ਦੇ ਪੁੱਤਰਾਂ ਦਾ ਰਾਜ ਹੋਵੇਗਾ। ਇਕ ਵਾਰ ਸਚੇ ਪਾਤਸ਼ਾਹ ਗੁਰੂ ਨਾਨਕ ਦਾ ਫਾਰਮੂਲਾ ਅਪਨਾ ਲਵੋ।। ਜੇ ਇਹ ਫਾਰਮੂਲਾ ਅਪਨਾ ਲਵੋਂਗੇ ਗੁਰੂ ਨਾਨਕ ਦੇ ਕਿੰਨੇ ਸਿਖ ਭਾਈ ਲਾਲੋ ,ਕੌਡਾ ਭੀਲ ਭਾਈ ਮਰਦਾਨਾ ਪੁਨਰ ਜਨਮ ਲੈਕੇ ਆਪਣੀਆਂ ਸੰਗਤਾਂ ਨਾਲ ਤੁਹਾਡੇ ਹਕ ਵਿਚ ਡਟ ਜਾਣਗੇ।ਸਚਖੰਡ ਵਿਚੋਂ ਸੰਤ ਨਾਮਦੇਵ ਜੀ ਸੰਤ ਸਧਨਾ ਜੀ, ਸੰਤ ਕਬੀਰ ,ਸੰਤ ਗੁਰੂ ਰਵਿਦਾਸ ਜੀ ਦਾ ਤੁਹਾਡੇ ਹਕ ਵਿਚਉਹਨਾਂ ਦੀਆਂ ਸੰਗਤਾਂ ਨੂੰ ਸੁਨੇਹਾ ਆ ਜਾਵੇਗਾ। ਮਹਾਨ ਤਥਾਗਤ ਬੁਧ ਤੁਹਾਡੀ ਸ਼ਾਂਤੀ ਤੇ ਇਨਸਾਫ ਨਿਰਵਾਣ ਦਾ ਮਾਰਗ ਦੇਖਕੇ ਆਪਣੇ ਸੰਘ ਨੂੰ ਹੁਕਮਨਾਮਾ ਭੇਜ ਦੇਣਗੇ।

ਕਸ਼ਮੀਰੀਆਂ ਨੇ ਵੀ ਸਿੱਖਾਂ ਲਈ ਦਿਲ ਖੋਲ੍ਹੇ : ਪੁਲਵਾਮਾ ਅਤਿਵਾਦੀ ਹਮਲੇ ਤੋਂ ਬਾਅਦ ਦੇਸ਼ ਦੇ ਕਈ ਹਿੱਸਿਆਂ ਵਿਚ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਵਾਪਸੀ ਲਈ ਸਿੱਖ ਭਾਈਚਾਰੇ ਵਲੋਂ ਕੀਤੇ ਗਏ ਯਤਨਾਂ ਦੇ ਸਿੱਟੇ ਵਜੋਂ ਕਸ਼ਮੀਰੀਆਂ ਨੇ ਵੀ ਸਿੱਖਾਂ ਲਈ ਆਪਣੇ ਦਿਲ ਖੋਲ ਦਿੱਤੇ ਹਨ। ਕਸ਼ਮੀਰ ਘਾਟੀ ਵਿਚ ਵਸਦੇ ਕਸ਼ਮੀਰੀਆਂ ਨੇ ਸਿੱਖਾਂ ਨੂੰ ਵੱਖ ਵੱਖ ਸੇਵਾਵਾਂ ਦੀ ਮੁਫਤ ਪੇਸ਼ਕਸ਼ ਕੀਤੀ ਹੈ। ਇਸ ਸੰਬੰਧ ਵਿਚ ਸੋਸ਼ਲ ਮੀਡੀਆ ‘ਤੇ ਲਗਪਗ ਦੋ ਦਰਜਨ ਤੋਂ ਵੱਧ ਕਸ਼ਮੀਰੀਆਂ ਵਲੋਂ ਪੇਸ਼ ਕੀਤੀਆਂ ਸੇਵਾਵਾਂ ਦੀ ਪੇਸ਼ਕਸ਼ ਦੀ ਚਰਚਾ ਹੈ। ਇਨਾਂ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲਿਆਂ ਵਿਚ ਕਸ਼ਮੀਰ ਵਾਦੀ ਦੇ ਵਕੀਲ, ਡਾਕਟਰ, ਆਟੋ ਮੋਬਾਈਲ ਸੇਵਾਵਾਂ, ਹੋਟਲ ਸੇਵਾਵਾਂ ਵਾਲੇ ਸ਼ਾਮਲ ਹਨ। ਇਸ ਸੰਬਧ ਵਿਚ ਅਨੰਤਨਾਗ ਵਿਖੇ ਆਰਪਥ ਕਲਾਸਿਸ ਨਾਂ ਹੇਠ ਕੋਚਿੰਗ ਕਲਾਸਾਂ ਚਲਾਉਂਦੇ ਪੀਰਜ਼ਾਦਾ ਹੁਸੈਨ ਨੇ ਆਖਿਆ ਕਿ ਉਨਾਂ ਆਪਣੇ ਕੋਚਿੰਗ ਕੇਂਦਰ ਵਿਚ 11ਵੀਂ ਤੇ 12ਵੀਂ ਦੇ ਸਿੱਖ ਵਿਦਿਆਰਥੀਆਂ ਨੂੰ ਨਾਨ-ਮੈਡੀਕਲ ਅਤੇ ਮੈਡੀਕਲ ਦੀ ਮੁਫ਼ਤ ਕੋਚਿੰਗ ਦੇਣ ਵਾਸਤੇ ਪੇਸ਼ਕਸ਼ ਕੀਤੀ ਹੈ। ਉਸ ਨੇ ਆਖਿਆ ਕਿ ਸਿੱਖ ਭਰਾਵਾਂ ਨੇ ਕਸ਼ਮੀਰੀ ਬੱਚਿਆਂ ਦੀ ਜਾਨਮਾਲ ਦੀ ਰਾਖੀ ਕੀਤੀ ਹੈ, ਜਿਸ ਲਈ ਉਹ ਉਨਾਂ ਦੇ ਸ਼ੁਕਰਗੁਜ਼ਾਰ ਹਨ। ਇਸੇ ਦੇ ਸਿੱਟੇ ਵਜੋਂ ਉਨਾਂ ਵੀ ਤੋਹਫੇ ਵਜੋਂ ਕੁਝ ਸੇਵਾਵਾਂ ਦੀ ਪੇਸ਼ਕਸ਼ ਕੀਤੀ ਹੈ। ਫਿਦਾ ਹੁਸੈਨ, ਜੋ ਕਿ ਪੇਪਰ ਮੈਸ਼ੇ ਨਾਲ ਕੰਧ ਨਕਾਸ਼ੀ ਦੀ ਕਲਾ ਦਾ ਮਾਹਿਰ ਹੈ, ਨੇ ਆਪਣੀਆਂ ਇਹ ਸੇਵਾਵਾਂ ਹਰਿਮੰਦਰ ਸਾਹਿਬ ਸਮੂਹ ਵਿਚ ਕੰਧ ਨਿਕਾਸੀ ਲਈ ਪੇਸ਼ ਕੀਤੀਆਂ ਹਨ। ਉਸ ਨੇ ਆਖਿਆ ਕਿ ਉਹ ਅਤੇ ਉਸ ਦੇ ਕੁਝ ਹੋਰ ਮਿੱਤਰ ਆਪਣੀਆਂ ਇਹ ਸੇਵਾਵਾਂ ਗੁਰੂ ਘਰ ਲਈ ਭੇਟ ਕਰਨਗੇ। ਬਾਰਾਮੂਲਾ ਦੇ ਵਕੀਲ ਹਿਲਾਲ ਅਹਿਮਦ ਡਾਰ ਨੇ ਆਖਿਆ ਕਿ ਅਪਰੈਲ ਮਹੀਨੇ ਤਕ ਕੋਈ ਵੀ ਸਿੱਖ ਜੇਕਰ ਆਪਣਾ ਕਾਨੂੰਨੀ ਕੇਸ ਉਨਾਂ ਕੋਲ ਆਵੇਗਾ ਤਾਂ ਉਹ ਬਿਨਾਂ ਕੋਈ ਕੇਸ ਲਏ, ਉਸ ਦਾ ਕੇਸ ਖਤਮ ਹੋਣ ਤਕ ਆਪਣੀਆਂ ਸੇਵਾਵਾਂ ਦੇਣਗੇ। ਇਸ ਸਬੰਧ ਵਿਚ ਕੋਈ ਫੀਸ ਨਹੀਂ ਵਸੂਲ ਕਰਨਗੇ। ਸ੍ਰੀਨਗਰ ਵਿਖੇ ਅਲਜੀਜੀਆ ਹੋਟਲ ਦੇ ਮੁਸ਼ਤਾਕ ਆਯੂਬ ਨੇ ਆਖਿਆ ਕਿ ਜੇ ਕੋਈ ਸਿੱਖ ਭਰਾ ਸ੍ਰੀਨਗਰ ਆਉਂਦਾ ਹੈ ਅਤੇ ਉਸ ਦੇ ਹੋਟਲ ਵਿਚ ਠਹਿਰਣਾ ਚਾਹੁੰਦਾ ਹੈ ਤਾਂ ਉਹ ਮੁਫ਼ਤ ਰਿਹਾਇਸ਼ ਦਾ ਪ੍ਰਬੰਧ ਕਰਨਗੇ। ਕੁਪਵਾੜਾ ਵਿਖੇ ਸ਼ਾਹੀਨ ਮੈਡੀਕੇਡ ਦੇ ਬਸ਼ੀਰ ਅਹਿਮਦ ਨੇ ਆਖਿਆ ਕਿ ਇਕ ਸਾਲ ਵਾਸਤੇ ਸਿੱਖ ਭਾਈਚਾਰੇ ਦੇ ਲੋਕਾਂ ਕੋਲੋਂ ਡਾਕਟਰੀ ਸਲਾਹ ਵਾਸਤੇ ਕੋਈ ਫੀਸ ਨਹੀਂ ਵਸੂਲੀ ਜਾਵੇਗੀ। ਕਸ਼ਮੀਰੀਆਂ ਵਲੋਂ ਕੀਤੀ ਗਈ ਇਸ ਪੇਸ਼ਕਸ਼ ਦੀ ਸ਼ਲਾਘਾ ਕਰਦਿਆਂ ਜੰਮੂ ਕਸ਼ਮੀਰ ਦੇ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਮੁਖੀ ਜਗਮੋਹਨ ਸਿੰਘ ਰੈਣਾ ਨੇ ਆਖਿਆ ਕਿ ਸਿੱਖਾਂ ਵਲੋਂ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਗਏ ਉਪਦੇਸ਼ ਤਹਿਤ ਮਨੁੱਖਤਾ ਦੀ ਸੇਵਾ ਵਜੋਂ ਹੀ ਕਸ਼ਮੀਰੀ ਵਿਦਿਆਰਥੀਆਂ ਤੇ ਹੋਰਨਾਂ ਦੀ ਸਹਾਇਤਾ ਕੀਤੀ ਗਈ ਹੈ।

ਕਸ਼ਮੀਰੀ ਵਿਦਿਆਰਥੀਆਂ ‘ਤੇ ਹਮਲਿਆਂ ਬਾਰੇ ਮੋਦੀ ਕਿਉਂ ਚੁੱਪ? ਉਮਰ ਅਬਦੁੱਲਾ ਨੇ ਪ੍ਰਧਾਨ ਮੰਤਰੀ ਪੁੱਛਿਆ ਹੈ ਕਿ ਮੋਦੀ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਏ ਜਾਣ ‘ਤੇ ਚੁੱਪ ਕਿਉਂ

ਨੈਸ਼ਨਲ ਕਾਨਫ਼ਰੰਸ ਦੇ ਲੀਡਰ ਉਮਰ ਅਬਦੁੱਲਾ ਨੇ ਪ੍ਰਧਾਨ ਮੰਤਰੀ ਪੁੱਛਿਆ ਹੈ ਕਿ ਨਰਿੰਦਰ



ਮੋਦੀ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਏ ਜਾਣ ‘ਤੇ ਚੁੱਪ ਕਿਉਂ ਹਨ। । ਉਨਾਂ ਜੰਮੂ ਕਸ਼ਮੀਰ ਦੇ ਰਾਜਪਾਲ ਸੱਤਿਆਪਾਲ ਮਲਿਕ ਤੋਂ ਉਨਾਂ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਉਹ ਪੁਲਵਾਮਾ ਹਮਲੇ ਤੋਂ ਬਾਅਦ ਕਥਿਤ ਧਮਕੀਆਂ ਤੇ ਕੁੱਟਮਾਰ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਪਰਤਣ ਲਈ ਮਜਬੂਰ ਹੋਏ ਹਨ।

ਕੇਂਦਰੀ ਸਿੱਖਿਆ ਮੰਤਰੀ ਪ੍ਰਕਾਸ਼ ਜਾਵੇਡਕਰ ਦੀ ਗੱਪ ਕਿ ਕਸ਼ਮੀਰੀ ਵਿਦਿਆਰਥੀਆਂ ਨਾਲ ਬਦਸਲੂਕੀ ਨਹੀਂ ਹੋਈ : ਕੇਂਦਰੀ ਸਿੱਖਿਆ ਮੰਤਰੀ ਪ੍ਰਕਾਸ਼ ਜਾਵੇਡਕਰ ਨੇ ਕਿਹਾ ਹੈ ਕਿ ਕਸ਼ਮੀਰੀ ਵਿਦਿਆਰਥੀਆਂ ਨਾਲ ਬਦਸਲੂਕੀ ਨਹੀਂ ਕੀਤੀ ਗਈ ਹੈ । ਉਨ੍ਹਾਂ ਕਿਹਾ, “ਅਜਿਹਾ ਨਹੀਂ ਹੈ ਕਿ ਕਸ਼ਮੀਰ ਵਿਦਿਆਰਥੀਆਂ ‘ਤੇ ਹਮਲੇ ਹੋ ਰਹੇ ਹਨ। ਮੈਂ ਇਹ ਸਾਫ਼ ਕਰ ਦਵਾਂ ਕਿ ਮੈਂ ਸਾਰੀਆਂ ਸੰਸਥਾਵਾਂ ਦੇ ਸੰਪਰਕ ‘ਚ ਹਾਂ ਅਤੇ ਕਿਤੇ ਵੀ ਅਜਿਹੀਆਂ ਘਟਨਾਵਾਂ ਨਹੀਂ ਹੋਈਆਂ ਹਨ।“ਜਾਵੇਡਕਰ ਨੇ ਅੱਗੇ ਕਿਹਾ, “ਪੁਲਵਾਮਾ ਹਮਲੇ ਤੋਂ ਬਾਅਦ ਦੇਸ ਦੇ ਲੋਕਾਂ ਵਿੱਚ ਗੁੱਸਾ ਹੈ। ਜਿਸ ਤਰ੍ਹਾਂ ਹਮਲਾ ਹੋਇਆ, ਉਸ ਤੋਂ ਬਾਅਦ ਇੱਕ ਜ਼ਬਰਦਸਤ ਰਿਐਕਸ਼ਨ ਹੈ।“

ਸੁਪਰੀਮ ਕੋਰਟ ਵਲੋਂ ਕਸ਼ਮੀਰੀਆਂ ਉੱਪਰ ਹਮਲੇ ਰੋਕਣ ਦੇ ਨਿਰਦੇਸ਼ : ਉਧਰ, ਕਸ਼ਮੀਰੀ ਵਿਦਿਆਰਥੀਆਂ ਨਾਲ ਵਿਤਕਰੇ ਤੋਂ ਲੈ ਕੇ ਉਨਾਂ ਉੱਪਰ ਹਮਲੇ ਦੀਆਂ ਖ਼ਬਰਾਂ ਸਾਹਮਣੇ ਆਉਣ ਮਗਰੋਂ ਸੁਪਰੀਮ ਕੋਰਟ ਹਰਕਤ ਵਿੱਚ ਆਈ ਹੈ। ਦੇਸ਼ ਦੀ ਸਿਖਰਲੀ ਅਦਾਲਤ ਨੇ ਸਖ਼ਤ ਨੋਟਿਸ ਲੈਂਦਿਆਂ ਕੇਂਦਰ ਸਰਕਾਰ ਤੇ 11 ਸੂਬਿਆਂ ਦੀਆਂ ਸਰਕਾਰਾਂ ਨੂੰ ਕਸ਼ਮੀਰੀ ਵਿਦਿਆਰਥੀਆਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ, ਪੰਜਾਬ, ਹਰਿਆਣਾ, ਮੇਘਾਲਿਆ, ਪੱਛਮੀ ਬੰਗਾਲ, ਛੱਤੀਸਗੜ, ਮਹਾਰਾਸ਼ਟਰ, ਦਿੱਲੀ ਤੇ ਜੰਮੂ-ਕਸ਼ਮੀਰ ਸੂਬਿਆਂ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਕਿਹਾ ਹੈ ਕਿ ਸਾਰੇ ਸੂਬੇ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਸਖ਼ਤ ਕਦਮ ਚੁੱਕਣ। ਇਸ ਦੇ ਨਾਲ ਹੀ ਅਦਾਲਤ ਨੇ ਭੀੜ ਦੀ ਹਿੰਸਾ ਦੇ ਮਾਮਲਿਆਂ ਨੂੰ ਕਾਬੂ ਕਰਨ ਲਈ ਬਣਾਏ ਗਏ ਨੋਡਲ ਅਫ਼ਸਰ ਵੀ ਉਨਾਂ ਦੀ ਸੁਰੱਖਿਆ ਯਕੀਨੀ ਬਣਾਉਣ।

ਜਸਟਿਸ ਸੰਜੀਵ ਖ਼ੰਨਾ ਦੀ ਸ਼ਮੂਲੀਅਤਾ ਵਾਲੇ ਬੈਂਚ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਕਿਹਾ ਕਿ ਉਹ ਇਨਾਂ ਅਦਾਲਤੀ ਨਿਰਦੇਸ਼ਾਂ ਦਾ ਵੱਡੇ ਪੱਧਰ ‘ਤੇ ਪ੍ਰਚਾਰ ਕਰੇ ਤਾਂ ਕਿ ਜਿਨਾਂ ਕਸ਼ਮੀਰੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹ ਨੋਡਲ ਅਧਿਕਾਰੀਆਂ ਤਕ ਪਹੁੰਚ ਕਰ ਸਕਣ। ਉਧਰ ਸਰਕਾਰ ਦਾ ਪੱਖ ਰੱਖਦਿਆਂ ਅਟਾਰਨੀ ਜਨਰਲ ਕੇ.ਕੇ.ਵੇਣੂਗੋਪਾਲ ਨੇ ਕਿਹਾ ਕਿ ਸਰਕਾਰ 17 ਫਰਵਰੀ ਨੂੰ ਇਸ ਸਬੰਧੀ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕਰ ਚੁੱਕੀ ਹੈ।

ਵਕੀਲ ਤਾਰਿਕ ਅਦੀਬ ਵੱਲੋਂ ਦਾਇਰ ਪਟੀਸ਼ਨ ਤੇ ਸੁਣਵਾਈ ਕਰਦਿਆਂ ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਮਹਾਰਾਸ਼ਟਰ, ਪੰਜਾਬ, ਉੱਤਰ ਪ੍ਰਦੇਸ਼, ਬਿਹਾਰ, ਜੰਮੂ ਕਸ਼ਮੀਰ, ਹਰਿਆਣਾ, ਮੇਘਾਲਿਆ, ਪੱਛਮੀ ਬੰਗਾਲ, ਛੱਤੀਸਗੜ ਤੇ ਉੱਤਰਾਖੰਡ ਦੇ ਮੁੱਖ ਸਕੱਤਰਾਂ ਤੇ ਪੁਲੀਸ ਮੁਖੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਕਸ਼ਮੀਰੀਆਂ ਦੀ ਕੁੱਟਮਾਰ ਕਰਨ, ਉਨਾਂ ਨੂੰ ਧਮਕੀਆਂ ਤੇ ਸਮਾਜਿਕ ਬਾਈਕਾਟ ਦਾ ਸੱਦਾ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਸਿਖਰਲੀ ਅਦਾਲਤ ਦੇ ਇਹ ਹੁਕਮ ਦਿੱਲੀ ਦੇ ਪੁਲੀਸ ਕਮਿਸ਼ਨਰ ‘ਤੇ ਵੀ ਆਇਦ ਹੋਣਗੇ।

ਸਾਬਕਾ ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਜੋ ਕੰਮ ਕੇਂਦਰ ਸਰਕਾਰ ਨੂੰ ਕਰਨਾ ਚਾਹੀਦਾ ਸੀ, ਉਹ ਸੁਪਰੀਮ ਕੋਰਟ ਨੇ ਕਰ ਵਿਖਾਇਆ ਹੈ। ਉਧਰ ਪੀਡੀਪੀ ਆਗੂ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਉਨਾਂ ਅਦਾਲਤੀ ਫੈਸਲੇ ਨਾਲ ਰਾਹਤ ਦਾ ਸਾਹ ਲਿਆ ਹੈ।

ਕੇਂਦਰ ਵੱਲੋਂ ਕਸ਼ਮੀਰੀਆਂ ਨੂੰ ਸੁਰੱਖਿਆ ਦੇਣ ਦੇ ਨਿਰਦੇਸ਼ : ਕੇਂਦਰ ਨੇ ਸਾਰੇ ਸੂਬਿਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਜੰਮੂ ਕਸ਼ਮੀਰ ਦੇ ਬਾਸ਼ਿੰਦਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਉਪਰਾਲੇ ਕਰਨ। ਪੁਲਵਾਮਾ ਦਹਿਸ਼ਤੀ ਹਮਲੇ ਮਗਰੋਂ ਮੁਲਕ ਦੇ ਵੱਖ ਵੱਖ ਹਿੱਸਿਆਂ ‘ਚ ਕਸ਼ਮੀਰੀ ਵਿਦਿਆਰਥੀਆਂ ਅਤੇ ਕਾਰੋਬਾਰੀਆਂ ‘ਤੇ ਹਮਲੇ ਦੀਆਂ ਰਿਪੋਰਟਾਂ ਅਤੇ ਸੁਪਰੀਮ ਕੋਰਟ ਤੋਂ ਮਿਲੀਆਂ ਹਦਾਇਤਾਂ ਮਗਰੋਂ ਇਹ ਨਿਰਦੇਸ਼ ਜਾਰੀ ਕੀਤੇ ਗਏ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES
27 ਫਰਵਰੀ 2019 ਤੋਂ 05 ਮਾਰਚ 2019

*ਮਹਿਮਾਨ ਸੰਪਾਦਕੀ*

### ਹਿੰਦ-ਪਾਕਿ ਜੰਗ ਦਾ ਸਥਾਈ ਹੱਲ

## ਪੰਜਾਬ ਨੂੰ ਮਿਲੇ ਬਫਰ ਸਟੇਟ ਦਾ ਰੁਤਬਾ

**-ਸ. ਕਰਮਜੀਤ ਸਿੰਘ (9915091063)**

ਬਫਰ ਸਟੇਟ ਦੋ ਜਾਂ ਵਧੇਰੇ ਦੁਸ਼ਮਣ ਮੁਲਕਾਂ ਦਰਮਿਆਨ ਕੁੜੱਤਣ ਦੂਰ ਕਰਕੇ ਹੋਣ ਵਾਲੇ ਨੁਕਸਾਨ ਨੂੰ ਰੋਕਣ ਵਾਲੀ ਧਿਰ ਹੁੰਦੀ ਹੈ। ਪਰਮਾਣੂ ਤਾਕਤਾਂ ਵਾਲੇ ਮੁਲਕ ਭਾਰਤ ਤੇ ਪਾਕਿਸਤਾਨ ਦੀ ਤਿਕੋਣ ਦੇ ਵਿਚਕਾਰ ਜਮਹੂਰੀਅਤ ਅਤੇ ਅਮਨ-ਪੂਰਬਕ ਢੰਗ ਰਾਹੀਂ ਕੌਮਾਂਤਰੀ ਪੱਧਰ ਉੱਤੇ 'ਬਫ਼ਰ ਸਟੇਟ' ਕਾਇਮ ਕਰਨ ਦੀ ਮੰਗ ਜ਼ੋਰ-ਸ਼ੋਰ ਨਾਲ ਉਠ ਰਹੀ ਹੈ। ਇਸ ਨਾਲ ਇਨ੍ਹਾਂ ਪਰਮਾਣੂ ਤਾਕਤਾਂ ਨੂੰ ਜਿੱਥੇ ਕਿਸੇ ਆਪਸੀ ਜੰਗ ਤੋਂ ਦੂਰ ਰੱਖਿਆ ਜਾ ਸਕੇਗਾ, ਉਥੇ ਪੰਜਾਬੀਆਂ ਉਤੇ ਪਰਮਾਣੂ ਜੰਗ ਹੋਣ ਦੇ ਸੰਭਾਵਿਤ ਖ਼ਤਰੇ ਨੂੰ ਵੀ ਸਦਾ ਲਈ ਦੂਰ ਕੀਤਾ ਜਾ ਸਕੇਗਾ। ਭਾਰਤ ਤੇ ਪਾਕਿਸਤਾਨ ਵਿਚਾਲੇ ਅਮਨ ਲਈ, ਮੁਸਲਿਮ ਅਤੇ ਹਿੰਦੂ ਕੌਮ ਦੀ ਦੁਸ਼ਮਣੀ ਨੂੰ ਖਤਮ ਕਰਨ ਅਤੇ ਏਸ਼ੀਆ ਖਿੱਤੇ ਵਿਚ ਸਥਾਈ ਤੌਰ ਉਤੇ ਅਮਨ-ਚੈਨ ਕਾਇਮ ਕਰਨ ਲਈ ਕਸ਼ਮੀਰ ਦੀ ਸਮੱਸਿਆ ਨੂੰ ਹੱਲ ਕਰਨ ਦੇ ਨਾਲ-ਨਾਲ ਇਹ ਵੀ ਜ਼ਰੂਰੀ ਹੈ ਕਿ ਹਿੰਦ ਅਤੇ ਪਾਕਿ ਦੋਵਾਂ ਦੁਸ਼ਮਣ ਤਾਕਤਾਂ ਵਿਚਕਾਰ ਸਿੱਖ ਵਸੋਂ ਵਾਲੇ ਇਲਾਕੇ ਪੰਜਾਬ ਨੂੰ ਬਫਰ ਸਟੇਟ ਦਾ ਰੁਤਬਾ ਦਿੱਤਾ ਜਾਵੇ। ਤਦ ਹੀ ਇਹਨਾਂ ਤਿੰਨੇ ਕੌਮਾਂ ਵਿਚਕਾਰ ਸੰਤੁਲਨ ਕਾਇਮ ਰਹਿ ਸਕੇਗਾ ਅਤੇ ਏਸ਼ੀਆਈ ਖਿੱਤੇ ਦੇ ਮਾਹੌਲ ਨੂੰ ਖੁਸ਼ਗਵਾਰ ਬਣਾਇਆ ਜਾ ਸਕੇਗਾ।

ਖ਼ਾਲਸਾ ਪੰਥ ਇਕ ਸੌਵਰਨ ਨੇਸ਼ਨ ਹੈ ਅਤੇ ਪੰਜਾਬ ਉਸ ਦੀ ਸਰਜ਼ਮੀਨ ਹੈ। ਸਿੱਖ ਸੌਵਰਨਿਟੀ ਦੇ ਸੰਕਲਪ ਵਿਚ ਅਜ਼ਾਦੀ, ਸਵੈ-ਰਾਜ, ਪੂਰਣ ਅਜ਼ਾਦੀ, ਖੁਦਮੁਖਤਿਆਰੀ, ਅੰਮ੍ਰਿਤਸਰ ਐਲਾਨਨਾਮਾ, ਕਨਫੈਡਰੇਸ਼ਨ, ਖਾਲਿਸਤਾਨ ਅਤੇ ਅਨੰਦਪੁਰ ਸਾਹਿਬ ਦਾ ਮਤਾ ਵਗੈਰਾ ਬਹੁਤ ਕੁਝ ਸਾਡੇ ਸਾਹਮਣੇ ਸਮੇਂ-ਸਮੇਂ ਮੁਤਾਬਕ ਆਇਆ ਹੈ। ਕਈ ਵਾਰ ਇੰਨੀਆਂ ਸਾਰੀਆਂ ਟਰਮਜ਼ ਭੁਲੇਖਾ ਵੀ ਪਾ ਸਕਦੀਆਂ ਹਨ ਪਰ ਬਫਰ ਸਟੇਟ ਇਕ ਅਜਿਹਾ ਮੁਲਕ ਹੁੰਦਾ ਹੈ ਜਿਸ ਦਾ ਇਲਾਕਾ ਦੋ ਜਾਂ ਕਈ ਵਿਰੋਧੀ ਮੁਲਕਾਂ ਵਿਚ ਪੈਂਦਾ ਹੈ। ਇਸ ਦਾ ਮੁੱਖ ਮਨੋਰਥ ਆਪਣੀ ਅਜ਼ਾਦ ਹਸਤੀ ਨੂੰ ਕਾਇਮ ਰੱਖਦਿਆਂ ਵਿਰੋਧੀ ਮੁਲਕਾਂ ਵਿਚ ਟਕਰਾਓ ਜਾਂ ਲੜਾਈ ਨੂੰ ਖਤਮ ਕਰਨਾ ਹੁੰਦਾ ਹੈ। ਬਫਰ ਸਟੇਟ ਜੰਗ ਨੂੰ ਰੋਕਦਾ ਹੈ ਅਤੇ ਦੋਵਾਂ ਧਿਰਾਂ ਨੂੰ ਪੁਰਅਮਨ ਢੰਗ ਨਾਲ਼ ਮਸਲੇ ਹੱਲ ਕਰਨ ਦੀ ਪ੍ਰੇਰਨਾ ਦਿੰਦਾ ਹੈ। ਵਿਰੋਧੀ ਮੁਲਕਾਂ ਵਲੋਂ ਬਫਰ ਸਟੇਟ ਨੂੰ ਮਾਨਤਾ ਹਾਸਿਲ ਹੁੰਦੀ ਹੈ, ਹਾਲਾਂਕਿ ਕਈ ਵਾਰ ਦੋਵਾਂ ਦਾ ਇਹ ਯਤਨ ਵੀ ਹੁੰਦਾ ਹੈ ਕਿ ਬਫਰ ਸਟੇਟ ਉਤੇ ਕਬਜ਼ਾ ਕਰ ਲਿਆ ਜਾਵੇ।

ਬਫਰ ਸਟੇਟ ਕੋਲ ਆਪਣੀ ਫੌਜ ਅਤੇ ਆਪਣੀ ਸੁਤੰਤਰ ਵਿਦੇਸ਼ ਨੀਤੀ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਉਰੂਗਵੇ ਦੇਸ਼ ਅਰਜਨਟੀਨਾ ਤੇ ਬਰਾਜ਼ੀਲ ਵਿਚਕਾਰ ਬਫਰ ਸਟੇਟ ਦੇ ਤੌਰ 'ਤੇ ਹੈ। ਇਸੇ ਤਰ੍ਹਾਂ ਜੌਰਜੀਆ ਦੀ ਬਸਤੀ ੧੯ਵੀਂ ਸਦੀ ਵਿਚ ਫਲੋਰੀਡਾ ਅਤੇ ਅਮਰੀਕਾ ਵਿਚਕਾਰ ਬਫਰ ਸਟੇਟ ਰਹੀ ਹੈ। ਉਤਰੀ ਕੋਰੀਆ ਵੀ ਠੰਡੀ ਜੰਗ ਦੌਰਾਨ ਅਤੇ ਉਸ ਤੋਂ ਪਿਛੋਂ ਚੀਨ ਅਤੇ ਸਾਊਥ ਕੋਰੀਆ ਵਿਚਕਾਰ ਬਫਰ ਸਟੇਟ ਰਿਹਾ ਹੈ। ਚੀਨ ਅਤੇ ਭਾਰਤ ਵਿਚ ਨੇਪਾਲ ਵੀ ਇੱਕ ਬਫਰ ਸਟੇਟ ਹੈ। ਅਫ਼ਗਾਨਿਸਤਾਨ ਰੂਸ ਅਤੇ ਪਾਕਿਸਤਾਨ ਵਿਚ ਇੱਕ ਬਫਰ ਸਟੇਟ ਹੈ। ਪੋਲੈਂਡ ਤੇ ਹੋਰ ਪੂਰਬੀ ਯੂਰਪ ਦੇ ਮੁਲਕ ਰੂਸ ਅਤੇ ਪੱਛਮੀ ਯੂਰਪ ਦੇ ਮੁਲਕਾਂ ਵਿਚ ਬਫਰ ਸਟੇਟ ਹਨ। ਯੂਕਰੇਨ ਰੂਸ ਅਤੇ ਨਾਟੋ ਬਲਾਕ ਵਿਚ ਬਫਰ ਸਟੇਟ ਹੈ।

ਇੰਜ ਪੰਜਾਬ ਇੱਕ ਅਜਿਹਾ ਖਿੱਤਾ ਹੈ ਜਿਸ ਨੂੰ ਸਟ੍ਰੈਟੇਜਿਕ ਜਾਂ ਰਣਨੀਤਕ ਮੁਹਾਵਰੇ ਵਿਚ ਬਫਰ ਸਟੇਟ ਕਿਹਾ ਜਾਂਦਾ ਹੈ। ਸਾਡੀ ਰੋਜ਼ਾਨਾ ਅਰਦਾਸ ਵਿਚ ਗੁਰੂ ਸਾਹਿਬਾਨ ਨੇ ਜ਼ਿੰਦਗੀ ਦੇ ਤਮਾਮ ਵਰਤਾਰਿਆਂ ਨੂੰ ਧਿਆਨ ਦੀ ਅੱਖ ਨਾਲ ਵੇਖਣ ਦੀ ਤਾਗੀਦ ਕੀਤੀ ਹੈ। ਹੁਣ ਇਸ ਅੱਖ ਨਾਲ ਵੇਖਣ ਵਾਲੀ ਜਗਿਆਸਾ, ਦਿਲਚਸਪੀ ਅਤੇ ਸ਼ੌਕ ਪੈਦਾ ਕਰੋ ਜਿਸ ਵਿਚ ਦੋ ਮੁਲਕ ਜੰਗ ਦਾ ਮਾਹੌਲ ਸਿਰਜ ਰਹੇ ਹਨ। ਇਹ ਸੱਚੇ ਪਾਤਸ਼ਾਹ ਦੀ ਕੋਈ ਮਹਾਨ ਬਖਸ਼ਿਸ਼ ਹੀ ਹੈ ਕਿ ਅਸੀਂ ਉਸ ਖਿੱਤੇ ਵਿਚ ਵਿਚਰ ਰਹੇ ਹਾਂ ਜੋ ਰਣਨੀਤਕ ਅਤੇ ਰਾਜਨੀਤਕ ਪੱਖ ਤੋਂ ਬੇਹੱਦ ਮਹੱਤਵਪੂਰਨ ਹੈ। ਸਾਡੇ ਇੱਕ ਪਾਸੇ ਭਾਰਤ ਹੈ ਅਤੇ ਦੂਜੇ ਪਾਸੇ ਪਾਕਿਸਤਾਨ ਹੈ ਅਤੇ ਸਾਡੀਆਂ ਗੂੜ੍ਹੀਆਂ ਅਤੇ ਪਿਆਰ ਭਰੀਆਂ ਹਕੀਕੀ ਅਤੇ ਇਤਿਹਾਸਕ ਸਾਂਝਾਂ ਦੋਵੇਂ ਪਾਸੇ ਹੀ ਹਨ। ਇਸ ਹਕੀਕਤ ਦੇ ਡੂੰਘੇ ਅਰਥ ਹਨ ਜੋ ਸਾਨੂੰ ਕੂਟਨੀਤਕ ਕਲਾ ਨੂੰ ਸਮਝਣ ਤੇ ਵਰਤਣ ਦੀ ਪ੍ਰੇਰਨਾ ਦਿੰਦੀ ਹੈ। ਇਹ ਇਤਫ਼ਾਕ ਹੀ ਹੈ ਕਿ ਇੱਕ ਮੁਲਕ ਵਿਚ ਸਾਡੇ ਪਹਿਲੇ ਪੈਗੰਬਰ ਦਾ ਜਨਮ ਅਸਥਾਨ ਅਤੇ ਜੋਤੀ ਜੋਤ ਸਮਾਉਣ ਦਾ ਅਸਥਾਨ ਹੈ ਜਦਕਿ ਦੂਜੇ ਮੁਲਕ ਵਿਚ ਸਾਡੇ ਆਖ਼ਰੀ ਪੈਗ਼ੰਬਰ ਦਾ ਜਨਮ ਅਸਥਾਨ ਤੇ ਜੋਤੀ ਜੋਤ ਸਮਾਉਣ ਦਾ ਅਸਥਾਨ ਹੈ। ਇਹ ਵੀ ਇੱਕ ਚਮਤਕਾਰ ਹੀ ਹੈ ਕਿ ਪੰਜਾਬ ਖ਼ਾਲਸੇ ਦੀ ਜਨਮ ਭੂਮੀ ਹੈ ਅਤੇ ਇੱਥੇ ਹਰਿਮੰਦਰ ਸਾਹਿਬ ਮੌਜੂਦ ਹੈ ਜਿਸ ਵਿਚ ਅਕਾਲ ਦਾ ਤਖਤ ਸੁਭਾਏਮਾਨ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨਾਂ ਦੀ ਤਾਂਘ ਅਸੀਂ ਹਰ ਰੋਜ਼ ਅਰਦਾਸ ਵਿਚ ਕਰਦੇ ਹਾਂ। ਇਸ ਅਸਥਾਨ ਦੀ ਰਾਖੀ ਦੀ ਪਵਿੱਤਰ ਜ਼ਿੰਮੇਵਾਰੀ ਵੀ ਸਾਡੇ ਉਤੇ ਹੀ ਹੈ। ਵੀਹਵੀਂ ਸਦੀ ਵਿਚ ਸੰਤ ਜਰਨੈਲ ਸਿੰਘ ਦੀ ਅਗਵਾਈ ਵਿਚ ਸਾਡੇ ਜੁਝਾਰੂ ਸਿੰਘ ਇਸ ਅਸਥਾਨ ਦੀ ਰਾਖੀ ਦੇ ਚਸ਼ਮਦੀਦ ਗਵਾਹ ਬਣੇ ਅਤੇ ਸ਼ਹਾਦਤਾਂ ਦੇ ਜਾਮ ਪੀਤੇ। ਅਫਸੋਸ ਦੀ ਗੱਲ ਇਹ ਹੈ ਕਿ ਕੁਦਰਤ ਨੇ ਸਾਨੂੰ ਜਿਸ ਤੋਹਫ਼ੇ ਨਾਲ ਨਿਵਾਜਿਆ ਹੈ ਉਸ ਦੀ ਅਹਿਮੀਅਤ ਤੇ ਮਹਾਨਤਾ ਦੀ ਸਾਨੂੰ ਸਮਝ ਹੀ ਨਹੀਂ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਬਫਰ ਸਟੇਟ ਦੀ ਮਹਾਨਤਾ ਨੂੰ ਲੋਕਾਂ ਦੇ ਦਿਲਾਂ ਵਿਚ ਵਸਾਇਆ ਜਾਵੇ। ਇਸ ਸਮੇਂ ਅਜਿਹੇ ਬੁੱਧੀਜੀਵੀਆਂ ਦੀ ਲੋੜ ਹੈ ਜਿਨ੍ਹਾਂ ਨੂੰ ਇਤਿਹਾਸ, ਰਾਜਨੀਤੀ, ਵਿਗਿਆਨ, ਧਰਮ, ਅਰਥ ਸ਼ਾਸਤਰ ਤੇ ਸਮਾਜ ਵਿਗਿਆਨਾਂ ਦੀ ਡੂੰਘੀ ਸਮਝ ਹੋਵੇ ਅਤੇ ਜੋ ਅੰਤਰਰਾਸ਼ਟਰੀ ਰੁਝਾਨਾਂ ਨੂੰ ਸਮਝਦੇ ਹੋਣ। ਨਾਲ ਹੀ ਉਹ ਆਪਣੇ ਗਿਆਨ ਤੇ ਜਾਣਕਾਰੀ ਨੂੰ ਬਫਰ ਸਟੇਟ ਦੇ ਸੰਕਲਪ ਨਾਲ ਜੋੜ ਕੇ ਜਿੱਥੇ ਇੱਕ ਪਾਸੇ ਅੰਤਰਰਾਸ਼ਟਰੀ ਰਾਜਨੀਤੀ ਵਿਚ ਅਹਿਮ ਰੋਲ ਅਦਾ ਕਰਨ, ਦੂਜੇ ਪਾਸੇ ਪੰਜਾਬੀਆਂ ਵਿਚ ਅੰਤਰਰਾਸ਼ਟਰੀ ਸਮਝ ਦੀ ਇੱਕ ਵੱਡੀ ਲਹਿਰ ਨੂੰ ਜਨਮ ਦੇਣ। ਮੁਲਕ ਦੀ ਸੰਨ 1947 ਦੀ ਵੰਡ ਸਮੇਂ ਅੰਗਰੇਜ਼ਾਂ ਵੱਲੋਂ ਮੁਸਲਿਮ ਕੌਮ ਨੂੰ ਉਹਨਾਂ ਦਾ ਵੱਖਰਾ ਮੁਲਕ ਪਾਕਿਸਤਾਨ ਦਿੱਤਾ ਗਿਆ ਅਤੇ ਹਿੰਦੂ ਕੌਮ ਨੂੰ ਵੱਖਰਾ ਮੁਲਕ ਹਿੰਦੁਸਤਾਨ ਮਿਲ ਗਿਆ, ਜਿਥੇ ਉਨ੍ਹਾਂ ਦੀ ਬਹੁਗਿਣਤੀ ਸਰਦਾਰੀ ਹੈ। ਤੀਜੀ ਧਿਰ ਸਿੱਖ ਕੌਮ ਨੂੰ ਉਹਨਾਂ ਦਾ ਘਰ ਪ੍ਰਾਪਤ ਨਹੀ ਹੋਇਆ। ਵੰਡ ਸਮੇਂ ਸਿੱਖ ਕੌਮ ਨੂੰ ਹਿੰਦੂਆਂ ਨਾਲ ਜੋੜਨ ਦੀ ਗੁਸਤਾਖੀ ਕੀਤੀ ਗਈ ਸੀ। ਸਿੱਖ ਕੌਮ ਨਾ ਕਦੇ ਗੁਲਾਮ ਰਹੀ ਹੈ ਅਤੇ ਨਾ ਰਹੇਗੀ। ਬਫਰ ਸਟੇਟ ਨੂੰ ਕਾਇਮ ਕਰਨ ਤੋਂ ਬਿਨਾ ਇਥੇ ਸਥਾਈ ਅਮਨ-ਚੈਨ ਨੂੰ ਕਾਇਮ ਨਹੀਂ ਕੀਤਾ ਜਾ ਸਕਦਾ।

### ਵੋਟਾਂ ਦੀ ਛਾਵੇਂ-ਛਾਵੇਂ ਜਮਹੂਰੀਅਤ ਨੂੰ ਸੇਕ

# ਕਦੇ ਕਸ਼ਮੀਰੀਆਂ ਵਾਲਾ ਭਾਣਾ ਸਿੱਖਾਂ ਨਾਲ ਵਰਤਿਆ ਸੀ



**ਸਾਢੇ ਤਿੰਨ ਦਹਾਕੇ ਪਹਿਲਾਂ ਕਸ਼ਮੀਰੀਆਂ ਵਾਲਾ ਭਾਣਾ ਸਿੱਖਾਂ ਨਾਲ ਵਰਤਿਆ ਸੀ। ਇਹ ਵੱਖਰੀ ਗੱਲ ਹੈ ਕਿ ਉਦੋਂ ਕਿਸੇ ਕੋਰਟ-ਕਚਹਿਰੀ ਨੂੰ ਫ਼ਰਜ਼ਾਂ ਦਾ ਚੇਤਾ ਕਰਵਾਉਣ ਦਾ ਚੇਤਾ ਨਹੀਂ ਸੀ ਆਇਆ ਅਤੇ ਫਿਰ ਦਹਾਕਿਆਂ ਤੱਕ ਇਹ ਚੇਤਾ ਭੁੱਲਿਆ ਹੀ ਰਿਹਾ। ਉਸ ਵਕਤ ਵੀ ਭਾਰਤ ਦਾ ਜਮਹੂਰੀ ਨਿਜ਼ਾਮ ਸੰਸਾਰ ਭਰ ਵਿਚ ਸਭ ਤੋਂ ਵੱਡਾ ਹੀ ਸੀ ਅਤੇ ਉਦੋਂ ਇਕ ਖਾਸ ਪਾਰਟੀ ਨੇ ਵੋਟਾਂ ਦੀ ਭਰਵੀਂ ਫ਼ਸਲ ਵੱਢੀ ਸੀ; ਐਤਕੀਂ ਵੀ ਜਾਪਦਾ ਹੈ ਕਿ ਕਿਸੇ ਖਾਸ ਪਾਰਟੀ ਲਈ ਵੋਟਾਂ ਦੀ ਭਰਵੀਂ ਫ਼ਸਲ ਵੱਢਣ ਦੀ ਤਿਆਰੀ ਲਈ ਹਾਲਾਤ 'ਸਾਜ਼ਗਾਰ' ਬਣਾਏ ਜਾ ਰਹੇ ਹਨ।**

**ਜਸਵੀਰ ਸਮਰ**

ਹਿੰਦੀ ਲਿਖਾਰੀ ਅਸਗ਼ਰ ਵਜਾਹਤ ਨੇ ਆਪਣੀ ਇਕ ਲਿਖਤ ਵਿਚ ਪਾਕਿਸਤਾਨ ਬਾਬਤ ਲਤੀਫ਼ੇ ਦਾ ਜ਼ਿਕਰ ਕੀਤਾ ਹੈ। ਕਿਸੇ ਆਦਮੀ ਨੇ ਫ਼ੌਜ ਦੇ ਮੁਖੀ ਨੂੰ ਪੁੱਛਿਆ, ਪਾਕਿਸਤਾਨੀ ਫ਼ੌਜ ਦਾ ਸਭ ਤੋਂ ਵੱਡਾ ਹਾਸਲ ਕੀ ਹੈ? ਜਵਾਬ ਮਿਲਿਆ, ਪਾਕਿਸਤਾਨੀ ਫ਼ੌਜ ਨੇ ਪਾਕਿਸਤਾਨ ਜਿੱਤ ਲਿਆ ਹੈ।' ਹੁਣ ਰਤਾ ਭਾਰਤ ਵੱਲ ਪਰਤੀਏ ਜਿਸ ਬਾਰੇ ਮੇਰਠ (ਉੱਤਰ ਪ੍ਰਦੇਸ਼) ਵਿਚ ਜੰਮੀ ਅਤੇ ਲਾਹੌਰ (ਪਾਕਿਸਤਾਨ) ਵਿਚ ਫ਼ੌਤ ਹੋਈ ਸ਼ਾਇਰਾ, ਮਰਹੂਮ ਫਹਿਮੀਦਾ ਰਿਆਜ਼ ਨੇ ਆਪਣੀ ਨਜ਼ਮ 'ਨਯਾ ਭਾਰਤ' ਅੰਦਰ ਟਿੱਪਣੀ ਕੀਤੀ ਸੀ: ਤੁਮ ਬਿਲਕੁਲ ਹਮ ਜੈਸੇ ਨਿਕਲੇ/ਅਬ ਤਕ ਕਹਾਂ ਛੁਪੇ ਥੇ ਭਾਈ।' ਇਸ ਨਜ਼ਮ ਦਾ ਨਾਤ੍ਹਆ ਪਿਛਲੇ ਪੰਜ ਸਾਲਾਂ ਦੀ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ।

ਹੁਣ ਜਦੋਂ ਲੋਕ ਸਭਾ ਚੋਣਾਂ ਬੂਹਾਂ 'ਤੇ ਆਈਆਂ ਖੜ੍ਹੀਆਂ ਹਨ ਤਾਂ ਹਰ ਪਾਰਟੀ ਅਤੇ ਆਗੂ ਨੂੰ ਵੋਟ ਬੈਂਕ ਦਾ ਜਿਵੇਂ ਤਾਪ ਚੜ੍ਹਿਆ ਹੋਇਆ ਹੈ। ਇਸ ਮਾਮਲੇ ਵਿਚ ਸਭ ਤੋਂ ਵੱਧ ਅਸਰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਉੱਤੇ ਦਿਸਦਾ ਹੈ; ਇਹ ਪਾਰਟੀ ਸਿਰਫ ਆਪਣਾ ਪ੍ਰਚਾਰ ਹੀ ਨਹੀਂ ਕਰ ਰਹੀ, ਦੂਜਿਆਂ ਨੂੰ ਡੱਕ ਵੀ ਰਹੀ ਹੈ। ਉਂਜ, ਮੀਡੀਆ ਦੇ ਵੱਡੇ ਹਿੱਸੇ ਦੇ ਗੋਡਣੀਆਂ ਪਰਨੇ ਹੋਣ ਦੇ ਬਾਵਜੂਦ, ਕਿਤੇ ਨਾ ਕਿਤੇ ਇਹ ਸਵਾਲ ਉੱਭਰ ਆਉਂਦਾ ਹੈ: 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ 'ਸਭ ਤੋਂ ਵੱਧ ਸਰਗਰਮ ਪ੍ਰਧਾਨ ਮੰਤਰੀ' ਨਰਿੰਦਰ ਮੋਦੀ ਦਾ ਪਿਛਲੇ ਪੰਜ ਸਾਲਾਂ ਦਾ ਹਾਸਲ ਕੀ ਹੈ? ਹਰ ਧਿਰ ਅਤੇ ਧੜੇ ਦੇ ਇਸ ਸਵਾਲ ਦੇ ਜਵਾਬ ਵੱਖਰੇ ਵੱਖਰੇ ਹੋ ਸਕਦੇ ਹਨ ਪਰ ਇਕ ਜਵਾਬ ਜਿਹੜਾ ਪਿਛਲੇ ਪੰਜਾਂ ਸਾਲਾਂ ਦੀ ਸਰਗਰਮੀ ਨੇ ਸਭ ਦੇ ਸਾਹਮਣੇ ਲਿਆਂਦਾ ਹੈ, ਉਹ ਹੈ: ਪ੍ਰਧਾਨ ਮੰਤਰੀ ਨੇ ਮੁਲਕ ਅੰਦਰ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਕਿਤੇ ਕੋਈ ਮਾੜਾ-ਮੋਟਾ ਫਲੂਹਾ ਸੁੱਟਣ ਦੀ ਦੇਰ ਹੈ, ਭਾਂਬੜ ਬਲ਼ ਉੱਠਦਾ ਹੈ।

ਪੁਲਵਾਮਾ ਹਮਲੇ ਤੋਂ ਬਾਅਦ ਮੁਲਕ ਭਰ ਵਿਚ ਜੋ ਕੁਝ ਕਸ਼ਮੀਰੀਆਂ, ਖਾਸਕਰ ਕਸ਼ਮੀਰੀ ਵਿਦਿਆਰਥੀਆਂ ਨਾਲ ਹੋਈ-ਬੀਤੀ ਹੈ, ਇਸੇ ਮਾਹੌਲ ਦੀ ਤਾਜ਼ਾਤਰੀਨ ਮਿਸਾਲ ਹੈ। ਮੁਲਕ ਦੀਆਂ ਵੱਖ ਵੱਖ ਥਾਵਾਂ ਉੱਤੇ ਮੁਸਲਮਾਨਾਂ ਖ਼ਿਲਾਫ਼ ਜੋ ਨਫ਼ਰਤ, ਹਿੰਸਾ ਦਾ ਰੂਪ ਧਾਰ ਕੇ ਅਕਸਰ ਪ੍ਰਗਟ ਹੁੰਦੀ ਰਹੀ ਹੈ, ਇਸ ਵਾਰ ਇਸ ਦੀ ਲਪੇਟ ਵਿਚ ਕਸ਼ਮੀਰੀ ਮੁਸਲਮਾਨ ਆਏ ਹਨ। ਇਨ੍ਹਾਂ ਖ਼ੌਫ਼ਨਾਕ ਹਾਲਾਤ ਵਿਚ ਸਾਡੇ 'ਪੁਖ਼ਤਾ' ਜਮਹੂਰੀ ਨਿਜ਼ਾਮ ਨੂੰ ਫ਼ਰਜ਼ਾਂ ਦਾ ਚੇਤਾ ਕਰਵਾਉਣ ਲਈ ਸੁਪਰੀਮ ਕੋਰਟ ਨੂੰ ਹਦਾਇਤਾਂ ਦੇਣੀਆਂ ਪਈਆਂ ਹਨ। ਸਾਢੇ ਤਿੰਨ ਦਹਾਕੇ ਪਹਿਲਾਂ ਕਸ਼ਮੀਰੀਆਂ ਵਾਲਾ ਭਾਣਾ ਸਿੱਖਾਂ ਨਾਲ ਵਰਤਿਆ ਸੀ। ਇਹ ਵੱਖਰੀ ਗੱਲ ਹੈ ਕਿ ਉਦੋਂ ਕਿਸੇ ਕੋਰਟ-ਕਚਹਿਰੀ ਨੂੰ ਫ਼ਰਜ਼ਾਂ ਦਾ ਚੇਤਾ ਕਰਵਾਉਣ ਦਾ ਚੇਤਾ ਨਹੀਂ ਸੀ ਆਇਆ ਅਤੇ ਫਿਰ ਦਹਾਕਿਆਂ ਤੱਕ ਇਹ ਚੇਤਾ ਭੁੱਲਿਆ ਹੀ ਰਿਹਾ। ਉਸ ਵਕਤ ਵੀ ਭਾਰਤ ਦਾ ਜਮਹੂਰੀ ਨਿਜ਼ਾਮ ਸੰਸਾਰ ਭਰ ਵਿਚ ਸਭ ਤੋਂ ਵੱਡਾ ਹੀ ਸੀ ਅਤੇ ਉਦੋਂ ਇਕ ਖਾਸ ਪਾਰਟੀ ਨੇ ਵੋਟਾਂ ਦੀ ਭਰਵੀਂ ਫ਼ਸਲ ਵੱਢੀ ਸੀ; ਐਤਕੀਂ ਵੀ ਜਾਪਦਾ ਹੈ ਕਿ ਕਿਸੇ ਖਾਸ ਪਾਰਟੀ ਲਈ ਵੋਟਾਂ ਦੀ ਭਰਵੀਂ ਫ਼ਸਲ ਵੱਢਣ ਦੀ ਤਿਆਰੀ ਲਈ ਹਾਲਾਤ 'ਸਾਜ਼ਗਾਰ' ਬਣਾਏ ਜਾ ਰਹੇ ਹਨ।

ਕਸ਼ਮੀਰੀ ਮੁਸਲਮਾਨਾਂ ਉੱਪਰ ਹਮਲਿਆਂ ਤੋਂ ਬਾਅਦ ਭੁੱਲੜ ਬੁੱਧੀਜੀਵੀ ਅਜੇ ਵੀ ਆਸ ਲਗਾਈ ਬੈਠੇ ਸਨ ਕਿ ਪ੍ਰਧਾਨ ਮੰਤਰੀ ਦਾ ਕੋਈ ਸਖ਼ਤ ਸੁਨੇਹਾ ਆਵੇਗਾ। ਦਰਅਸਲ, ਊਠ ਦਾ ਇਹ ਬੁੱਲ੍ਹ 2 ਜੂਨ 2014 ਤੋਂ ਲਟਕ ਰਿਹਾ ਹੈ। ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਹਲਫ਼ 26 ਮਈ 2014 ਨੂੰ ਲਿਆ ਸੀ ਅਤੇ 2 ਜੂਨ ਨੂੰ ਪੁਣੇ (ਮਹਾਰਸ਼ਟਰ) ਅੰਦਰ ਮੋਹਸਿਨ ਸ਼ੇਖ਼ ਨੂੰ ਕੱਟੜਪੰਥੀਆਂ ਨੇ ਕੁੱਟ ਕੁੱਟ ਕੇ ਮਾਰ-ਮੁਕਾਇਆ ਸੀ। ਉਦੋਂ ਜਿਨ੍ਹਾਂ ਨੂੰ ਇਹ ਭੁਲੇਖਾ ਪਿਆ ਸੀ ਕਿ ਅਖੌਤੀ ਵਿਕਾਸ ਦੇ ਨਾਂ 'ਤੇ ਬਣੀ ਸਰਕਾਰ ਦਾ ਮੁਖੀ ਘੱਟੋ-ਘੱਟ ਮੋਹਸਿਨ ਸ਼ੇਖ਼ ਵਾਲੀ ਦਰਦਨਾਕ ਘਟਨਾ ਤੋਂ ਬਾਅਦ ਕੋਈ ਸਖ਼ਤ ਸੁਨੇਹਾ ਦੇਵੇਗਾ, ਉਹ ਭੁਲੇਖਾ ਪੰਜ ਸਾਲਾਂ ਬਾਅਦ ਵੀ ਜਿਉਂ ਦਾ ਤਿਉਂ ਬਰਕਰਾਰ ਹੈ, ਹਾਲਾਂਕਿ ਕਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੈ। ਜਿਹੜਾ ਪਾਣੀ ਪੁਲਾਂ ਹੇਠੋਂ ਆਉਂਦੇ ਦਿਨਾਂ ਵਿਚ ਲੰਘਣਾ ਹੈ, ਉਸ ਬਾਰੇ ਸਿਰਫ ਇਕ ਸਵਾਲ ਮੁਲਕ ਦੇ ਹਰ ਬਾਸ਼ਿੰਦੇ ਦੇ ਚਿਹਰੇ ਉੱਤੇ ਚਿਪਕਿਆ ਹੋਇਆ ਦਿਸਦਾ ਹੈ।

ਸਵਾਲ ਹੈ: ਐਤਕੀਂ ਮੋਦੀ ਜਿੱਤੇਗਾ? ਮੋਦੀ ਭਲਾ ਹਾਰਿਆ ਕਦੋਂ ਸੀ? ਗੁਜਰਾਤ ਵਿਚ ਫਰਵਰੀ-ਮਾਰਚ 2002 ਨੂੰ ਮੁਸਲਮਾਨਾਂ ਦਾ ਕਤਲੇਆਮ ਹੋਇਆ। ਮੋਦੀ ਦੀ ਤਿੱਖੀ ਤੇ ਬੇਹਿਸਾਬ ਨੁਕਤਾਚੀਨੀ ਹੋਈ ਅਤੇ ਫਿਰ ਕੁੱਝ ਮਹੀਨਿਆਂ ਬਾਅਦ ਉੱਥੇ ਦਸੰਬਰ 2002 ਨੂੰ ਵਿਧਾਨ ਸਭਾ ਚੋਣਾਂ ਹੋਈਆਂ। ਗੁਜਰਾਤ ਕਤਲੇਆਮ ਕਰਕੇ ਜਿਸ ਵੀ ਅੱਖ ਵਿਚ ਉਦੋਂ ਹੰਝੂਆਂ ਦੀ ਝੜੀ ਲੱਗੀ ਸੀ, ਉਹ ਅੱਖ ਆਸ ਕਰ ਰਹੀ ਸੀ ਕਿ ਮੋਦੀ ਹਾਰ ਜਾਵੇ ਪਰ ਮੋਦੀ ਨੂੰ ਹਰਾਉਣਾ ਕਿਸ ਨੇ ਸੀ? ਉਸ ਕਾਂਗਰਸ ਨੇ ਜਿਸ ਨੇ ਮੁਸਲਮਾਨਾਂ ਨਾਲੋਂ ਵੱਧ ਮਾੜਾ ਹਾਲ ਚੁਰਾਸੀ ਵਿਚ ਸਿੱਖਾਂ ਦਾ ਕੀਤਾ ਸੀ? ਹੁਣ ਉਸੇ ਕਾਂਗਰਸ ਤੋਂ ਫਿਰ ਆਸ ਰੱਖੀ ਜਾ ਰਹੀ ਹੈ ਕਿ ਇਹ ਮੋਦੀ ਨੂੰ ਹਰਾ ਦੇਵੇ! ਅਜੀਬ ਇਤਫ਼ਾਕ ਹੈ! ਹਕੀਕਤ ਇਹ ਹੈ ਕਿ 2014 ਵਾਲੀਆਂ ਗਰਮੀਆਂ ਵਿਚ ਮੋਦੀ ਅਤੇ ਉਸ ਦੀ ਪਾਰਟੀ ਨਹੀਂ ਸਨ ਜਿੱਤੇ ਸਗੋਂ ਕਾਂਗਰਸ ਅਤੇ 'ਸੰਸਾਰ ਦਾ ਸਭ ਤੋਂ ਇਮਾਨਦਾਰ ਪ੍ਰਧਾਨ ਮੰਤਰੀ' ਹਾਰਿਆ ਸੀ।

ਮੋਦੀ ਦੇ ਪੰਜ ਸਾਲਾਂ ਦੌਰਾਨ ਉਸਾਰੇ ਮਾਹੌਲ ਬਾਰੇ ਅੱਜ ਵੀ ਜਿਨ੍ਹਾਂ ਅੱਖਾਂ ਵਿਚ ਕੋਸੇ ਹੰਝੂਆਂ ਦੀ ਝੜੀ ਲੱਗੀ ਹੋਈ ਹੈ, ਉਹ ਨਿੱਤ ਅਰਦਾਸਾਂ ਕਰ ਰਹੇ ਕਿ ਕਿਸੇ ਨਾ ਕਿਸੇ ਤਰ੍ਹਾਂ ਸਮੁੱਚੀ ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਨਾ ਜਾਣ; ਕਿਸੇ ਵਿਧ ਕੋਈ ਮਹਾਗੱਠਜੋੜ ਉੱਸਰ ਜਾਵੇ; ਅਜਿਹਾ ਮਹਾਗੱਠਜੋੜ ਹੀ ਮੋਦੀ ਦੀ ਪੰਡ ਵਿਚ ਪਈਆਂ ਵੋਟਾਂ ਖਿਸਕਾ ਸਕਦਾ ਹੈ। ਐਤਕੀਂ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਬਾਹਰ ਕਰਨ ਲਈ ਗੱਠਜੋੜਾਂ ਦੀ ਕਵਾਇਦ ਬਰਾਬਰ ਚੱਲ ਰਹੀ ਹੈ। ਗੱਠਜੋੜਾਂ ਦੀ ਅਜਿਹੀ ਕਵਾਇਦ ਬਜ਼ੁਰਗ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਕਰਦਾ ਹੁੰਦਾ ਸੀ। ਉਸ ਦਾ ਇਕ ਹੀ ਨਾਅਰਾ ਹੁੰਦਾ ਸੀ: ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਬਾਹਰ ਰੱਖਣਾ ਹੈ। ਇਹ ਨਾਅਰਾ ਬੁਲੰਦ ਕਰਦਾ ਉਹ ਸੀਪੀਆਈ ਅਤੇ ਸੀਪੀਆਈ (ਐੱਮ) ਵਿਚਕਾਰਲਾ ਇਕ ਅਹਿਮ ਫ਼ਰਕ ਵੀ ਉਲੰਘ ਗਿਆ ਅਤੇ ਕਿਸੇ ਨੂੰ ਸ਼ਾਇਦ (?) ਪਤਾ ਹੀ ਨਾ ਲੱਗਿਆ ਕਿ ਸੀਪੀਆਈ (ਐੱਮ) ਕਿਹੜੇ ਵੇਲੇ ਕਾਂਗਰਸ ਦੀ ਪੂਛ ਬਣ ਗਈ ਹੈ।

ਉਨ੍ਹਾਂ ਵਕਤਾਂ ਦਾ ਸ਼੍ਰੋਮਣੀ ਸਵਾਲ ਅੱਜ ਵੀ ਸਾਡੇ ਦਰ ਠਕੋਰ ਰਿਹਾ ਹੈ: ਕਾਂਗਰਸ ਦੀ ਬਾਂਹ ਫੜ ਕੇ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਲਾਂਭੇ ਰੱਖਿਆ ਜਾ ਸਕਿਆ? ਇਸ ਸਵਾਲ ਦਾ ਜਵਾਬ ਦੇਣ ਦੀ ਫਿਲਹਾਲ ਕੋਈ ਲੋੜ ਨਹੀਂ ਜਾਪਦੀ, ਕਿਉਂਕਿ ਹਰਕਿਸ਼ਨ ਸਿੰਘ ਸੁਰਜੀਤ ਵਾਂਗ ਹੀ 'ਫਾਸ਼ੀਵਾਦੀ' ਨੀਤੀਆਂ ਖ਼ਿਲਾਫ਼ ਡਟਣ ਵਾਲੇ ਆਪੋ-ਆਪਣੀ ਡਫਲੀ ਵਜਾਉਣੀ ਸ਼ੁਰੂ ਕਰ ਦੇਣਗੇ ਅਤੇ ਨਵੇਂ ਤੋਂ ਨਵਾਂ ਤਰਕ ਘੜ ਕੇ ਤੁਹਾਡੇ ਅੱਗੇ ਪਰੋਸਣ ਲੱਗ ਪੈਣਗੇ।

ਚੋਣ ਸਿਆਸਤ ਵਿਚ ਬਿਨਾ ਸ਼ੱਕ, ਬੜਾ ਕੁਝ ਅਸਾਧਾਰਨ ਵਾਪਰਦਾ ਰਿਹਾ ਹੈ; ਹੁਣ ਵੀ ਵਾਪਰ ਸਕਦਾ ਹੈ, ਇਹ ਕੋਈ ਮਸਲਾ ਨਹੀਂ ਹੈ ਪਰ ਮਸਲਾ ਉਦੋਂ ਬਣਦਾ ਹੈ ਜਦੋਂ ਸਾਰਾ ਕੁਝ ਸਿਰਫ ਚੋਣਾਂ ਤੱਕ ਹੀ ਸਿਮਟ ਜਾਂਦਾ ਹੈ। ਅੱਜ ਬੱਚਾ ਬੱਚਾ ਜਾਣ ਚੁੱਕਾ ਹੈ ਕਿ ਚੋਣਾਂ ਦੀ ਖੇਡ ਆਮ ਬੰਦੇ ਤੋਂ ਕਿੰਨੀ ਦੂਰ ਨਿੱਕਲ ਚੁੱਕੀ ਹੈ। ਜਿਸ ਬਦਲਵੀਂ ਸਿਆਸਤ ਦੀ ਤਾਂਘ ਲੋਕ-ਮਨਾਂ ਅੰਦਰ ਵਾਰ ਵਾਰ ਉੱਸਲਵੱਟੇ ਲੈਂਦੀ ਰਹੀ ਹੈ, ਕੀ ਸਿਰਫ ਚੁਣਾਵੀ ਸਿਆਸਤ ਨਾਲ ਸੰਭਵ ਹੈ? ਜਾਂ ਇਸ ਦੇ ਐਨ ਬਰੋ-ਬਰਾਬਰ ਕੋਈ ਹੋਰ ਸਿਆਸਤ ਜਾਂ ਸਰਗਰਮੀ ਖੜ੍ਹੀ ਕਰਕੇ ਇਸ ਤਾਂਘ ਦੀ ਤੀਬਰਤਾ ਕੁਝ ਵਧ ਸਕਦੀ ਹੈ। ਚੁਣਾਵੀ ਸਿਆਸਤ ਨੇ ਵੋਟਰਾਂ ਨੂੰ ਬਹੁਤ ਬੁਰੀ ਤਰ੍ਹਾਂ ਜਾਤ, ਧਰਮ ਅਤੇ ਵੱਖ ਵੱਖ ਫਿਰਕਿਆਂ ਵਿਚ ਵੰਡ ਦਿੱਤਾ ਹੋਇਆ ਹੈ। ਪੱਕ ਚੁੱਕੀਆਂ ਇਨ੍ਹਾਂ ਪੈੜਾਂ ਨੂੰ ਮਿਟਾਏ ਬਗੈਰ ਕੀ ਬਦਲਵੀਂ ਸਿਆਸਤ ਦੀਆਂ ਪੈੜਾਂ ਪਾਈਆਂ ਜਾ ਸਕਦੀਆਂ ਹਨ? ਚੰਦ ਸਾਲ

ਬਾਕੀ ਸਫ਼ਾ 28 'ਤੇ

# ਕੌਣ ਚੁਕਾਏਗਾ ਪੁਲਵਾਮਾ ਘਟਨਾ ਦੀ ਰਾਜਨੀਤਕ ਕੀਮਤ ?

**ਅਭੈ ਦੁਬੈ**



2016 ਵਿਚ ਉੜੀ ਬ੍ਰਿਗੇਡ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਮੋਦੀ ਸਰਕਾਰ ਨੇ ਸਰਜੀਕਲ ਸਟ੍ਰਾਈਕ ਕਰਕੇ ਆਮ ਲੋਕਾਂ ਵਿਚ ਪਾਕਿਸਤਾਨ ਤੋਂ ਬਦਲਾ ਲੈਣ ਦੇ ਸਮਰੱਥ ਪ੍ਰਧਾਨ ਮੰਤਰੀ ਦਾ ਅਕਸ ਸਥਾਪਿਤ ਕਰਨ ਦਾ ਯਤਨ ਕੀਤਾ ਸੀ। ਇਸ ਸਾਲ ਪਹਿਲੀ ਤਾਰੀਕ ਨੂੰ ਦਿੱਤੇ ਗਏ ਆਪਣੇ ਇੰਟਰਵਿਊ ਵਿਚ ਮੋਦੀ ਨੇ ਸਰਜੀਕਲ ਸਟ੍ਰਾਈਕ ਵਿਚ ਆਪਣੀ ਨਿੱਜੀ ਭੂਮਿਕਾ ਦਾ ਵਿਸਥਾਰ ਨਾਲ ਵਰਨਣ ਵੀ ਕੀਤਾ ਸੀ। ਇਸ ਸਰਜੀਕਲ ਸਟ੍ਰਾਈਕ 'ਤੇ ਬਣੀ ਬਾਕਾਇਦਾ ਫ਼ਿਲਮ ਨੂੰ ਭਾਜਪਾ ਵਲੋਂ ਆਪਣੇ ਖ਼ਰਚ 'ਤੇ ਰਾਹੁਲ ਗਾਂਧੀ ਦੇ ਚੋਣ ਖੇਤਰ ਅਮੇਠੀ ਵਿਚ ਦਿਖਾਇਆ ਗਿਆ ਹੈ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਥਲ ਸੈਨਾ ਨੂੰ ਇਕ ਨਵੀਂ ਤੋਪ ਦਿੰਦੇ ਸਮੇਂ ਉਸ ਵਿਚ ਬੈਠ ਕੇ ਆਪਣੀ ਤਸਵੀਰ ਵੀ ਖਿਚਾਈ ਤਾਂ ਕਿ ਰਾਸ਼ਟਰ ਦੇ ਮੁਸਤੈਦ ਰੱਖਿਅਕ ਵਜੋਂ ਉਨ੍ਹਾਂ ਦਾ ਅਕਸ ਹੋਰ ਪੁਖਤਾ ਹੋ ਸਕੇ। ਅਕਸ ਨਿਰਮਾਣ ਦੇ ਇਸ ਅਮਲ ਨੂੰ ਪੁਲਵਾਮਾ ਦੀ ਘਟਨਾ ਨੇ ਗੜਬੜਾ ਦਿੱਤਾ ਹੈ। ਇਸ ਵਾਰ ਜਵਾਬੀ ਫ਼ੌਜੀ ਕਾਰਵਾਈ ਕਰਨ ਵਿਚ ਕਈ ਅੜਿੱਕੇ ਹਨ। ਜਿਵੇਂ ਕਿ ਇਲਾਕੇ ਵਿਚ ਬਹੁਤ ਜ਼ਿਆਦਾ ਬਰਫ ਜੰਮੀ ਹੋਈ ਹੈ। ਇਸ ਸਮੇਂ ਪਾਕਿਸਤਾਨ ਦਾ ਅਸਲ ਸ਼ਾਸਨ ਪੂਰੀ ਤਰ੍ਹਾਂ ਨਾਲ ਉਥੋਂ ਦੀ ਫ਼ੌਜ ਦੇ ਹੱਥਾਂ ਵਿਚ ਹੈ, ਜਿਹੜੀ ਸਰਜੀਕਲ ਸਟ੍ਰਾਈਕ ਦੀ ਘਟਨਾ ਤੋਂ ਬਾਅਦ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਚੌਕਸ ਹੋਵੇਗੀ। ਉਸ ਸਮੇਂ ਉਥੇ ਨਵਾਜ਼ ਸ਼ਰੀਫ਼ ਦੀ ਸਰਕਾਰ ਸੀ ਅਤੇ ਫ਼ੌਜ ਮੁਖੀ ਨਾਲ ਉਸ ਦੀ ਅਦਾਵਤ ਚੱਲ ਰਹੀ ਸੀ। ਇਸ ਸਮੇਂ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਸਬੰਧੀ ਸਮਝਿਆ ਜਾਂਦਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਫ਼ੌਜ ਦੀ ਗੋਦੀ ਵਿਚ ਹੀ ਬੈਠੇ ਹੋਏ ਹਨ। ਉੱਪਰੋਂ ਪਾਕਿਸਤਾਨ ਕੋਲ ਚੀਨ ਦਾ ਅਟੱਲ ਸਮਰਥਨ ਹੈ। ਚੀਨ ਮਸੂਦ ਅਜ਼ਹਰ ਨੂੰ ਕੌਮਾਂਤਰੀ ਮੰਚਾਂ 'ਤੇ ਅੱਤਵਾਦੀ ਐਲਾਨ ਹੀ ਨਹੀਂ ਕਰਨ ਦੇ ਰਿਹਾ। ਇਸ ਲਈ ਖ਼ਤਰਾ ਇਹ ਹੈ ਕਿ ਕਿਸੇ ਵੀ ਫ਼ੌਜੀ ਹੌਸਲੇ ਦੇ ਨਤੀਜੇ ਵਿਰੋਧੀ ਵੀ ਹੋ ਸਕਦੇ ਹਨ।

ਸ਼ਾਇਦ ਇਹੀ ਹਨ ਉਹ ਕਾਰਨ ਜਿਨ੍ਹਾਂ ਦੀ ਵਜ੍ਹਾ ਨਾਲ ਪੁਲਵਾਮਾ ਦੀ ਘਟਨਾ ਉੱਤੇ ਭਾਜਪਾ ਦੇ ਬੁਲਾਰੇ ਸ਼ੁਰੂ ਵਿਚ ਥੋੜ੍ਹਾ ਹਿਚਕਿਚਾਉਣ ਲੱਗੇ ਸਨ। ਦੂਜੇ ਪਾਸੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਵਿਰੋਧੀ ਧਿਰ ਨੇ ਵੀ ਉਨ੍ਹਾਂ ਨੂੰ ਹਮਲਾਵਰ ਹੋਣ ਦਾ ਕੋਈ ਮੌਕਾ ਨਹੀਂ ਦਿੱਤਾ। ਕਾਂਗਰਸ ਨੇ ਇਸ ਮੁੱਦੇ 'ਤੇ ਰਾਜਨੀਤਕ ਹੋੜ ਵਿਚ ਉਤਰਨ ਤੋਂ ਇਨਕਾਰ ਕਰਕੇ ਇਹ ਦਿਖਾਇਆ ਕਿ ਉਹ ਇਸ ਘਟਨਾ ਦਾ ਸਸਤਾ ਰਾਜਨੀਤਕ ਲਾਭ ਨਾ ਚੁੱਕਣਾ ਚਾਹੁੰਦੀ ਹੈ ਅਤੇ ਨਾ ਹੀ ਚੁੱਕਣ ਦੇਣਾ ਚਾਹੁੰਦੀ ਹੈ। ਇਸ ਦੀ ਤੁਲਨਾ ਜੇਕਰ ਪਿਛਲੀ ਚੋਣ ਮੁਹਿੰਮ ਦੌਰਾਨ ਨਰਿੰਦਰ ਮੋਦੀ, ਗਿਰੀਰਾਜ ਸਿੰਘ, ਸੁਸ਼ਮਾ ਸਵਰਾਜ ਅਤੇ ਰਵੀਸ਼ੰਕਰ ਪ੍ਰਸਾਦ ਸਮੇਤ ਹੋਰ ਭਾਜਪਾ ਨੇਤਾਵਾਂ ਦੇ ਬਿਆਨਾਂ ਨਾਲ ਕੀਤੀ ਜਾਵੇ ਤਾਂ ਇਕ ਸੁਖਦ ਜਿਹਾ ਅਹਿਸਾਸ ਹੁੰਦਾ ਹੈ। ਉਸ ਸਮੇਂ ਭਾਜਪਾ ਨੇਤਾਵਾਂ ਦੀਆਂ ਬਿਆਨਬਾਜ਼ੀਆਂ ਅਨੁਸਾਰ ਤਾਂ ਪੁਲਵਾਮਾ ਦੀ ਘਟਨਾ ਦੇ ਬਾਅਦ ਭਾਰਤੀ ਫ਼ੌਜ ਨੂੰ ਇਸ ਸਮੇਂ ਲਾਹੌਰ ਕੋਲ ਹੋਣਾ ਚਾਹੀਦਾ ਸੀ। ਇਹ ਕਹਿਣ ਦੀ ਲੋੜ ਨਹੀਂ ਹੋਵੇਗੀ ਕਿ ਸਰਕਾਰ ਦੀਆਂ ਮੁਸ਼ਕਿਲਾਂ ਤਾਂ ਹਨ ਹੀ, ਵਿਰੋਧੀ ਧਿਰ ਵੀ ਦੁਚਿੱਤੀ ਵਿਚ ਹੈ। ਉਸ ਦੀ ਆਦਰਸ਼ ਸਥਿਤੀ ਤਾਂ ਇਹ ਹੋਵੇਗੀ ਕਿ ਇਸ ਮੁੱਦੇ ਉੱਤੇ ਉਹ ਇਸ ਤਰ੍ਹਾਂ ਨਾਲ ਰਾਜਨੀਤੀ ਕਰੇ ਕਿ ਰਾਜਨੀਤੀ ਕਰਦੀ ਹੋਈ ਨਾ ਦਿਸੇ ਅਤੇ ਨਾ ਹੀ ਮੰਨੀ ਜਾਵੇ।



ਜਿਵੇਂ-ਜਿਵੇਂ ਲੰਘਦੇ ਸਮੇਂ ਦੇ ਨਾਲ ਪੁਲਵਾਮਾ ਵਿਚ ਸੀ.ਆਰ.ਪੀ.ਐਫ. 'ਤੇ ਹੋਏ ਆਤਮਘਾਤੀ ਹਮਲੇ ਦਾ ਸਦਮਾ ਘੱਟ ਹੋਵੇਗਾ, ਉਵੇਂ-ਉਵੇਂ ਰਾਜਨੀਤਕ ਪਾਰਟੀਆਂ ਇਹ ਅੰਦਾਜ਼ਾ ਲਗਾਉਣ ਵੱਲ ਵਧਣਗੀਆਂ ਕਿ ਇਸ ਭਿਆਨਕ ਅੱਤਵਾਦੀ ਕਾਰਵਾਈ ਦੀ ਰਾਜਨੀਤਕ ਕੀਮਤ ਕੀ ਹੋਵੇਗੀ ਅਤੇ ਉਸ ਨੂੰ ਕੌਣ ਕਿੰਨਾ ਕੁ ਚੁਕਾਏਗਾ? ਇੰਤਜ਼ਾਰ ਕਰਨ ਦਾ ਸਮਾਂ ਕਿਸੇ ਦੇ ਕੋਲ ਨਹੀਂ ਹੈ। 15-20 ਦਿਨਾਂ ਦੇ ਅੰਦਰ-ਅੰਦਰ ਚੋਣ ਕਮਿਸ਼ਨ ਆਗਾਮੀ ਆਮ ਚੋਣਾਂ ਦੀ ਕਾਰਵਾਈ ਸ਼ੁਰੂ ਕਰ ਸਕਦਾ ਹੈ (ਇਕ ਚਰਚਾ ਇਹ ਵੀ ਚੱਲ ਰਹੀ ਹੈ ਕਿ ਇਸ ਘਟਨਾ ਦੇ ਕਾਰਨ ਚੋਣਾਂ ਨੂੰ ਕੁਝ ਅੱਗੇ ਖਿਸਕਾਉਣ ਦੇ ਪ੍ਰਸਤਾਵ 'ਤੇ ਵਿਚਾਰ ਕੀਤਾ ਜਾਵੇ। ਜੇਕਰ ਅਜਿਹਾ ਹੋਇਆ ਤਾਂ ਇਹ ਅਸਾਧਾਰਨ ਹੋਵੇਗਾ ਅਤੇ ਇਸ ਲਈ ਜਿਸ ਤਰ੍ਹਾਂ ਦੀ ਆਮ ਸਹਿਮਤੀ ਦੀ ਲੋੜ ਹੋਵੇਗੀ, ਉਸ ਨੂੰ ਹਾਸਲ ਕਰਨਾ ਲਗਪਗ ਅਸੰਭਵ ਹੀ ਹੈ)। ਸੱਤਾ ਲਈ ਹੋਣ ਵਾਲੀ ਦੌੜ 'ਤੇ ਪੁਲਵਾਮਾ ਦੀ ਘਟਨਾ ਲਾਜ਼ਮੀ ਤੌਰ 'ਤੇ ਆਪਣਾ ਅਸਰ ਪਾਵੇਗੀ। ਵੋਟਰ ਇਸ ਦੀ ਜ਼ਿੰਮੇਵਾਰੀ ਕਿਸ ਦੇ ਸਿਰ 'ਤੇ ਪਾਉਣਗੇ? ਜੇਕਰ 10 ਦਿਨਾਂ ਦੇ ਅੰਦਰ-ਅੰਦਰ ਪਾਕਿਸਤਾਨ ਵਿਰੁੱਧ ਕੋਈ ਜਵਾਬੀ ਫ਼ੌਜੀ ਕਾਰਵਾਈ ਹੁੰਦੀ ਹੈ (ਕਿਸੇ ਅੱਤਵਾਦੀ ਟਿਕਾਣੇ 'ਤੇ ਹਵਾਈ ਹਮਲਾ ਜਾਂ ਇਕ ਹੋਰ ਸਰਜੀਕਲ ਸਟ੍ਰਾਈਕ ਜਾਂ ਕੋਈ ਹੋਰ ਕਾਰਵਾਈ) ਤਾਂ ਕੀ ਉਸ ਦਾ ਸਿਹਰਾ ਮੌਜੂਦਾ ਸਰਕਾਰ ਨੂੰ ਇਸ ਤਰਜ਼ 'ਤੇ ਦਿੱਤਾ ਜਾ ਸਕਦਾ ਹੈ ਕਿ ਉਸ ਨੇ ਪੁਲਵਾਮਾ ਵਿਚ ਹੋਏ ਕੌਮੀ ਨਿਰਾਦਰ ਦਾ ਬਦਲਾ ਲੈ ਲਿਆ ਹੈ? ਨਿਸਚਿਤ ਤੌਰ 'ਤੇ ਸਰਕਾਰ ਇਹ ਦਾਅਵਾ ਕਰੇਗੀ ਅਤੇ ਪ੍ਰਧਾਨ ਮੰਤਰੀ ਨੂੰ ਇਸ ਦਾ ਸਿਹਰਾ ਦਿੱਤਾ ਜਾਵੇਗਾ। ਜਿਵੇਂ ਹੀ ਅਜਿਹਾ ਹੋਵੇਗਾ, ਵਿਰੋਧੀ ਧਿਰ ਵੀ ਆਪਣੀਆਂ ਉਨ੍ਹਾਂ ਆਲਚੋਨਾਵਾਂ ਨਾਲ ਨਿਕਲ ਕੇ ਸਾਹਮਣੇ ਆ ਜਾਵੇਗੀ, ਜਿਹੜੀਆਂ ਉਸ ਨੇ ਫਿਲਹਾਲ ਸੰਜਮ ਨਾਲ ਰੋਕ ਕੇ ਰੱਖੀਆਂ ਹੋਈਆਂ ਹਨ। ਨਤੀਜੇ ਵਜੋਂ ਸ਼ਲਾਘਾਯੋਗ ਪ੍ਰਤੀਤ ਹੋ ਰਹੀ ਇਹ ਰਾਜਨੀਤਕ ਆਮ ਸਹਿਮਤੀ ਭੰਗ ਹੋ ਜਾਵੇਗੀ, ਜਿਹੜੀ ਇਸ ਸਮੇਂ ਦਿਖਾਈ ਦੇ ਰਹੀ ਹੈ।

ਇਹ ਕਹਿਣ ਦੀ ਲੋੜ ਨਹੀਂ ਹੋਵੇਗੀ ਕਿ ਵਿਰੋਧੀ ਧਿਰ ਕੋਲ ਕਹਿਣ ਲਈ ਕਈ ਗੱਲਾਂ ਹਨ। ਜੇਕਰ ਅਜਿਹੀ ਘਟਨਾ ਕੋਈ 10 ਮਹੀਨੇ ਪਹਿਲਾਂ ਹੋਈ ਹੁੰਦੀ ਤਾਂ ਜਿਸ ਤਰ੍ਹਾਂ ਦੀ ਰਾਜਨੀਤੀ ਹੁਣ ਹੋਈ ਹੈ, ਉਸ ਤਰ੍ਹਾਂ ਦੀ ਕਦੇ ਵੀ ਨਹੀਂ ਹੁੰਦੀ। ਦੋਵੇਂ ਧਿਰਾਂ ਦੇ ਕੋਲ ਦੂਰਗਾਮੀ ਦ੍ਰਿਸ਼ ਦੇ ਨਾਲ ਕਹਿਣ ਅਤੇ ਕਰਨ ਲਈ ਸਮਾਂ ਹੁੰਦਾ। ਜੇਕਰ ਮੌਜੂਦਾ ਆਮ ਸਹਿਮਤੀ ਥੋੜ੍ਹਚਿਰ ਲਈ ਹੀ ਹੋਈ ਤਾਂ ਵਿਰੋਧੀ ਧਿਰ ਸਰਕਾਰ ਤੋਂ ਕੁਝ ਖਰੇ-ਖਰੇ ਸਵਾਲ ਪੁੱਛ ਸਕਦੀ ਹੈ। ਜਿਵੇਂ ਸਵਾਲ ਕੀਤਾ ਜਾ ਸਕਦਾ ਹੈ ਕਿ ਸਰਕਾਰ ਇਸ ਤਰ੍ਹਾਂ ਦੀ ਜਾਂ ਕਿਸੇ ਹੋਰ ਤਰ੍ਹਾਂ ਦੀ ਸੰਭਾਵਿਤ ਅੱਤਵਾਦੀ ਕਾਰਵਾਈ ਵਿਰੁੱਧ ਦੂਰਗਾਮੀ ਸੋਚ ਨਾਲ ਕੋਈ ਪੇਸ਼ਬੰਦੀ ਕਰਨ ਵਿਚ ਨਾਕਾਮ ਕਿਉਂ ਰਹੀ? ਭਾਵੇਂ ਹੀ ਇਹ ਕਾਰਵਾਈ ਜੈਸ਼-ਏ-ਮੁਹੰਮਦ ਨੇ ਕੀਤੀ ਹੋਵੇ ਪਰ ਅਜਿਹਾ ਵੀ ਤਾਂ ਹੋ ਸਕਦਾ ਹੈ ਕਿ ਸੀਰੀਆ ਵਿਚ ਆਈ.ਐਸ.ਆਈ.ਐਸ. ਦੇ ਹਾਰ ਕੇ ਬਿਖਰਨ ਅਤੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਵਲੋਂ ਸ਼ਾਂਤੀ ਵਾਰਤਾ ਪ੍ਰਤੀ ਹਾਂ-ਪੱਖੀ ਰੁਝਾਨ ਦਿਖਾਉਣ ਦੇ ਕਾਰਨ ਬੇਰੁਜ਼ਗਾਰ ਹੋਏ ਪੇਸ਼ੇਵਰ ਅੱਤਵਾਦੀਆਂ ਦੀ ਟੋਲੀ ਵੀ ਕਸ਼ਮੀਰ ਵਰਗੀ ਅੱਤਵਾਦ ਲਈ ਅਨੁਕੂਲ ਜ਼ਮੀਨ ਵੱਲ ਅਕਰਸ਼ਕ ਹੋ ਜਾਵੇ। ਕੀ ਭਾਰਤ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਕੋਲ ਇਹ ਸਮਝਦਾਰੀ ਅਤੇ ਨਜ਼ਰ ਸੀ? ਆਖ਼ਰਕਾਰ ਕਸ਼ਮੀਰ ਵਿਚ ਚੁਣੀ ਹੋਈ ਸਰਕਾਰ ਵਿਚ ਵੀ ਭਾਜਪਾ ਦੀ ਹਿੱਸੇਦਾਰੀ ਸੀ ਅਤੇ ਰਾਜਪਾਲ ਸ਼ਾਸਨ ਤਾਂ ਸਿੱਧਾ-ਸਿੱਧਾ ਕੇਂਦਰ ਦਾ ਹੀ ਸ਼ਾਸਨ ਹੈ। ਮਾਹਿਰਾਂ ਦਾ ਵਿਚਾਰ ਹੈ ਕਿ ਕਸ਼ਮੀਰ ਵਿਚ

ਬਾਕੀ ਸਫ਼ਾ 28 'ਤੇ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

*"If you wish to play the Game of Love, place your head in your palm and walk on My Path."*






**Sunday, April 14, 2019**

**BAISAKHI 2019 CELEBRATION**

**KEERTAN DARBAR & NAGAR KEERTAN**

**7am-6pm • Los Angeles Convention Center**

1201 S. FIGUEROA STREET, LOS ANGELES, CA 90015

**KEERTAN DARBAR PROGRAM**

Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests

***Children's Activities Room • Baisakhi Bazaar***
***Langar served all day***

3:00 pm Grand Procession of Siri Guru Granth Sahib Ji to the Guru's Nagar Keertan Float

**NAGAR KEERTAN PROGRAM**

Gilbert Lindsey Plaza and Downtown Los Angeles

***Gatka Demonstrations, Delicious snacks served after the parade***

3:00 pm - 6:00 pm

**Please call: (310) 201-0954**

*For more Baisakhi Celebration information, visit*
www.gururamdasashram.org

PLEASE ATTEND WITH YOUR FAMILY AND FRIENDS!
**ALL ARE WELCOME!**

47975

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

www.indiventy.com
indiventy
Indiventy Technologies




Our Services

- Website Designing
- Website Development
- Desktop Application Development
- Mobile Application Development
- Graphic Designing
- SEO (search Engine Optimiztation)

Plans

**Basic website**
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

**Custom websites**
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

**Softwares/Applications**
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.




22




GET FLAT 22 CENTS
DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com




1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ

ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।

ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।

ਬੋਲਦੀਆਂ ਕਿਤਾਬਾਂ ਸੁਣਨ ਲਈ

(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।



ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com



SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet
over 100 gallons
open 6am to midnight
Phone: 765-478-6300

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount



- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance · FIDELITY National Insurance Company · CSE · MERCURY INSURANCE GROUP · FINANCIAL PACIFIC · Safeco Insurance
CNA · MetLife · Kemper · Philadelphia Insurance Companies · FOREMOST INSURANCE GROUP · The Hartford
CommerceWest Insurance · Midwest INSURANCE Agency · KANSAS CITY LIFE · PROGRESSIVE · GeoTera · TRAVELERS
GMAC Insurance · TheZenith WORKERS' COMPENSATION SPECIALISTS · PersonalUmbrella.com · ZURICH

# 17900 Murphy Park Way Lathrop, CA. 95330

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**

# ਅਮਿੱਟ ਪੈੜਾਂ ਛੱਡ ਗਿਆ 'ਸਾਂਝੀ ਸੋਚ' ਅਖ਼ਬਾਰ ਦਾ 6ਵਾਂ ਸਲਾਨਾ ਸਮਾਗਮ

## ਪਤਵੰਤੇ ਸੱਜਣਾਂ-ਮਿੱਤਰਾਂ ਤੇ ਸਰੋਤਿਆਂ ਨੇ ਵੱਡੀ ਗਿਣਤੀ 'ਚ ਕੀਤੀ ਸ਼ਿਰਕਤ



**'ਸਾਂਝੀ ਸੋਚ' ਅਖ਼ਬਾਰ ਦੇ 6ਵੇਂ ਸਲਾਨਾ ਸਮਾਗਮ ਦੇ ਵੱਖ-ਵੱਖ ਦ੍ਰਿਸ਼।**

ਮੋਡੈਸਟੋ ਸੀਰਸ (ਕੈਲੀਫੋਰਨੀਆ), (ਸਾਂਝੀ ਸੋਚ ਬਿਊਰੋ)–'ਸਾਂਝੀ ਸੋਚ' ਅਖ਼ਬਾਰ ਦੀ 6 ਵੀਂ ਵਰ੍ਹੇਗੰਢ ਦੇ ਜਸ਼ਨ ਬਹੁਤ ਹੀ ਸ਼ਾਨਦਾਰ ਢੰਗ ਨਾਲ ਮਨਾਏ ਗਏ। ਇਸ ਸਬੰਧੀ ਟਰੇਸੀ ਦੇ ਨਿਰਵਾਣਾ ਬੈਂਕੁਟ ਹਾਲ ਵਿਚ ਹੋਏ ਸਮਾਗਮ ਵਿਚ ਪਤਵੰਤੇ ਸੱਜਣ, ਸੱਜਣ –ਮਿੱਤਰ ਤੇ ਹੋਰ ਸਹਿਯੋਗੀ ਵਿਸ਼ੇਸ਼ ਤੌਰ 'ਤੇ ਪੁੱਜੇ। ਮੁੱਖ ਮਹਿਮਾਨ ਮਨਵੀਰ ਸਿੰਘ ਪਵਾਰ ਤੇ ਮਾਈਕ ਸੰਧੂ ਸਨ ਜਿਨ੍ਹਾਂ ਦਾ ਸਾਂਝੀ ਸੋਚ ਅਖ਼ਬਾਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਨਿਰਧਾਰਤ ਸਮੇਂ ਅਨੁਸਾਰ ਸ਼ੁਰੂ ਤੇ ਸਮਾਪਤ ਹੋਇਆ। ਸਭ ਤੋਂ ਪਹਿਲਾਂ ਰੀਬਨ ਕਟਨ ਦੀ ਰਸਮ ਵਾਇਸ ਕੌਂਸਲੇਟ ਸੁਮਿਤੀ ਰਾਓ ਨੇ ਨਿਭਾਈ। ਇਸ ਮੌਕੇ ਉਨ੍ਹਾਂ ਨਾਲ ਪਾਲ ਸਹੋਤਾ, ਰਾਣਾ ਗਿੱਲ, ਗੁਰਮੀਤ ਗਾਜਿਆਣਾ, ਹਰਪਿੰਦਰ ਚੌਹਾਨ, ਪਰਮਜੀਤ ਸਿੰਘ ਦਾਖਾ,ਗੁਰੀਕੰਗ, ਇੰਦਰਜੀਤ ਕੈਲਰਾਈ ਤੇ ਜਸਵੰਤ ਸਿੰਘ ਪੰਨੂ ਹਾਜਰ ਸਨ। ਰੀਬਨ ਕੱਟਣ ਵੇਲੇ ਸਟੇਨਿਸਲਾਸ ਕਾਉਂਟੀ ਸੁਪਰੀਅਰ ਕੋਰਟ ਦੇ ਜੱਜ ਸੰਨੀ ਸੰਧੂ ਵਿਸ਼ੇਸ਼ ਤੌਰ 'ਤੇ ਹਾਜਰ ਹੋਏ, ਜਿਨ੍ਹਾਂ ਦਾ 'ਸਾਂਝੀ ਸੋਚ' ਅਦਾਰੇ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਵਾਇਸ ਕੌਂਸਲੇਟ ਅਸਿਤ ਦੱਤਾ ਵੀ ਹਾਜਰ ਸਨ। ਰੀਬਨ ਕੱਟਣ ਤੋਂ ਬਾਅਦ ਪੁਲਵਾਮਾ ਦੇ ਸ਼ਹੀਦਾਂ ਨੂੰ ਇਕ ਮਿੰਟ ਦਾ ਮੋਨ ਧਾਰਕੇ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਮੋਡੈਸਟੋ ਸੀਰਸ ਗੁਰੂ ਘਰ ਦੇ ਮੁੱਖ ਗਰੰਥੀ ਭਾਈ ਮਨਜੀਤ ਸਿੰਘ ਤੇ ਅਮਰਜੀਤ ਸਿੰਘ ਨੇ ਸ਼ਬਦ ਸਰਵਣ ਕਰਵਾਇਆ ਤੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਵੱਖ ਵੱਖ ਸੰਸਥਾਵਾਂ ਵੱਲੋਂ ਬੂਟਾ ਸਿੰਘ ਬਾਸੀ ਮੁੱਖ ਸੰਪਾਦਕ ਸਾਂਝੀ ਸੋਚ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਦਾ ਸਨਮਾਨ ਕਰਨ ਵਾਲਿਆਂ ਵਿਚ ਸਿਟੀ ਆਫ ਮੈਡੈਸਟੋ ਦੇ ਮੇਅਰ ਟਿੱਡ ਬਰੈਡਵਲ, ਵਾਇਸ ਮੇਅਰ ਮਨਮੀਤ ਗਰੇਵਾਲ , ਸਿਟੀ ਆਫ ਸੀਰਸ ਦੇ ਕੌਂਸਲ ਮੈਂਬਰ ਚਾਨਸ ਕੌਂਟੈਡ, ਸਨਵਾਕਿੰਨ ਕਾਊਂਟੀ ਦੇ ਸੁਪਰਵਾਈਜ਼ਰ ਬੌਬ ਐਲੀਏਟ ਤੇ ਟਰੇਸੀ ਦੇ ਮੇਅਰ ਰੌਬਰਟ ਰਿਕਮੈਨ ਸ਼ਾਮਿਲ ਹਨ। ਇਸ ਤੋਂ ਬਾਅਦ ਪਾਲ ਸਹੋਤਾ ਤੇ ਸਾਂਝੀ ਸੋਚ ਦੀ ਸਮੁੱਚੀ ਟੀਮ ਨੇ ਸਿਟੀ ਆਫ ਮੋਡੈਸਟੋ ਦੇ ਮੇਅਰ ਟਿੱਡ ਬਰੈਡਵਲ, ਵਾਇਸ ਮੇਅਰ ਮਨਮੀਤ ਗਰੇਵਾਲ, ਸਿਟੀ ਆਫ ਸੀਰਸ ਦੇ ਕੌਂਸਲ ਮੈਂਬਰ ਚਾਨਸ ਕੌਂਟੈਡ , ਸਨਵਾਕਿੰਨ ਕਾਊਂਟੀ ਦੇ ਸੁਪਰਵਾਈਜ਼ਰ ਬੌਬ ਐਲੀਏਟ ਤੇ ਟਰੇਸੀ ਦੇ ਮੇਅਰ ਰੌਬਰਟ ਰਿਕਮੈਨ ਨੂੰ ਸਨਮਾਨਿਤ ਕੀਤਾ। ਸਪਾਂਸਰਾਂ, ਕਾਰੋਬਾਰੀ ਅਦਾਰਿਆਂ ਦੇ ਮਾਲਕਾਂ ਤੇ ਸੱਜਣਾਂ ਮਿਤਰਾਂ ਨੂੰ ਸਾਂਝੀ ਸੋਚ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਉਪਰੰਤ ਕਲਾਕਾਰਾਂ ਸੰਨੀ ਬੱਬਰ, ਜੋਤ ਰਣਜੀਤ, ਦਵਿੰਦਰ ਪਮੀ, ਸਤੀ ਸਤਵਿੰਦਰ, ਜੀਤਾ ਗਿੱਲ, ਸ਼ੌਕਤ ਅਲੀ, ਬੀਨਾ ਸਾਗਰ ਤੇ ਹੋਰਨਾਂ ਨੂੰ ਸਨਮਾਨਿਤ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦੌਰਾਨ ਕਲਾਕਾਰਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦਾ ਸਰੋਤਿਆਂ ਨੇ ਭਰਪੂਰ ਆਨੰਦ ਮਾਣਿਆ। ਵੀਡੀਓਗਰਾਫੀ ਕੇ.ਬੀ ਬਰਾੜ ਵੱਲੋਂ ਕੀਤੀ ਗਈ। ਫੇਸ ਬੁੱਕ ਲਾਈਵ ਬਰਜੇਸ਼ ਮਲਹੋਤਰਾ ਵੱਲੋਂ ਕੀਤਾ ਗਿਆ। ਰੈਫਲ ਡਰਾਅ ਕੱਢੇ ਗਏ। ਸੋਨੇ ਦੀ ਚੈਨ (ਪ੍ਰਿੰਸ ਜਿਊਲਰ), ਕੰਨਾਂ ਦੀਆਂ ਵਾਲੀਆਂ ( ਬੱਗਾ ਪੈਲੇਸ), ਰੰਗਦਾਰ ਟੀ.ਵੀ (ਬਲੈੱਸ ਜੂ ਫਿਲਮ ਪ੍ਰੋਡੱਕਸ਼ਨ), ਪੰਜਾਬ ਪਲਾਜ਼ਾ ਦੇ ਸੁਰਜੀਤ ਸਿੰਘ ਵੱਲੋਂ ਘੜੀ ਤੇ ਸਨੀ ਬੱਬਰ ਵੱਲੋਂ ਭਾਂਡਿਆਂ ਦੇ ਸੈੱਟ ਦਾ ਡਰਾਅ ਕੱਢਿਆ ਗਿਆ। 6 ਵੱਖ ਵੱਖ ਸਟੋਰਾਂ ਦੇ ਗਿਫ਼ਟ ਕਾਰਡ ਕੱਢੇ ਗਏ। ਇਸ ਮੌਕੇ ਪੰਜਾਬੀ ਗਰਿਲ ਐਟ ਨਿਰਵਾਣਾ ਵੱਲੋਂ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਸ਼ਿਕਾਗੋ ਪੀਜ਼ਾ ਵੱਲੋਂ ਸਵਾਦੀ ਪੀਜ਼ੇ ਦਾ ਪ੍ਰਬੰਧ ਕੀਤਾ ਗਿਆ। ਸਟੇਜ ਸੰਚਾਲਨ ਆਸ਼ਾ ਸ਼ਰਮਾ ਤੇ ਬੂਟਾ ਸਿੰਘ ਬਾਸੀ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ। ਬੂਟਾ ਸਿੰਘ ਬਾਸੀ ਨੂੰ ਵੱਖ ਵੱਖ ਗੁਰੂ ਘਰਾਂ ਦੀਆਂ ਕਮੇਟੀਆਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਾਂਝੀ ਸੋਚ ਅਖ਼ਬਾਰ ਦਾ 6ਵਾਂ ਸਲਾਨਾ ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਅਗਲੇ ਵਰ੍ਹੇ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਇਆ।





# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

**Ranjit S Mangat**

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700
gbsingh84@gmail.com

ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ...

# ਪਰਵਾਸੀ ਮੁੰਡਿਆਂ ਨਾਲ ਵਿਆਹ ਕਰ ਕੇ ਵਿਦੇਸ਼ ਗਈਆਂ ਕੁੜੀਆਂ ਦਾ ਦਰਦ

**ਰਮਨਪ੍ਰੀਤ ਕੌਰ**

ਪੰਜਾਬੀਆਂ ਨੇ ਵੀ ਪਰਵਾਸ ਨੂੰ ਆਪਣੇ ਪਿੰਡੇ 'ਤੇ ਦਹਾਕਿਆਂ ਤੋਂ ਹੰਢਾਇਆ ਹੈ। ਪਰਵਾਸ ਦੌਰਾਨ ਉਹ ਪਰਿਵਾਰਿਕ ਸੁੱਖ-ਸਹੂਲਤਾਂ ਤੋਂ ਵਾਂਝੇ, ਸਖ਼ਤ ਮਿਹਨਤਾਂ ਅਤੇ ਮੌਸਮ ਤੇ ਸੱਭਿਆਚਾਰ ਪ੍ਰਤੀਕੂਲਤਾ ਦੀਆਂ ਔਕੜਾਂ ਝੱਲਦੇ ਰਹੇ ਹਨ। ਜਦੋਂ ਅਸੀਂ ਪਰਵਾਸ ਦੀ ਜਾਂ ਪਰਵਾਸੀਆਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਜ਼ਿਹਨ ਵਿੱਚ ਇੱਕ ਆਦਮੀ ਦੀ ਤਸਵੀਰ ਉੱਭਰਦੀ ਹੈ ਜੋ ਘਰ ਬਾਰ ਦਾ ਮੂੰਹ-ਮੱਥਾ ਸਵਾਰਨ, ਕਰਜ਼ੇ ਉਤਾਰਨ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਵਿਦੇਸ਼ ਜਾਂਦਾ ਹੈ ਤੇ ਸਾਰੀਆਂ ਮੁਸੀਬਤਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਦਾ ਹੈ। ਪਰ ਪਰਵਾਸ ਦਾ ਅਸਰ ਜਿੰਨਾ ਕੁ ਆਦਮੀਆਂ 'ਤੇ ਪਿਆ, ਸ਼ਾਇਦ ਉਸ ਤੋਂ ਕਿਤੇ ਵੱਧ ਔਰਤਾਂ ਨੂੰ ਹੰਢਾਉਣਾ ਪਿਆ ਹੈ। ਭਾਵੇਂ ਪਤੀਆਂ ਦੇ ਪਰਵਾਸ ਨੇ ਉਨ੍ਹਾਂ ਨੂੰ ਜੀਵਨ ਦੀਆਂ ਸੁੱਖ ਸਹੂਲਤਾਂ ਦਿੱਤੀਆਂ ਹੋਣ, ਪਰ ਉਨ੍ਹਾਂ ਵੱਲੋਂ ਨਿੱਜੀ ਅਤੇ ਭਾਵਨਾਤਮਕ ਤੌਰ 'ਤੇ ਹੰਢਾਇਆ ਇਕਲਾਪਾ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਜਿਸ ਦਾ ਦਰਦ ਉਨ੍ਹਾਂ ਨੇ ਸਾਉਪੁਣੇ ਦੀ ਬੁੱਕਲ ਵਿੱਚ ਖ਼ੁਦ ਹੀ ਹੰਢਾਇਆ ਤੇ ਕਿਸੇ ਨੂੰ ਇਸ ਦਾ ਅਹਿਸਾਸ ਤੱਕ ਨਾ ਹੋਣ ਦਿੱਤਾ।

ਪਰਵਾਸੀ ਪੰਜਾਬੀਆਂ ਵੱਲੋਂ ਘਰਾਂ ਪਰਿਵਾਰਾਂ ਤੋਂ ਦੂਰ ਪਰਦੇਸਾਂ ਵਿੱਚ ਰਹਿੰਦੇ ਹੋਏ ਪੱਕਿਆਂ ਹੋਣ ਲਈ ਸਹਿਮਤੀ ਨਾਲ ਲਓ ਤਲਾਕਾਂ 'ਤੇ ਕਰਾਏ ਗਏ ਦੂਜੇ ਵਿਆਹ ਜਾਂ ਆਪਣੇ ਜ਼ਰੂਰਤ ਲਈ ਬਣਾਏ ਗਏ ਨਵੇਂ ਰਿਸ਼ਤੇ ਉਨ੍ਹਾਂ ਦੀਆਂ ਵਿਆਹ ਕੇ ਲਿਆਂਦੀਆਂ ਔਰਤਾਂ ਦੇ ਦਿਲਾਂ 'ਤੇ ਕੀ ਅਸਰ ਕਰਦੇ ਹਨ, ਇਸ ਨੂੰ ਸਿਰਫ਼ ਇੱਕ ਵਿਆਹੁਤਾ ਔਰਤ ਹੀ ਜਾਣ ਸਕਦੀ ਹੈ। ਇਹ ਉਨ੍ਹਾਂ ਦੇ ਸਬਰ ਦਾ ਇਮਤਿਹਾਨ ਸੀ, ਪਰ ਤਰਾਸਦੀ ਇਹ ਹੈ ਕਿ ਉਨ੍ਹਾਂ ਦੇ ਆਪਣੇ ਹੀ ਜੀਵਨ ਸਾਥੀਆਂ ਨੇ ਵਿਸ਼ਵਾਸਘਾਤ ਕੀਤਾ ਤੇ ਉਨ੍ਹਾਂ ਨੂੰ ਆਪਣੇ ਕੋਲ ਬੁਲਾਉਣ ਦੀ ਬਜਾਏ ਉਨ੍ਹਾਂ ਤੋਂ ਸਦਾ ਲਈ ਹੀ ਕਿਨਾਰਾ ਕਰ ਲਿਆ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਨੂੰ ਪੈਸਾ ਕਮਾਉਣ ਤੇ ਸੁੱਖ ਸਹੂਲਤਾਂ ਜੁਟਾਉਣ ਲਈ ਪਰਵਾਸ ਨੂੰ ਇੱਕ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਪਰਿਵਾਰਕ ਰਿਸ਼ਤਿਆਂ ਨੂੰ ਆਧਾਰ ਬਣਾ ਕੇ ਬਾਹਰ ਜਾਣ ਦਾ ਰਿਵਾਜ ਵੀ ਕਾਫੀ ਪ੍ਰਚੱਲਿਤ ਰਿਹਾ ਹੈ। ਪੰਜਾਬੀਆਂ ਵਿੱਚ ਵਿਦੇਸ਼ ਜਾਣ ਦੀ ਇੱਛਾ ਹੌਲੀ-ਹੌਲੀ ਲਾਲਚ ਬਣੀ ਅਤੇ ਇਸ ਨੂੰ ਲਾਲਸਾ ਬਣਦੇ ਦੇਰ ਨਾ ਲੱਗੀ। ਸੌਦੇ ਦੇ ਵਿਆਹ ਅਤੇ ਝੂਠੇ ਵਿਆਹ ਤੋਂ ਬਾਅਦ ਬੇਸ਼ਰਮੀ ਦੀ ਹੱਦ ਤਾਂ ਉਦੋਂ ਹੋ ਗਈ ਜਦੋਂ ਚਾਚੇ, ਤਾਏ ਹੀ ਨਹੀਂ, ਸਗੋਂ ਸਕੇ ਭੈਣ ਭਾਈਆਂ ਵੱਲੋਂ ਵਿਆਹ ਨੂੰ ਆਧਾਰ ਬਣਾ ਕੇ ਵਿਦੇਸ਼ ਭੇਜਣ ਦੇ ਮਾਮਲੇ ਸਾਹਮਣੇ ਆਏ। ਇਸ ਰੁਝਾਨ ਅਧੀਨ ਬੇਮੇਚ ਵਿਆਹ ਵੀ ਹੋਣ ਲੱਗੇ। ਆਪਣੀਆਂ ਕੁੜੀਆਂ ਨੂੰ ਵਧੀਆ ਜੀਵਨ



ਦੇਣ ਦੀ ਚਾਹਤ ਵਿੱਚ ਉਨ੍ਹਾਂ ਦਾ ਪਰਵਾਸੀ ਬੰਦਿਆਂ ਨਾਲ ਵਿਆਹ ਕੀਤੇ ਗਏ। ਜਿਸ ਦੇ ਨਾਲ ਰਿਸ਼ਤਿਆਂ ਵਿੱਚ ਅਸੰਤੁਲਨ ਪੈਦਾ ਹੋਣਾ ਆਰੰਭ ਹੋਇਆ।

ਵਿਦੇਸ਼ ਜਾਣ ਦੀ ਇਸੇ ਚਾਹ ਦਾ ਅਗਲਾ ਪੜਾਅ ਸਿਰਫ਼ ਕੁੜੀਆਂ ਦੀ ਆਪਣੀ ਜ਼ਿੰਦਗੀ ਸੰਵਾਰਨਾ ਨਹੀਂ ਰਿਹਾ, ਬਲਕਿ ਪੂਰੇ ਪਰਿਵਾਰ ਦਾ ਮੂੰਹ ਮੁਹਾਂਦਰਾ ਸੰਵਾਰਨਾ ਅਤੇ ਪਰਿਵਾਰ ਦੇ ਬਾਕੀ ਜੀਆਂ ਦੇ ਵਿਦੇਸ਼ ਜਾਣ ਲਈ ਰਾਹ ਪੱਧਰਾ ਕਰਨ ਦਾ ਜ਼ਰੀਆ ਕੁੜੀਆਂ ਨੂੰ ਬਣਾਇਆ ਗਿਆ। ਇਸ ਇੱਛਾ ਦੀ ਪੂਰਤੀ ਲਈ ਪੰਜਾਬੀਆਂ ਨੇ ਪਰਵਾਸੀ ਮੁੰਡਿਆਂ ਦੀ ਉਮਰ ਨੂੰ ਹੀ ਨਜ਼ਰਅੰਦਾਜ਼ ਨਹੀਂ ਕੀਤਾ, ਸਗੋਂ ਉਨ੍ਹਾਂ ਦਾ ਪਿਛੋਕੜ ਉਨ੍ਹਾਂ ਦੀ ਕਾਰੋਬਾਰੀ ਆਰਥਿਕ ਸਥਿਤੀ ਨੂੰ ਵੀ ਜਾਣਨ ਦੀ ਖੇਚਲ ਨਾ ਕੀਤੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਅਨੇਕ ਬੇਕਿਰਦਾਰ ਪਰਵਾਸੀਆਂ ਨੇ ਆਪਣੀਆਂ ਛੁੱਟੀਆਂ ਵਿੱਚ ਪੰਜਾਬ ਆਉਣ ਅਤੇ ਇੱਥੋਂ ਦੀਆਂ ਕੁੜੀਆਂ ਨਾਲ ਵਿਆਹ ਰਚਾਉਣ ਦਾ ਗੋਰਖਧੰਦਾ ਆਰੰਭ ਕਰ ਲਿਆ। ਵਿਆਹ ਪਿੱਛੋਂ ਉਹ ਕੁੜੀਆਂ ਸਦਾ ਲਈ ਆਪਣੇ ਘਰਦਿਆਂ ਦੇ ਦਰ 'ਤੇ ਬੈਠੀਆਂ ਰਹਿ ਗਈਆਂ, ਨਾ ਵਿਆਹੀਆਂ ਤੇ ਨਾ ਵਿਧਵਾ ਦੀ ਸਥਿਤੀ ਵਿੱਚ। ਅਨੇਕ ਕੁੜੀਆਂ ਅਜਿਹਾ ਵਿਆਹਾਂ ਦੇ ਨਤੀਜੇ ਵਜੋਂ ਮਾਂਵਾਂ ਬਣੀਆਂ, ਜਿਨ੍ਹਾਂ ਦੇ ਬੱਚੇ 20-30 ਸਾਲ ਦੇ ਹੋ ਗਏ ਹਨ, ਪਰ ਉਨ੍ਹਾਂ ਨੇ ਆਪਣੇ ਪਿਓ ਦੀ ਸ਼ਕਲ ਤੱਕ ਨਹੀਂ ਦੇਖੀ। ਪਰਵਾਸੀ ਆਦਮੀਆਂ ਨਾਲ ਵਿਆਹੀਆਂ ਪੰਜਾਬੀ ਕੁੜੀਆਂ ਜੋ ਕਦੇ ਵੀ ਵਿਦੇਸ਼ ਆਪਣੇ ਪਤੀਆਂ ਕੋਲ ਜਾ ਨਾ ਸਕੀਆਂ, ਉਨ੍ਹਾਂ ਦਾ ਦਰਦ ਤਾਂ ਵੱਡਾ ਹੈ ਹੀ, ਪਰ ਪਰਵਾਸੀ ਮੁੰਡਿਆਂ ਨਾਲ ਵਿਆਹ ਕੇ ਵਿਦੇਸ਼ ਗਈਆਂ ਹੋਈਆਂ ਕੁੜੀਆਂ ਦਾ ਦਰਦ ਸ਼ਾਇਦ ਇਸ ਤੋਂ ਵੀ ਜ਼ਿਆਦਾ ਹੈ। ਬਹੁਤ ਸਾਰੇ ਮੁੰਡਿਆਂ ਨੇ ਘਰਦਿਆਂ ਦੇ ਕਹਿਣ 'ਤੇ ਵਿਆਹ ਤਾਂ ਕਰਵਾ ਲਏ, ਪਰ ਵਿਦੇਸ਼ ਜਾ ਕੇ ਉਨ੍ਹਾਂ ਨੇ ਵਿਆਹ ਕੇ ਲਿਆਂਦੀਆਂ ਗਈਆਂ ਨੂੰ ਪਤਨੀ ਵਾਲਾ ਰੁਤਬਾ ਜਾਂ ਭਾਵਨਾਤਮਕ ਸਾਂਝ ਨਾ ਦਿੱਤੀ। ਅਜਿਹੀਆਂ ਕੁੜੀਆਂ ਜਿਨ੍ਹਾਂ ਦੇ ਬੱਚੇ ਵੀ ਹੋਏ, ਪਰ ਤਲਾਕ ਨਹੀਂ ਹੋਏ। ਉਨ੍ਹਾਂ ਲਈ ਵਿਆਹ ਹੱਥ ਵਿੱਚ ਪਾਈ ਇੱਕ ਅੰਗੂਠੀ ਬਣ ਕੇ ਹੀ ਰਹਿ ਗਿਆ। ਅਜਿਹੇ ਹਾਲਾਤ ਵਜੋਂ ਜਦੋਂ ਔਰਤਾਂ ਦੇ ਵਿਆਹ ਤੋਂ ਬਾਹਰ ਰਿਸ਼ਤੇ ਕਾਇਮ ਹੋਣ ਲੱਗੇ ਜਾਂ ਅਜਿਹੇ ਨੀਰਸ ਰਿਸ਼ਤਿਆਂ ਤੋਂ ਬਾਗੀ ਹੋ ਕੇ ਆਪਣੇ ਬੇਕਦਰੇ ਪਤੀਆਂ ਨੂੰ ਛੱਡਣਾ ਚਾਹਿਆ, ਤਾਂ ਫਿਰ ਉਂਗਲ ਔਰਤਾਂ ਦੇ ਕਿਰਦਾਰ 'ਤੇ ਉੱਠੀ।

ਵਿਦੇਸ਼ ਜਾਣ ਦੀ ਲਾਲਸਾ ਪੰਜਾਬੀਆਂ ਦੀ ਏਨੀ ਵੱਧ ਗਈ ਹੈ ਕਿ ਮਾਪੇ ਆਪਣੀਆਂ ਕੁੜੀਆਂ ਨੂੰ ਵਿਆਹ ਦੇ ਆਧਾਰ 'ਤੇ ਹੀ ਨਹੀਂ, ਸਗੋਂ ਪੜ੍ਹਾਈ ਦੇ ਆਧਾਰ 'ਤੇ ਵੀ ਵਿਦੇਸ਼ ਭੇਜਣ ਤੋਂ ਗੁਰੇਜ਼ ਨਹੀਂ ਕਰਦੇ।

ਪੜ੍ਹਾਈ ਦੇ ਆਧਾਰ 'ਤੇ ਵਿਦੇਸ਼ ਗਈਆਂ ਕੁੜੀਆਂ ਜਿੱਥੇ ਉਨ੍ਹਾਂ ਨੂੰ ਜਾਣਨ ਵਾਲਾ ਵੀ ਕੋਈ ਨਹੀਂ ਹੁੰਦਾ, ਅਨੇਕ ਮੁਸ਼ਕਲਾਂ ਵਿੱਚੋਂ ਗੁਜ਼ਰਦੀਆਂ ਹਨ। ਖ਼ਰਚੇ ਪੂਰੇ ਕਰਨ ਲਈ ਨਿਰਧਾਰਿਤ ਕੰਮ ਦੇ ਸਮੇਂ ਤੋਂ ਵੱਧ ਕੰਮ ਗ਼ੈਰ-ਕਾਨੂੰਨੀ ਢੰਗ ਨਾਲ ਕਰਦੀਆਂ ਹਨ। ਅਨੇਕ ਥਾਵਾਂ 'ਤੇ ਕੰਮ ਦੀ ਘਾਟ ਕਾਰਨ ਜਾਂ ਵਿਦਿਆਰਥੀਆਂ ਦੀ ਬਹੁਤਾਤ ਕਾਰਨ ਬਹੁਤਿਆਂ ਨੂੰ ਕੰਮ ਮਿਲ ਵੀ ਨਹੀਂ ਪਾਉਂਦਾ। ਅਜਿਹੀ ਸਥਿਤੀ ਵਿੱਚ ਕੁੜੀਆਂ ਗ਼ਲਤ ਆਦਮੀਆਂ ਦੇ ਸੰਪਰਕ ਵਿੱਚ ਆ ਕੇ ਗ਼ੈਰ-ਕਾਨੂੰਨੀ ਕੰਮ ਕਰਨੇ ਵੀ ਆਰੰਭ ਕਰ ਦਿੰਦੀਆਂ ਹਨ। ਪਰਵਾਸ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ, ਪਰ ਔਰਤ ਨੂੰ ਵਿਦੇਸ਼ ਜਾਣ ਲਈ ਇੱਕ ਜ਼ਰੀਏ ਵਾਂਗ ਨਾ ਵਰਤਿਆ ਜਾਵੇ, ਇਹੋ ਸਮੇਂ ਦੀ ਮੰਗ ਹੈ।

## ਮਾਮਲਾ ਪਟਨਾ ਸਾਹਿਬ ਤਖਤ ਵਿਚ ਵੱਡੇ ਪ੍ਰਬੰਧਕੀ ਬਦਲਾਅ ਦਾ

# ਹਿੱਤ ਨੇ ਜਥੇਦਾਰ ਇਕਬਾਲ ਸਿੰਘ ਨੂੰ ਲਗਾਈ ਠਿੱਬੀ

**ਅੰਮ੍ਰਿਤਸਰ/ਏਟੀ ਨਿਊਜ਼ :** ਤਖ਼ਤ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਤੇ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਿਚਕਾਰ ਪੈਦਾ ਹੋਇਆ ਵਿਵਾਦ ਡੂੰਘਾ ਹੋਣ ਲੱਗ ਪਿਆ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਗਈ ਧਾਰਮਿਕ ਸਜ਼ਾ ਪੂਰੀ ਕਰਨ ਦੇ ਬਾਅਦ ਤਖ਼ਤ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਐਕਸ਼ਨ ਵਿਚ ਦਿਖਾਈ ਦੇ ਰਹੇ ਹਨ। ਇਹੀ ਕਾਰਨ ਹੈ ਕਿ ਹਿੱਤ ਨੇ ਇਕ ਪੱਤਰ ਜਾਰੀ ਕਰ ਕੇ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਿਰੋਧੀ ਕਥਾਵਾਚਕ ਸੁਖਦੇਵ ਸਿੰਘ ਨੂੰ ਦੁਬਾਰਾ ਤਖ਼ਤ ਸਾਹਿਬ 'ਤੇ ਸੇਵਾਵਾਂ ਲਈ ਬੁਲਾ ਲਿਆ ਹੈ। ਹਿੱਤ ਨੇ ਕਿਹਾ ਕਿ ਕਥਾਵਾਚਕ ਸੁਖਦੇਵ ਸਿੰਘ ਇਕ ਮਾਰਚ 2019 ਤੋਂ ਆਪਣੀ ਡਿਊਟੀ ਮੁੱਖ ਕਥਾਵਾਚਕ ਵਜੋਂ ਸ਼ੁਰੂ ਕਰੇ। ਦੱਸਿਆ ਜਾ ਰਿਹਾ ਹੈ ਕਿ ਗਿਆਨੀ ਇਕਬਾਲ ਸਿੰਘ ਤੇ ਸੁਖਦੇਵ ਸਿੰਘ ਦੇ ਸਬੰਧ ਚੰਗੇ ਨਹੀਂ ਰਹੇ ਸਨ। ਉਧਰ ਇਹ ਵੀ ਚਰਚਾ ਹੈ ਕਿ ਗਿਆਨੀ ਇਕਬਾਲ ਸਿੰਘ ਦੇ ਲੜਕੇ ਗੁਰਪ੍ਰਸਾਦਿ ਸਿੰਘ ਦੀ ਨਸ਼ਾ ਕਰਦਿਆਂ ਦੀ ਵੀਡੀਓ ਜਦੋਂ ਜਾਰੀ ਹੋਈ ਤਾਂ ਪ੍ਰਬੰਧਕੀ ਬੋਰਡ ਦੇ ਅਹੁਦੇਦਾਰਾਂ ਨੂੰ ਹਿੱਤ ਨੇ ਵੀ ਗੁਪਤ ਹੁਕਮ ਦਿੱਤੇ ਸਨ ਕਿ ਗੁਰਪ੍ਰਸਾਦਿ ਖ਼ਿਲਾਫ਼ ਤੁਰੰਤ ਕਾਰਵਾਈ ਕਰ ਕੇ ਉਸ ਨੂੰ ਕੈਸ਼ੀਅਰ ਦੇ ਅਹੁਦੇ ਤੋਂ ਹਟਾਇਆ ਜਾਵੇ। ਪਿਛਲੇ ਕਾਫੀ ਸਮੇਂ ਤੋਂ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਤਖ਼ਤ ਦੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਵਿਚਕਾਰ ਤਣਾਅ ਵਾਲਾ ਮਾਹੌਲ ਹੈ। ਹਿੱਤ ਤੇ ਉਨ੍ਹਾਂ ਦੇ ਸਮੱਰਥਕਾਂ ਦਾ ਦਾਅਵਾ ਹੈ ਕਿ ਗਿਆਨੀ ਇਕਬਾਲ ਸਿੰਘ ਮਨਮਾਨੀ ਕਰਦੇ ਹਨ ਤੇ ਪ੍ਰਬੰਧਕੀ ਬੋਰਡ ਦੇ ਫੈਸਲਿਆਂ ਅਨੁਸਾਰ ਨਹੀਂ ਚੱਲਦੇ। ਉਧਰ ਪ੍ਰਬੰਧਕੀ ਬੋਰਡ ਦੇ ਕਈ ਮੈਂਬਰ ਗਿਆਨੀ ਇਕਬਾਲ ਸਿੰਘ ਦੇ ਉਪਰ ਆਰਐੱਸਐੱਸ ਦਾ ਏਜੰਟ ਹੋਣ ਦੇ ਵੀ ਦੋਸ਼ ਲਾ ਚੁੱਕੇ ਹਨ। ਇਸੇ ਕਾਰਨ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣ ਲਈ ਸਾਬਕਾ ਜਨਰਲ ਸਕੱਤਰ ਚਰਨਜੀਤ ਸਿੰਘ ਨੂੰ ਸਲਾਹਕਾਰ ਲਗਾ ਦਿੱਤਾ ਹੈ।



# ਪਰਵਾਸੀ ਪੰਜਾਬਣ ਦੀ ਜ਼ਮੀਨ 'ਤੇ ਹੋਇਆ ਕਬਜ਼ਾ

- **ਜ਼ਮੀਨ ਦੀ ਰਜਿਸਟਰੀ ਕਿਸੇ ਹੋਰ ਦੇ ਨਾਂ 'ਤੇ ਕਰ ਦਿੱਤੀ ਗਈ**
- **'ਆਪ' ਵਿਧਾਇਕਾ ਸਰਬਜੀਤ ਕੌਰ ਨੇ ਵਿਧਾਨ ਸਭਾ 'ਚ ਉਠਾਇਆ ਮਸਲਾ**

**ਲੁਧਿਆਣਾ/ਏਟੀ ਨਿਊਜ਼ :** ਗਿੱਲ ਰੋਡ ਸਥਿਤ ਗ੍ਰੈਂਡ ਮੈਨਰ ਹੋਮਜ਼ ਪ੍ਰਾਜੈਕਟ ਦੀ ਉਸਾਰੀ ਵਿਚ ਹੋਈਆਂ ਧਾਂਦਲੀਆਂ ਦਾ ਮਾਮਲਾ ਹਾਲੇ ਤਕ ਠੰਡਾ ਵੀ ਨਹੀਂ ਹੋਇਆ ਕਿ ਉਸ ਨਾਲ ਲੱਗਦੀ 3000 ਵਰਗ ਗਜ਼ ਜ਼ਮੀਨ 'ਤੇ ਕਬਜ਼ੇ ਦਾ ਇਕ ਮਾਮਲਾ ਸਾਹਮਣੇ ਆ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਜ਼ਮੀਨ ਇਕ ਪ੍ਰਵਾਸੀ ਪੰਜਾਬਣ ਦੀ ਹੈ, ਜੋ ਕਿ ਅਮਰੀਕਾ ਵਿਚ ਰਹਿੰਦੀ ਹੈ। ਜ਼ਮੀਨ 'ਤੇ ਕਬਜ਼ਾ ਕਿਸ ਨੇ ਕੀਤਾ, ਇਹ ਹਾਲੇ ਤਕ ਸਾਫ਼ ਨਹੀਂ ਹੋਇਆ, ਪਰ ਉਸ ਨੂੰ ਦੱਸੇ ਬਿਨਾ ਉਹਦੀ ਜ਼ਮੀਨ ਦੀ ਰਜਿਸਟਰੀ ਕਿਸੇ ਹੋਰ ਦੇ ਨਾਂ ਹੋ ਗਈ।

'ਆਪ' ਦੀ ਵਿਧਾਇਕ ਤੇ ਵਿਧਾਨ ਸਭਾ ਵਿਚ ਡਿਪਟੀ ਨੇਤਾ ਸਰਬਜੀਤ ਕੌਰ ਮਾਣੂਕੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਅਮਰੀਕਾ ਵਿਚ ਰਹਿਣ ਵਾਲੀ ਨਸੀਬ ਕੌਰ ਨੇ ਉਨ੍ਹਾਂ ਨੂੰ ਫੋਨ ਰਾਹੀਂ ਸੂਚਨਾ ਦਿੱਤੀ ਕਿ ਗ੍ਰੈਂਡ ਮੈਨਰ ਹੋਮਜ਼ ਪ੍ਰਾਜੈਕਟ ਨਾਲ ਉਨ੍ਹਾਂ ਦੀ ਜ਼ਮੀਨ ਸੀ, ਜਿਸ 'ਤੇ ਕਬਜ਼ਾ ਹੋ ਚੁੱਕਾ ਹੈ। ਮਾਣੂਕੇ ਨੇ ਦੱਸਿਆ ਕਿ ਹਾਲੇ ਤਕ ਇਹ ਨਹੀਂ ਕਿਹਾ ਜਾ ਸਕਦਾ ਕਿ ਕਬਜ਼ਾ ਕਿਸ ਨੇ ਕੀਤਾ ਹੈ ਪਰ ਕਾਗਜ਼ਾਂ ਦੀ ਜਾਂਚ ਤੋਂ ਬਾਅਦ ਇਹ ਵੀ ਸਾਹਮਣੇ ਆ ਜਾਵੇਗਾ ਕਿ ਐੱਨਆਰਆਈ ਦੀ ਜ਼ਮੀਨ 'ਤੇ ਕਿਸ ਨੇ ਕਬਜ਼ਾ ਕੀਤਾ। ਮਾਣੂਕੇ ਨੇ ਦੱਸਿਆ ਕਿ ਉਨ੍ਹਾਂ ਨੇ ਉਕਤ ਐੱਨਆਰਆਈ ਔਰਤ ਤੋਂ ਰਜਿਸਟਰੀ ਮੰਗਵਾਈ ਹੈ। ਉਸ ਤੋਂ ਬਾਅਦ ਰੈਵੇਨਿਊ ਰਿਕਾਰਡ ਵਿਚ ਉਸ ਦੀ ਜਾਂਚ ਕੀਤੀ ਜਾਵੇਗੀ, ਜਿਸ ਨਾਲ ਕਬਜ਼ਾ ਕਰਨ ਵਾਲਿਆਂ ਦਾ ਖੁਲਾਸਾ ਹੋ ਜਾਵੇਗਾ। ਮਾਣੂਕੇ ਨੇ ਦੱਸਿਆ ਕਿ ਐੱਨਆਰਆਈ ਔਰਤ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਕਿ ਉਹ ਆਪਣੀ ਜ਼ਮੀਨ ਦੀ ਰਜਿਸਟਰੀ ਨੂੰ ਲੈ ਕੇ ਅਫ਼ਸਰਾਂ ਕੋਲ ਜਾ ਚੁੱਕੀਆਂ ਹਨ ਤੇ ਕਿਤੇ ਵੀ ਰਿਕਾਰਡ ਵਿਚ ਉਸ ਦੀ ਜ਼ਮੀਨ ਮਿਲ ਨਹੀਂ ਰਹੀ ਹੈ। ਉਨ੍ਹਾਂ ਦੱਸਿਆ ਕਿ ਕੁਝ ਲੋਕ ਨਸੀਬ ਕੌਰ ਦੀ ਜ਼ਮੀਨ ਖਾ ਚੁੱਕੇ ਹਨ ਤੇ ਰੈਵੇਨਿਊ ਰਿਕਾਰਡ ਵਿਚੋਂ ਵੀ ਉਸ ਦਾ ਨਾਂ ਗਾਇਬ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਫ਼ ਹੈ ਕਿ ਭੂ ਮਾਫੀਆ ਤੇ ਅਫ਼ਸਰਾਂ ਦੀ ਆਪਸ ਵਿਚ ਮਿਲੀਭੁਗਤ ਹੈ, ਜਿਸ ਕਾਰਨ ਹੀ ਲੈਂਡ ਰਿਕਾਰਡ ਵਿਚ ਹੇਰਾਫੇਰੀ ਹੋ ਰਹੀ ਹੈ। ਮਾਣੂਕੇ ਨੇ ਕਿਹਾ ਕਿ ਗ੍ਰੈਂਡ ਮੈਨਰ ਹੋਮਜ਼ ਦੀ ਰਜਿਸਟਰੀ ਦੇ ਮਾਮਲੇ ਵੀ ਰਿਕਾਰਡ ਵਿਚ ਹੇਰਾਫੇਰੀ ਕੀਤੀ ਗਈ ਹੈ। ਮਾਣੂਕੇ ਨੇ ਕਿਹਾ ਕਿ ਸ਼ਹਿਰ ਵਿਚ ਸਰਕਾਰੀ ਥਾਵਾਂ ਦੇ ਨਾਲ-ਨਾਲ ਲੋਕਾਂ ਦੀਆਂ ਨਿੱਜੀ ਥਾਵਾਂ 'ਤੇ ਸਿਆਸੀ ਸਰਪ੍ਰਸਤੀ ਵਿਚ ਕਬਜ਼ੇ ਹੋਏ ਹਨ। ਉਨ੍ਹਾਂ ਕਿਹਾ ਕਿ ਹੁਣ ਹੌਲੀ-ਹੌਲੀ ਲੋਕ ਉਨ੍ਹਾਂ ਕੋਲ ਆ ਰਹੇ ਹਨ। ਹੁਣ ਆਮ ਆਦਮੀ ਪਾਰਟੀ ਲੁਧਿਆਣਾ ਜ਼ਿਲ੍ਹੇ ਵਿਚ ਇਕ ਪੰਜ ਮੈਂਬਰੀ ਕਮੇਟੀ ਦਾ ਗਠਨ ਕਰੇਗੀ ਜੋ ਕਿ ਲੋਕਾਂ ਦੀਆਂ ਜ਼ਮੀਨਾਂ 'ਤੇ ਹੋਏ ਕਬਜ਼ਿਆਂ ਦੀ ਸ਼ਿਕਾਇਤ ਇਕੱਠੀ ਕਰਨਗੇ। ਉਸ ਤੋਂ ਬਾਅਦ ਪ੍ਰਸ਼ਾਸਨਿਕ ਪੱਧਰ 'ਤੇ ਉਸ ਦੀ ਜਾਂਚ ਕਰਵਾਉਣਗੇ ਤੇ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਵਾਪਸ ਕਰਵਾਉਣ ਲਈ ਮੁਹਿੰਮ ਸ਼ੁਰੂ ਕਰਨਗੇ।

ਮਾਣੂਕੇ ਨੇ ਕਿਹਾ ਕਿ ਕੈਪਟਨ ਨੇ ਸਰਕਾਰ ਵਿਚ ਆਉਂਦੇ ਹੀ ਦਾਅਵਾ ਕੀਤਾ ਸੀ ਕਿ ਉਹ ਸੂਬੇ ਵਿਚ ਲੈਂਡ ਮਾਫੀਆ ਖ਼ਤਮ ਕਰਨਗੇ। ਸ਼ਹਿਰ ਵਿਚ ਲੈਂਡ ਮਾਫੀਆ ਸਰਗਰਮ ਹੈ ਤੇ ਕੈਪਟਨ ਇਸ ਵੱਲੋਂ ਅੱਖਾਂ ਬੰਦ ਕਰੀ ਬੈਠੇ ਹਨ।

## ਦਲਜੀਤ ਸਿੰਘ ਸੰਧੂ ਐਲਕਗਰੋਵ ਸਿਟੀ ਦੇ ਇਤਿਹਾਸ ਸੰਭਾਲ ਕਮੇਟੀ ਮੈਂਬਰ ਬਣੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸੈਕਰਾਮੈਂਟੋ ਲਾਗੇ ਸ਼ਹਿਰ ਐਲਕਗਰੋਵ ਸਿਟੀ ਨੇ ਸਮਾਜਿਕ ਆਗੂ ਦਲਜੀਤ ਸਿੰਘ ਸੰਧੂ ਨੂੰ ਸ਼ਹਿਰ ਦੀ ਇਤਿਹਾਸ ਸੰਭਾਲ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ। ਸ. ਸੰਧੂ ਕਰੀਬ ਸੰਨ 2005 ਤੋਂ ਐਲਕਗਰੋਵ ਵਿਚ ਰਹਿ ਰਹੇ ਹਨ ਤੇ ਪਹਿਲਾਂ ਉਹ ਸਾਲ 2002 ਵਿਚ ਅੰਮ੍ਰਿਤਸਰ ਤੋਂ ਪਰਿਵਾਰ ਸਮੇਤ ਆਏ ਸਨ। ਉਹ ਅੰਮ੍ਰਿਤਸਰ ਵਿਚ ਪੰਜਾਬ ਐਂਡ ਸਿੰਧ ਬੈਂਕ ਤੋਂ ਰਿਟਾਇਰਡ ਹੋਏ, ਇਸ ਤੋਂ ਬਾਅਦ ਉਨ੍ਹਾਂ ਨੂੰ ਕਈ ਸਿਰਮੌਰ ਸੰਸਥਾਵਾਂ ਨੇ ਸਨਮਾਨਤ ਵੀ ਕੀਤਾ। ਅਮਰੀਕਾ ਵਿਚ ਆ ਕੇ ਸ. ਦਲਜੀਤ ਸਿੰਘ ਸੰਧੂ ਸਮਾਜਿਕ ਕੰਮਾਂ ਵਿਚ ਸਰਗਰਮ ਰਹੇ। ਇਸ ਦੇ ਫਲਸਰੂਪ ਉਨ੍ਹਾਂ ਨੂੰ ਐਲਕਗਰੋਵ ਸਿਟੀ ਦਾ ਇਤਿਹਾਸ ਸੰਭਾਲ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ, ਜਿਸ ਨੂੰ ਮੇਅਰ ਅਤੇ ਕੌਂਸਿਲ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ।



# ਮੇਕ ਇਨ ਇੰਡੀਆ ਕਿ ਮੇਕ ਇਨ ਬਲਾਤਕਾਰੀ ?

**ਨਵੀਂ ਦਿੱਲੀ/ਏਟੀ ਨਿਊਜ਼ :** ਮੋਦੀ ਦਾ 'ਮੇਕ ਇਨ ਇੰਡੀਆ' ਹੋਰ ਤਾਂ ਭਾਵੇਂ ਕੁਝ ਬਣਾਉਣ ਲੱਗਿਆ ਹੋਵੇ ਜਾਂ ਨਾ ਪਰ ਔਰਤਾਂ ਨਾਲ ਬਲਾਤਕਾਰ ਤੇ ਛੇੜਛਾੜ ਕਰਨ ਦੇ ਰਿਕਾਰਡ ਜ਼ਰੂਰ ਬਣਾ ਰਿਹਾ ਹੈ। ਹਿੰਦੋਸਤਾਨ ਵਿਚ ਔਰਤਾਂ ਖ਼ਿਲਾਫ਼ ਅਪਰਾਧ ਲਈ ਦੋਸ਼ੀ ਕਰਾਰ ਦਿੱਤੇ ਗਏ ਪੰਜ ਲੱਖ ਤੋਂ ਵੱਧ ਜਿਨਸੀ ਅਪਰਾਧੀਆਂ ਦੇ ਨਾਂ ਡੇਟਾਬੇਸ ਵਿਚ ਜੋੜੇ ਗਏ ਹਨ। ਕਾਨੂੰਨ ਲਾਗੂ ਕਰਵਾਉਣ ਵਾਲੀਆਂ ਏਜੰਸੀਆਂ ਦੇਸ਼ ਭਰ ਦੇ ਜਿਨਸੀ ਅਪਰਾਧ ਸਬੰਧੀ ਮਾਮਲਿਆਂ ਦੀ ਜਾਂਚ ਕਰਨ ਲਈ ਇਸ ਡੇਟਾਬੇਸ ਦੀ ਵਰਤੋਂ ਕਰ ਸਕਦੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜਿਨਸੀ ਅਪਰਾਧੀਆਂ ਦੀ ਕੌਮੀ ਰਜਿਸਟਰੀ 'ਕੌਮੀ ਅਪਰਾਧ ਰਿਕਾਰਡ ਬਿਊਰੋ' ਵੱਲੋਂ ਤਿਆਰ ਕੀਤਾ ਜਾਂਦੀ ਹੈ। ਇਸ ਵਿੱਚ ਅਜਿਹੇ ਵਿਅਕਤੀਆਂ ਦੇ ਅੰਕੜੇ ਹਨ ਜਿਨ੍ਹਾਂ ਨੂੰ ਜਬਰ-ਜਨਾਹ, ਗੈਂਗਰੇਪ, ਪੋਕਸੋ ਤੇ ਛੇੜਛਾੜ ਜਿਹੇ ਮਾਮਲਿਆਂ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ, 'ਹੁਣ ਤੱਕ ਪੰਜ ਲੱਖ ਤੋਂ ਵੱਧ ਜਿਨਸੀ ਅਪਰਾਧ ਦੇ ਦੋਸ਼ੀਆਂ ਦੀ ਜਾਣਕਾਰੀ ਅਪਲੋਡ ਕੀਤੀ ਜਾ ਚੁੱਕੀ ਹੈ।' ਹਾਲਾਂਕਿ ਰਜਿਸਟਰੀ ਵਿੱਚ ਤਸਵੀਰਾਂ ਤੇ ਪਛਾਣ ਪੱਤਰ ਤੱਕ ਪਹੁੰਚ ਸਿਰਫ਼ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਹੀ ਕੀਤੀ ਜਾ ਸਕਦੀ ਹੈ। ਅਧਿਕਾਰੀ ਨੇ ਦੱਸਿਆ ਕਿ ਡੇਟਾਬੇਸ ਵਿਚ ਹਰ ਅਪਰਾਧੀ ਦਾ ਨਾਂ, ਪਤਾ, ਤਸਵੀਰ ਤੇ ਫਿੰਗਰਪ੍ਰਿੰਟ ਦੀ ਜਾਣਕਾਰੀ ਹੈ, ਹਾਲਾਂਕਿ ਗੋਪਨੀਅਤਾ ਬਾਰੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਹ ਰਿਕਾਰਡ 'ਕ੍ਰਾਈਮ ਐਂਡ ਕ੍ਰਿਮੀਨਲ ਟਰੈਕਿੰਗ ਨੈੱਟਵਰਕ ਐਂਡ ਸਿਸਟਮਜ਼' ਤੋਂ ਲਿਆ ਗਿਆ ਹੈ। ਇਹ ਡੇਟਾਬੇਸ ਗ੍ਰਹਿ ਮੰਤਰਾਲੇ ਦਾ ਇੱਕ ਪ੍ਰੋਗਰਾਮ ਹੈ। ਦੱਸਣਯੋਗ ਹੈ ਕਿ ਭਾਰਤ ਵਿੱਚ ਸਖ਼ਤ ਕਾਨੂੰਨ ਬਣਨ ਦੇ ਬਾਵਜੂਦ ਔਰਤਾਂ ਦਾ ਸ਼ੋਸ਼ਣ ਘੱਟ ਹੁੰਦਾ ਨਜ਼ਰ ਨਹੀਂ ਆ ਰਿਹਾ। ਹੈਰਾਨੀ ਦੀ ਗੱਲ ਹੈ ਕਿ ਔਰਤਾਂ ਦਾ ਸ਼ੋਸ਼ਣ ਪਿੰਡਾਂ ਨਾਲੋਂ ਸ਼ਹਿਰਾਂ ਵਿੱਚ ਵੱਧ ਹੋ ਰਿਹਾ ਹੈ। ਇਸ ਤੋਂ ਸਪਸ਼ਟ ਹੈ ਕਿ ਸਮਾਜ ਵਿੱਚ ਸ਼ਾਖਰਤਾ ਵਧਣ ਦੇ ਬਾਵਜੂਦ ਮਨੁੱਖਾਂ ਦੀ ਸੋਚ ਨਹੀਂ ਬਦਲ ਰਹੀ। ਭਾਰਤ ਵਿੱਚ ਔਰਤਾਂ ਦੀ ਹਾਲਤ ਸਰਕਾਰੀ ਅੰਕੜੇ ਹੀ ਸਪਸ਼ਟ ਕਰ ਦਿੰਦੇ ਹਨ। ਉਂਝ ਖ਼ੁਦ ਸਰਕਾਰੀ ਅਧਿਕਾਰੀ ਮੰਨਦੇ ਹਨ ਕਿ ਔਰਤਾਂ ਖਿਲਾਫ ਹਿੰਸਾ ਦੇ ਸਿਰਫ 10 ਤੋਂ 20 ਫੀਸਦੀ ਕੇਸ ਹੀ ਸਾਹਮਣੇ ਆਉਂਦੇ ਹਨ। ਜ਼ਿਆਦਾਤਰ ਸਮਾਜ ਦੇ ਡਰ ਕਾਰਨ ਅੰਦਰੇ ਹੀ ਦਬਾ ਦਿੱਤੇ ਜਾਂਦੇ ਹਨ। ਸਰਕਾਰ ਦੇ ਤਾਜ਼ਾ ਅੰਕੜੇ ਵੀ ਹੋਸ਼ ਉਡਾ ਦੇਣ ਵਾਲੇ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਪੰਜ ਲੱਖ ਤੋਂ ਵੱਧ 'ਬਲਾਤਕਾਰੀ' ਬੇਨਕਾਬ ਕੀਤੇ ਗਏ ਹਨ।



# ਭਾਸ਼ਾ ਵਿਭਾਗ ਨੂੰ ਉਜਾੜ ਕੇ ਪੰਜਾਬੀ ਭਾਸ਼ਾ ਦਾ ਭੋਗ ਪਾਉਣ ਦੀਆਂ ਤਿਆਰੀਆਂ

- **ਅਕਾਲੀ ਸਰਕਾਰ ਦੀਆਂ ਪੰਜਾਬੀ ਭਾਸ਼ਾ ਪ੍ਰਤੀ ਯੋਜਨਾਵਾਂ ਵੀ ਰੋਕੀਆਂ**
- **ਸਿਆਸੀ ਪਾਰਟੀਆਂ ਵਲੋਂ ਪੰਜਾਬੀ ਭਾਸ਼ਾ ਵੱਲ ਧਿਆਨ ਨਹੀਂ ਦਿੱਤਾ ਗਿਆ**
- **ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅੰਗਰੇਜ਼ੀ ਮੀਡੀਅਮ ਨੂੰ ਲਾਗੂ ਕਰਨਾ ਕੈਪਟਨ ਸਰਕਾਰ ਵਲੋਂ ਪੰਜਾਬ ਨਾਲ ਧੋਖਾ-ਡਾ. ਚੀਮਾ**




## ਸਰਕਾਰ ਪੰਜਾਬੀ ਭਾਸ਼ਾ ਵੱਲ ਧਿਆਨ ਦੇਵੇ : ਗਿਆਨੀ ਕੇਵਲ ਸਿੰਘ

**ਜਲੰਧਰ/ਏਟੀ ਨਿਊਜ਼ :** ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਦਮਦਮਾ ਸਾਹਿਬ ਆਖਦੇ ਹਨ ਕਿ ਉਂਜ ਸੰਨ 1967 ਤੋਂ ਪਿੱਛੋਂ ਸਾਲ 2008 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਹੀ ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਰਾਹੀਂ ਪੰਜਾਬੀ ਨੂੰ ਪਹਿਲੀ ਤੋਂ



ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਵੀ ਹੋਇਆ ਕਿ ਸਰਕਾਰੀ ਕੰਮ ਵੀ ਪੰਜਾਬੀ ਵਿੱਚ ਹੀ ਕੀਤਾ ਜਾਵੇਗਾ। ਜੋ ਸਰਕਾਰੀ ਅਧਿਕਾਰੀ ਇਸ ਦੀ ਉਲੰਘਣਾ ਕਰਨਗੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਜਦੋਂ ਸਮੇਂ-ਸਮੇਂ ਦੇ ਮੁੱਖ ਮੰਤਰੀਆਂ, ਸਿੱਖਿਆ ਮੰਤਰੀਆਂ ਨੂੰ ਹੀ ਪੰਜਾਬੀ ਦੀ ਕੋਈ ਪਰਵਾਹ ਨਹੀਂ ਤਾਂ ਅਫ਼ਸਰਸ਼ਾਹੀ ਵੱਲੋਂ ਚਿੰਤਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪੰਜਾਬ ਵਿਧਾਨ ਸਭਾ ਦਾ ਇਹ ਇਤਿਹਾਸ ਰਿਹਾ ਹੈ ਕਿ ਇੱਥੇ ਸਾਰੀ ਕਾਰਵਾਈ ਪੰਜਾਬੀ ਵਿੱਚ ਹੀ ਹੁੰਦੀ ਹੈ। ਹੁਣ ਤਕ ਪੰਜਾਬ ਦੇ ਜਿਹੜੇ ਵੀ ਮੁੱਖ ਮੰਤਰੀ ਹੋਏ ਹਨ, ਉਨ੍ਹਾਂ ਨੇ ਰਾਜਪਾਲ ਦੇ ਭਾਸ਼ਣ ਦਾ ਜਵਾਬ ਪੰਜਾਬੀ ਵਿੱਚ ਹੀ ਦਿੱਤਾ ਹੈ, ਪਰ ਕੁਝ ਚਿਰ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਜਵਾਬ ਅੰਗਰੇਜ਼ੀ ਵਿੱਚ ਦੇ ਕੇ ਸਿਆਸੀ ਆਗੂਆਂ ਅਤੇ ਅਫ਼ਸਰਸ਼ਾਹੀ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਉਹ ਆਪਣਾ ਕੰਮ ਭਾਸ਼ਾ ਪੱਖੋਂ ਆਪਣੀ ਮਰਜ਼ੀ ਮੁਤਾਬਿਕ ਕਰ ਸਕਦੇ ਹਨ। ਇਹ ਪੰਜਾਬੀ ਭਾਸ਼ਾ ਦੇ ਘਾਣ ਕਰਨ ਵਾਲੀ ਗੱਲ ਹੈ ।

**ਜਲੰਧਰ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਵੱਲੋਂ ਭਾਸ਼ਾ ਵਿਭਾਗ ਨੂੰ ਉਜਾੜ ਕੇ ਪੰਜਾਬੀ ਭਾਸ਼ਾ ਦਾ ਭੋਗ ਪਾਉਣ ਦੀਆਂ ਤਿਆਰੀਆਂ ਖਿੱਚ ਲਈਆਂ ਹਨ। ਕੈਪਟਨ ਸਰਕਾਰ ਬਣਿਆਂ ਸਾਲ ਤੋਂ ਉੱਪਰ ਹੋ ਗਿਆ ਹੈ, ਪਰ ਹਾਲੇ ਤੱਕ ਇਸ ਸਰਕਾਰ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਇਸ ਦੀ ਬਿਹਤਰੀ ਲਈ ਕੋਈ ਉਪਰਾਲਾ ਨਹੀਂ ਕੀਤਾ ਹੈ। ਚੋਣ ਵਾਅਦਿਆਂ ਵਿਚ ਕਾਂਗਰਸ ਨੇ ਪੰਜਾਬੀ ਲਈ ਕਈ ਮਾਅਰਕੇ ਮਾਰਨ ਦਾ ਭਰੋਸਾ ਦਿੱਤਾ ਸੀ ਪਰ ਪੰਜਾਬੀ ਭਾਸ਼ਾ ਦੀ ਸਰਕਾਰੀ ਤੇ ਅਰਧ ਸਰਕਾਰੀ ਦਫ਼ਤਰਾਂ ਵਿਚ ਹੁੰਦੀ ਵਰਤੋਂ ਦੇ ਜਾਇਜ਼ੇ ਲਈ ਵੀ ਜ਼ਿਲ੍ਹਾ ਤੇ ਰਾਜ ਪੱਧਰੀ ਕਮੇਟੀਆਂ ਬਣਾਉਣ ਦਾ ਮਾਮਲੇ ਹਾਲੇ ਤੱਕ ਨਹੀਂ ਛੇੜਿਆ ਗਿਆ। ਉਲਟਾ ਵਿਧਾਨ ਸਭਾ ਵਿੱਚ ਕਾਂਗਰਸੀ ਆਗੂਆਂ ਵੱਲੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਵਰਤੀ ਗਈ ਹੈ।

ਭਾਸ਼ਾ ਵਿਭਾਗ ਦਾ ਬੁਰਾ ਹਾਲ : ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਰਾਹੀਂ ਲਿਖਣ ਪੜ੍ਹਨ ਦੇ ਕੰਮ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਵੀ ਭਾਸ਼ਾ ਵਿਭਾਗ ਪੰਜਾਬ ਨੂੰ ਦਿੱਤੀ ਗਈ ਸੀ। ਪਰ ਏਨੇ ਮਹੱਤਵਪੂਰਨ ਕੰਮ ਕਰਨ ਵਾਲਾ ਇਹ ਮਹੱਤਵਪੂਰਨ ਵਿਭਾਗ ਸਰਕਾਰਾਂ ਦੀ ਬੇਰੁਖ਼ੀ ਦਾ ਸ਼ਿਕਾਰ ਹੋ ਕੇ ਸਰਕਾਰੀ ਫੰਡਾਂ ਵਿਚੋਂ ਫੁੱਟੀ ਕੌਡੀ ਤੱਕ ਲਈ ਤਰਸਦਾ ਅੱਜ ਆਪਣੇ ਆਖਰੀ ਸਾਹ ਗਿਣ ਰਿਹਾ ਹੈ । ਤਕਨੀਕੀ ਸ਼ਬਦਾਵਲੀ ਦੀਆਂ ਪੁਸਤਕਾਂ ਦੀ ਛਪਾਈ ਕਈ ਦਹਾਕੇ ਪਹਿਲਾਂ ਹੀ ਬੰਦ ਹੋ ਗਈ ਸੀ, ਛਾਪੀਆਂ ਗਈਆਂ ਪੁਸਤਕਾਂ ਵੀ ਸਿਊਂਕ ਦੀ ਖ਼ੁਰਾਕ ਬਣ ਗਈਆਂ ਹਨ, ਦਹਾਕੇ ਹੋ ਗਏ ਲੇਖਕਾਂ ਦੀਆਂ ਪੈਨਸ਼ਨਾਂ, ਸਾਹਿਤ ਸਭਾਵਾਂ ਦੀਆਂ ਗਰਾਂਟਾਂ, ਲੇਖਕਾਂ ਦੀਆਂ ਤੇ ਭਾਸ਼ਾ ਵਿਭਾਗ ਦੀਆਂ ਆਪਣੀਆਂ ਪੁਸਤਕਾਂ ਦਾ ਕੰਮ ਫੰਡਾਂ ਦੀ ਘਾਟ ਦਾ ਸ਼ਿਕਾਰ ਹੋ ਗਿਆ ਹੈ, ਕਵੀ ਦਰਬਾਰ ਤੇ ਸਾਹਿਤਕ ਗੋਸ਼ਟੀਆਂ ਨੂੰ ਲੰਮੇ ਸਮੇਂ ਤੋਂ ਬਰੇਕ ਲੱਗੀ ਹੋਈ ਹੈ। ਵਿਭਾਗ ਦੇ ਦੋਵੇਂ ਮਾਸਿਕ ਪੱਤਰ ਦਹਾਕਿਆਂ ਤੋਂ ਬੰਦ ਹਨ। ਸਰਕਾਰੀ ਦਫ਼ਤਰਾਂ ਅੰਦਰ ਪੰਜਾਬੀ ਵਿਚ ਕੰਮ ਕਰਨ ਨਾ ਵਾਲਿਆਂ 'ਤੇ ਛਾਪੇ ਮਾਰਨ ਜਾਣ ਲਈ ਵਿਭਾਗ ਕੋਲ ਫੁੱਟੀ ਕੌਡੀ ਤੱਕ ਨਹੀਂ ਹੈ ਤੇ ਨਾ ਹੀ ਸਰਕਾਰੀ ਦਫ਼ਤਰਾਂ ਅੰਦਰ ਪੰਜਾਬੀ ਨੂੰ ਅਣਗੌਲਿਆਂ ਕਰਨ ਵਾਲੇ ਲੋਕਾਂ ਲਈ ਪੰਜਾਬੀ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਦੀ ਵਿਵਸਥਾ ਕੀਤੀ ਗਈ ਹੈ। 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ' ਤੇ ਵੱਖ-ਵੱਖ ਲੇਖਕਾਂ ਦੀਆਂ ਤੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਛਪੀਆਂ ਪੁਸਤਕਾਂ ਨੂੰ ਦਿੱਤੇ ਜਾਣ ਵਾਲੇ ਸਾਲਾਨਾ ਪੁਰਸਕਾਰ 2014 ਤੋਂ ਬੰਦ ਹਨ। ਕਈ ਸਾਲ ਪਹਿਲਾਂ ਇਸ ਮੰਤਵ ਲਈ ਤੇ ਪੰਜਾਬੀ ਦੇ ਵਿਕਾਸ ਲਈ ਰਾਜ ਪੱਧਰ 'ਤੇ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਗਠਿਤ ਕੀਤੀ ਗਈਆਂ ਸਨ। ਆਪਣੇ ਕਾਰਜਕਾਲ ਵਿਚ ਇਨ੍ਹਾਂ ਕਮੇਟੀਆਂ ਦੀ ਇਕ ਵੀ ਮੀਟਿੰਗ ਨਹੀਂ ਹੋਈ। ਹੁਣ ਤਾਂ ਕਈ ਸਾਲਾਂ ਤੋਂ ਇਨ੍ਹਾਂ ਕਮੇਟੀਆਂ ਦੀ ਮਿਆਦ ਹੀ ਖ਼ਤਮ ਹੋ ਚੁੱਕੀ ਹੈ। ਭਾਸ਼ਾ ਵਿਭਾਗ ਦੀ ਵਿਸ਼ਾਲ ਇਮਾਰਤ ਫੰਡਾਂ ਦੀ ਘਾਟ ਕਰਕੇ ਢਹਿ-ਢੇਰੀ ਹੋਣ ਲੱਗ ਪਈ ਹੈ। ਪੰਜਾਬ ਵਿਚ ਜਿਹੜੀਆਂ ਸਰਕਾਰਾਂ ਨੇ ਪੰਜਾਬੀ ਭਾਸ਼ਾ ਦੇ ਨਾਂਅ 'ਤੇ ਚੋਣਾਂ ਜਿੱਤ ਕੇ ਸਰਕਾਰਾਂ ਬਣਾਈਆਂ ਤੇ ਚਲਾਈਆਂ ਨੂੰ ਵੀ ਇਸ ਵਿਭਾਗ 'ਤੇ ਤਰਸ ਨਹੀਂ ਆਇਆ। ਅਜਿਹੀ ਅਵਸਥਾ ਵਿਚ ਤਾਂ ਜਾਪਦਾ ਹੈ ਕੈਪਟਨ ਸਰਕਾਰ ਪੰਜਾਬੀ ਭਾਸ਼ਾ ਨੂੰ ਬਰਬਾਦ ਕਰਨ 'ਤੇ ਤੁਲੀ ਹੈ। ਕੈਪਟਨ ਸਰਕਾਰ ਸ਼ਾਇਦ ਸੋਚਦੀ ਹੋਵੇ ਕਿ ਪੰਜਾਬੀ ਭਾਸ਼ਾ ਦੇ ਉਥਾਨ ਤੇ ਵਿਕਾਸ ਲਈ ਪੈਸਾ ਖਰਚਣ ਨਾਲ ਸ਼ਾਇਦ ਸਾਡਾ ਵੋਟ ਬੈਂਕ ਮਜ਼ਬੂਤ ਨਾ ਹੋਵੇ। ਇਸ ਲਈ ਭਾਸ਼ਾ ਵਿਭਾਗ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਦੇ ਕੰਮ ਦਾ ਕੋਈ ਲਾਭ ਨਹੀਂ, ਇਹ ਤਾਂ ਪੰਜਾਬੀ ਭਾਸ਼ਾ ਸਾਹਿਤ ਤੇ ਸੱਭਿਆਚਾਰ ਨਾਲ ਸਰਾਸਰ ਬੇਇਨਸਾਫ਼ੀ ਹੈ।

ਕੈਪਟਨ ਸਰਕਾਰ ਨੇ ਪੰਜਾਬੀ ਦੀ ਦੁਰਦਸ਼ਾ ਕੀਤੀ : ਯਾਦ ਰਹੇ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਵੀ ਆਪਣੇ ਅਖੀਰਲੇ ਵਰ੍ਹੇ ਹੀ ਪੰਜਾਬੀ ਦੀ ਰਾਖੀ ਤੇ ਪ੍ਰਫੁੱਲਤਾ ਲਈ ਰਾਜ ਭਾਸ਼ਾ ਸਬੰਧੀ ਅਧਿਕਾਰਤ ਕਮੇਟੀਆਂ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਬਾਅਦ ਵਿਚ ਕੈਪਟਨ ਸਰਕਾਰ ਵੱਲੋਂ ਇਹ ਕਮੇਟੀਆਂ ਸੁਰਜੀਤ ਕੀਤੇ ਜਾਣ ਦੀ ਆਸ ਸੀ। ਭਾਸ਼ਾ ਵਿਭਾਗ, ਪੰਜਾਬ ਦੇ ਸੂਤਰਾਂ ਦਾ ਕਹਿਣਾ ਹੈ ਕਿ ਹਾਲੇ ਤੱਕ ਸਰਕਾਰ ਵੱਲੋਂ ਭਾਸ਼ਾ ਦੀਆਂ ਅਧਿਕਾਰਤ ਕਮੇਟੀ ਬਣਾਉਣ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪਿਛਲੀ ਸਰਕਾਰ ਨੇ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀਆਂ ਬਣਾਉਣ ਲਈ ਭਾਸ਼ਾ ਵਿਭਾਗ ਨੂੰ ਅਧਿਕਾਰ ਦਿੱਤੇ ਸਨ, ਉਦੋਂ ਇੱਕ ਵਾਰ ਮਸੌਦਾ ਸਰਕਾਰ ਤੱਕ ਪੁੱਜਦਾ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਹੋਇਆ ਕੁਝ ਨਹੀਂ।

ਭਾਸ਼ਾ ਵਿਭਾਗ ਦੀ ਡਾਇਰੈਕਟਰ ਗੁਰਸ਼ਰਨ ਕੌਰ ਦਾ ਕਹਿਣਾ ਹੈ ਕਿ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਵੇਰਵਾ ਤਿਆਰ ਕਰ ਕੇ ਸਰਕਾਰ ਨੂੰ ਭੇਜ ਦਿੱਤਾ ਗਿਆ ਸੀ, ਜਿਸ 'ਤੇ ਹਾਲੇ ਤੱਕ ਕੋਈ ਵਿਚਾਰ ਨਹੀਂ ਹੋਈ।

ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਤੇ ਅਲੋਚਕ ਡਾ. ਤੇਜਵੰਤ ਮਾਨ ਨੇ ਕਿਹਾ ਕਿ ਰਾਜ ਭਾਸ਼ਾ ਸੋਧ ਐਕਟ ਵਿਚ ਅਜਿਹੀਆਂ ਕਮੇਟੀਆਂ ਬਣਾਉਣ ਲਈ ਸੂਬਾ ਸਰਕਾਰ ਪਾਬੰਦ ਹੈ। ਸਿਆਸੀ ਪਾਰਟੀਆਂ ਤੇ ਹੁਣ ਕੈਪਟਨ ਸਰਕਾਰ ਵੱਲੋਂ ਵਿਰੋਧੀ ਦੇ ਰੂਪ ਵਿੱਚ ਪੰਜਾਬੀ ਲਈ ਗੱਲਾਂ ਹੁੰਦੀਆਂ ਹਨ ਪਰ ਸੱਤਾ ਮਿਲ ਜਾਣ 'ਤੇ ਪੰਜਾਬੀ ਵੱਲ ਧਿਆਨ ਨਹੀਂ ਦਿੱਤਾ ਜਾਂਦਾ।

ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਖੋਜ ਅਫ਼ਸਰ ਡਾ. ਭਗਵੰਤ ਸਿੰਘ ਦਾ ਕਹਿਣਾ ਹੈ ਕਿ ਸਰਕਾਰਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਲਈ ਸਮੂਹ ਪੰਜਾਬੀਆਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ।

ਕੀ ਕਹਿੰਦੇ ਹਨ ਡਾ. ਚੀਮਾ : ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਪੰਜਾਬ ਸਰਕਾਰ ਨੇ ਸੂਬੇ ਦੇ ਪ੍ਰਾਇਮਰੀ ਅਤੇ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅੰਗਰੇਜ਼ੀ ਮੀਡੀਅਮ ਨੂੰ ਲਾਗੂ ਕਰਨਾ ਪੰਜਾਬ ਨਾਲ ਧੋਖਾ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਦਾ ਆਧਾਰ ਭਾਸ਼ਾ ਵਿਭਾਗ ਪੰਜਾਬ : ਆਜ਼ਾਦ ਭਾਰਤ ਦੇ ਸ਼ੁਰੂ ਵਿਚ ਹੀ ਭਾਸ਼ਾ ਵਿਭਾਗ ਪੰਜਾਬ ਦੀ ਸਥਾਪਨਾ ਅਣਵੰਡੇ ਪੰਜਾਬ ਦੇ ਸ਼ਹਿਰ ਸ਼ਿਮਲਾ ਵਿਚ ਹੋਈ ਸੀ, ਇਹ ਵਿਭਾਗ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸ਼ੁਰੂ ਕੀਤਾ ਗਿਆ ਸੀ ਤੇ ਇਸ ਵਿਭਾਗ ਨੇ ਪੰਜਾਬੀ ਸਾਹਿਤ ਤੇ ਵਿਸ਼ੇਸ਼ ਕਰਕੇ ਪੰਜਾਬੀ ਭਾਸ਼ਾ ਦੀ ਸੇਵਾ ਲਈ ਸ਼ਾਨਦਾਰ ਕੰਮ ਕੀਤੇ। ਮੁਢਲੇ ਪੜਾਅ ਵਿਚ ਇਸ ਵਿਭਾਗ ਦਾ ਸੰਚਾਲਨ ਰਣਜੀਤ ਸਿੰਘ ਖੜਗ ਨੇ ਕੀਤਾ ਤੇ ਫਿਰ ਇਹ ਵਿਭਾਗ ਪਟਿਆਲੇ ਆ ਗਿਆ ਤਾਂ ਇਸ ਦੀ ਵਾਗਡੋਰ ਗਿਆਨੀ ਲਾਲ ਸਿੰਘ, ਡਾ: ਜੀਤ ਸਿੰਘ ਸੀਤਲ ਅਤੇ ਕਪੂਰ ਸਿੰਘ ਘੁੰਮਣ ਵਰਗੇ ਉੱਘੇ ਪੰਜਾਬੀ ਲੇਖਕਾਂ ਦੇ ਹੱਥਾਂ ਵਿਚ ਰਹੀ।

ਭਾਸ਼ਾ ਵਿਭਾਗ ਪੰਜਾਬ ਨੇ ਲੰਮਾ ਸਮਾਂ ਪੰਜਾਬੀ ਸਾਹਿਤ ਵਿਚ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਪਟਿਆਲਾ ਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਸਫ਼ਲ ਗੋਸ਼ਟੀਆਂ ਤੇ ਸੈਮੀਨਾਰਾਂ ਦਾ ਸਿਲਸਿਲਾ ਕਦੇ ਟੁੱਟਣ ਨਹੀਂ ਸੀ ਦਿੱਤਾ। ਭਾਸ਼ਾ ਵਿਭਾਗ ਦੇ ਸਮਾਗਮਾਂ ਵਿਚ ਜਾਣ ਲਈ ਪੰਜਾਬੀ ਲੇਖਕਾਂ ਦੇ ਮਨਾਂ ਅੰਦਰ ਕੁੰਭ ਦੇ ਮੇਲੇ ਵਿਚ ਜਾਣ ਵਰਗੀ ਜ਼ਬਰਦਸਤ ਖਿੱਚ ਹੁੰਦੀ ਸੀ। ਇਨ੍ਹਾਂ ਸਮਾਗਮਾਂ ਵਿਚ ਸ਼ਾਨਦਾਰ ਸਾਹਿਤਕ ਵਿਚਾਰ-ਵਟਾਂਦਰੇ ਵੀ ਹੁੰਦੇ ਸਨ। ਭਾਸ਼ਾ ਵਿਭਾਗ ਪੰਜਾਬ ਵਲੋਂ ਹਰ ਮਹੀਨੇ ਨਿਰੰਤਰ ਪ੍ਰਕਾਸ਼ਿਤ ਹੋਣ ਵਾਲੇ ਦੋ ਮਹੱਤਵਪੂਰਨ ਰਸਾਲਿਆਂ ਨੂੰ ਅਕਸਰ ਹਰ ਮਹੀਨੇ ਕਵੀ ਲੇਖਕ ਬੇਤਾਬੀ ਨਾਲ ਉਡੀਕਦੇ ਸਨ। ਇਨ੍ਹਾਂ ਵਿਚੋਂ ਰਸਾਲਾ 'ਜਨ ਸਾਹਿਤ' ਪੰਜਾਬੀ ਦੇ ਵੱਖ-ਵੱਖ ਰੂਪਾਂ ਵਿਚ ਲੇਖਕਾਂ ਦੀ ਸਮੱਗਰੀ ਲੇਖਕਾਂ ਤੇ ਪਾਠਕਾਂ ਲਈ ਪ੍ਰਕਾਸ਼ਿਤ ਕਰਦਾ ਸੀ ਤੇ ਦੂਜਾ ਰਸਾਲਾ 'ਪੰਜਾਬੀ ਦੁਨੀਆ' ਪੰਜਾਬੀ ਭਾਸ਼ਾ ਵਿਚ ਖੋਜਾਰਥੀਆਂ ਲਈ ਸਹਾਇਕ ਹੁੰਦਾ ਸੀ ਤੇ ਵੱਖ-ਵੱਖ ਵਿਸ਼ਿਆਂ ਬਾਰੇ ਪੰਜਾਬੀ ਲੇਖਕਾਂ ਤੇ ਚਿੰਤਕਾਂ ਦੇ ਖੋਜ ਭਰਪੂਰ ਲੇਖ 'ਪੰਜਾਬੀ ਦੁਨੀਆ' ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਸਨ ਤੇ ਇਸ ਮਾਸਿਕ ਪੱਤਰ ਤੋਂ ਲੇਖਕ ਤੇ ਵਿਦਿਆਰਥੀ ਭਰਪੂਰ ਲਾਭ ਉਠਾਉਂਦੇ ਸਨ। ਭਾਸ਼ਾ ਵਿਭਾਗ ਪੰਜਾਬ ਦੇ ਗਿਣਨਯੋਗ ਕੰਮਾਂ ਵਿਚੋਂ ਇਕ ਕੰਮ ਹੁੰਦਾ ਸੀ ਹਰ ਸਾਲ ਪੰਜਾਬੀ ਦੇ ਸਾਹਿਤਕਾਰਾਂ ਨੂੰ 'ਸ਼੍ਰੋਮਣੀ ਪੰਜਾਬੀ ਸਾਹਿਤਕ ਪੁਰਸਕਾਰ' ਦੇਣੇ ਤੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਛਪੀਆਂ ਚੋਣਵੀਆਂ ਪੁਸਤਕਾਂ ਨੂੰ ਇਨਾਮ ਦੇਣੇ ਆਪਣੀ ਸਥਾਪਨਾ ਤੋਂ ਕੁਝ ਸਮਾਂ ਬਾਅਦ ਹੀ ਭਾਸ਼ਾ ਵਿਭਾਗ ਪੰਜਾਬ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਕਈ ਸ਼ਾਨਦਾਰ ਤੇ ਕਲਿਆਣਕਾਰੀ ਪ੍ਰਾਜੈਕਟ ਸ਼ੁਰੂ ਕੀਤੇ, ਇਨ੍ਹਾਂ ਵਿਚ ਇਕ ਸੀ, ਪੰਜਾਬ ਅੰਦਰ ਸ਼ਾਨਦਾਰ ਕੰਮ ਕਰ ਰਹੀਆਂ ਲੇਖਕ ਸਭਾਵਾਂ ਨੂੰ ਸਮੇਂ-ਸਮੇਂ ਆਰਥਿਕ ਸਹਿਯੋਗ ਦੇ ਕੇ ਉਤਸ਼ਾਹਿਤ ਕਰਨਾ ਤੇ ਇਨ੍ਹਾਂ ਸਭਾਵਾਂ ਨੂੰ ਮਜ਼ਬੂਤ ਸਾਹਿਤਕ ਨੀਹਾਂ 'ਤੇ ਖੜ੍ਹੇ ਕਰਨਾ। ਦੂਜਾ ਪ੍ਰਾਜੈਕਟ ਸੀ, ਬਿਰਧ, ਆਸ਼ਰਿਤ ਤੇ ਲੋੜਵੰਦ ਕਵੀਆਂ, ਲੇਖਕਾਂ ਨੂੰ ਪੈਨਸ਼ਨ ਦੇ ਕੇ ਹੋਰ ਸ਼ਾਨਦਾਰ ਸਾਹਿਤ ਸਿਰਜਣਾ ਲਈ ਹੌਸਲਾ ਦੇਣਾ।

ਤੀਜਾ ਪ੍ਰਾਜੈਕਟ ਸੀ, ਜਿਹੜੇ ਲੇਖਕ ਆਰਥਿਕ ਕਮਜ਼ੋਰੀ ਕਰਕੇ ਆਪਣੀਆਂ ਕੀਮਤੀ ਰਚਨਾਵਾਂ ਪੁਸਤਕ ਦੇ ਰੂਪ ਵਿਚ ਨਹੀਂ ਸਨ ਛਾਪ ਸਕਦੇ ਉਨ੍ਹਾਂ ਨੂੰ ਆਰਥਿਕ ਮਦਦ ਦੇ ਕੇ ਉਨ੍ਹਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੇ ਕੰਮ ਵਿਚ ਸਹਾਇਤਾ ਕਰਨ ਦਾ, ਇਸ ਸਕੀਮ ਰਾਹੀਂ ਕਈ ਦੁਰਲੱਭ ਖਰੜੇ ਪੁਸਤਕਾਂ ਦੇ ਰੂਪ ਵਿਚ ਛਪੇ ਤੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਦੇ ਕੀਤੇ ਗਏ।

ਭਾਸ਼ਾ ਵਿਭਾਗ ਪੰਜਾਬ ਵਲੋਂ ਇਕ ਬਹੁਤ ਹੀ ਮਹੱਤਵਪੂਰਨ ਪ੍ਰਾਜੈਕਟ ਸਨ 1960 ਦੇ ਦਹਾਕੇ ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਪ੍ਰਾਜੈਕਟ ਰਾਹੀਂ ਭਾਸ਼ਾ ਵਿਭਾਗ ਵਲੋਂ ਖੇਤੀਬਾੜੀ, ਰਸਾਇਣ ਵਿਗਿਆਨ, ਭੌਤਿਕ ਵਿਗਿਆਨ ਅਤੇ ਹੋਰ ਕਈ ਵਿਸ਼ਿਆਂ ਵਿਚ ਤਕਨੀਕੀ ਸ਼ਬਦਾਵਲੀ ਪੰਜਾਬੀ ਭਾਸ਼ਾ ਵਿਚ ਵਿਕਸਤ ਕਰਕੇ ਇਸ ਦੇ ਕਈ ਸੰਸਕਰਣ ਪ੍ਰਕਾਸ਼ਿਤ ਕੀਤੇ ਗਏ, ਜੇ ਇਹ ਪ੍ਰਾਜੈਕਟ ਸਿਰੇ ਚੜ੍ਹ ਜਾਂਦਾ ਤਾਂ ਅੱਜ ਸਾਡੀ ਨਵੀਂ ਪੀੜ੍ਹੀ ਅੰਗਰੇਜ਼ੀ ਦੀ ਥਾਂ ਗੁਰਮੁਖੀ ਲਿਪੀ ਤੇ ਪੰਜਾਬੀ ਭਾਸ਼ਾ ਵਿਚ ਗਿਆਨ ਵਿਗਿਆਨ ਦੀ ਪੜ੍ਹਾਈ ਸੌਖ ਨਾਲ ਕਰ ਸਕਦੀ ਸੀ।

ਇਥੇ ਹੀ ਬੱਸ ਨਹੀਂ, ਭਾਸ਼ਾ ਵਿਭਾਗ ਨੇ ਗਦ ਤੇ ਪਦ ਦੋਵਾਂ ਰੂਪਾਂ ਵਿਚ ਪੁਸਤਕਾਂ ਤੇ ਦੁਰਲਭ ਪੁਰਾਣੇ ਖਰੜੇ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕੀਤੇ, ਕਈ ਕੋਸ਼, ਹਵਾਲਾ ਪੁਸਤਕਾਂ ਛਾਪਣ ਤੇ ਮੱਧ ਕਾਲੀਨ ਪੰਜਾਬੀ ਸਾਹਿਤ ਦੀ ਪ੍ਰਕਾਸ਼ਨਾ ਦਾ ਕੰਮ ਵੀ ਕੀਤਾ।

# ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਆਓ ਪੰਜਾਬੀ ਬੋਲੀ ਬਾਰੇ ਵੀ ਸੋਚੀਏ

**ਕੇਹਰ ਸ਼ਰੀਫ਼**
(ਸੰਪਰਕ : +49173 354605)

ਪਿਛਲੇ ਸਮੇਂ ਤੋਂ ਹਰ ਪਾਸੇ ਗੁਰੂ ਨਾਨਕ ਸਾਹਿਬ ਦੇ ਆਉਣ ਵਾਲੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨੂੰ ਬਹੁਤ ਹੀ ਉਤਸ਼ਾਹ ਨਾਲ ਦੇਖਿਆ ਜਾ ਰਿਹਾ ਹੈ। ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਬਹੁਤ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਸਮਾਗਮ ਵੀ ਸਾਰਾ ਸਾਲ ਹੋਣੇ ਹਨ। ਕੀਤੇ ਜਾਣ ਵਾਲੇ ਸਰਕਾਰੀ ਤੇ ਗੈਰ-ਸਰਕਾਰੀ ਸਮਾਗਮਾਂ ਉੱਤੇ ਸੈਂਕੜੇ ਕਰੋੜਾਂ ਰੁਪਏ ਖਰਚ ਹੋਣ ਦੇ ਚਰਚੇ ਹਨ। ਪਰ ਜਦੋਂ ਅਸੀਂ ਪੰਜਾਬ ਵਲ ਨਜ਼ਰ ਮਾਰਦੇ ਹਾਂ ਤਾਂ ਬਾਬਾ ਗੁਰੂ ਨਾਨਕ ਜੀ ਦੀ ਬੋਲੀ – ਪੰਜਾਬੀ ਬੋਲੀ ਨਾਲ ਲੰਬੇ ਸਮੇਂ ਤੋਂ ਖਾਸ ਕਰਕੇ ਸਰਕਾਰੀ ਪੱਧਰ 'ਤੇ ਇਸ ਦੀ ਹਰ ਖੇਤਰ ਵਿਚ ਅਣਦੇਖੀ ਕੀਤੀ ਗਈ ਹੈ ਅਤੇ ਲਗਾਤਾਰ ਕੀਤੀ ਜਾ ਰਹੀ ਹੈ - ਪੰਜਾਬੀਆਂ ਨੂੰ ਹੀ ਪੰਜਾਬੀ ਨਾਲੋਂ ਲਗਾਤਾਰ ਤੋੜਿਆ ਜਾ ਰਿਹਾ ਹੈ। ਪੰਜਾਬ ਦੀ ਭਵਿੱਖੀ ਪੀੜ੍ਹੀ ਨੂੰ ਪੰਜਾਬੀ ਮਾਨਸਿਕਤਾ ਨਾਲੋਂ ਲਗਾਤਾਰ ਵੱਖ ਕਰਨ ਦੇ ਸਿਰ ਤੋੜ ਜਤਨ ਕੀਤੇ ਗਏ ਅਤੇ ਲਗਾਤਾਰ ਕੀਤੇ ਜਾ ਰਹੇ ਹਨ। ਖਾਣ-ਪਹਿਨਣ ਤੋਂ ਲੈ ਕੇ ਜੀਵਨ ਜਾਚ / ਸੋਚਣ ਢੰਗ, ਜੀਉਣ ਢੰਗ ਸਭ ਬਦਲ ਗਏ ਹਨ ਅਤੇ ਹਰ ਪੰਜਾਬੀ ਦਾ ਮਨ ਬਹੁਤ ਹੀ ਉਦਾਸ ਹੁੰਦਾ ਹੈ ਜਾਂ ਕਿਹਾ ਜਾ ਸਕਦਾ ਹੈ ਕਿ ਹਾਲਾਤ ਦੇਖ ਕੇ ਮਨ ਰੋਂਦਾ ਹੈ। ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲੀ ਨੂੰ ਨਕਾਰਿਆ ਤੇ ਲਤਾੜਿਆ ਜਾ ਰਿਹਾ ਹੈ। ਹਕੂਮਤਾਂ ਇਸ ਦੀਆਂ ਮੁੱਖ ਦੋਸ਼ੀ ਹਨ। ਸਿਆਸੀ ਲੋਕਾਂ ਨੇ ਵੋਟਾਂ ਵਾਸਤੇ ਬਾਬੇ ਦਾ ਨਾਂ ਵਰਤ ਕੇ ਫੇਰ ਆਪਣੇ ਹਕੂਮਤੀ ਸਮੇਂ ਬਾਬੇ ਨਾਨਕ ਦੇ ਵਿਚਾਰ/ਸੰਦੇਸ਼ ਅਤੇ ਉਸ ਦੀ ਬੋਲੀ ਵੱਲ ਪਿੱਠ ਕੀਤੀ ਰੱਖੀ - ਜਿਵੇਂ ਇਹ ਸਿਰਫ ਵੋਟਾਂ ਲੈਣ ਦਾ ਜਰੀਆ ਹੀ ਹੋਵੇ। ਪੰਜਾਬੀ ਬੋਲੀ ਦੀ ਹੇਠੀ ਕਰਦਿਆਂ ਇਨ੍ਹਾਂ ਹਾਕਮਾਂ ਨੇ ਪੰਜਾਬੀ ਕੌਮ/ ਪੰਜਾਬੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਰੱਜ ਕੇ ਬੱਦੂ ਕੀਤਾ। ਜੇ ਕਿਸੇ ਨੇ ਆਵਾਜ਼ ਉੱਚੀ ਕੀਤੀ ਤਾਂ ਸਖਤੀ ਭਰੇ ਹਕੂਮਤੀ ਜਬਰ ਨਾਲ ਉਨ੍ਹਾਂ ਲੋਕਾਂ ਨੂੰ ਦਬਾਇਆ ਗਿਆ। ਸਮੇਂ ਸਮੇਂ ਹਕੂਮਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਇਸ ਕੁਕਰਮ/ ਗੁਨਾਹ ਵਾਸਤੇ ਬਰਾਬਰ ਦੀਆਂ ਜ਼ਿੰਮੇਵਾਰ ਹਨ। ਜਿਸ ਸੂਬੇ ਦੀ ਕੋਈ ਭਾਸ਼ਾਈ ਜਾਂ ਸੱਭਿਆਚਾਰਕ ਨੀਤੀ ਵੀ ਨਾ ਹੋਵੇ ਉਸ ਨੇ ਇਨ੍ਹਾਂ ਖੇਤਰਾਂ ਵਿਚ ਕੀ ਵਿਕਾਸ ਕਰਨਾ ਹੈ, ਕੀ ਮੱਲਾਂ ਮਾਰਨੀਆਂ ਹਨ ? ਹੁਣ ਤੱਕ ਦੀਆਂ ਸਰਕਾਰਾਂ ਨੇ ਸਿਰਫ ਗੱਪਾਂ ਦਾ ਕੜਾਹ ਕੀਤਾ ਹੈ। ਬਾਬਾ ਗੁਰੂ ਨਾਨਕ ਦੇ ਸਮਿਆਂ ਵਿਚ ਬੇਗਾਨੀ ਬੋਲੀ ਨੂੰ ਮਲੇਛ ਭਾਖਾ ਵੀ ਕਿਹਾ ਗਿਆ, ਕੀ ਪੰਜਾਬ ਅੱਜ ਮਲੇਛ ਭਾਖਾ ਦੇ ਵਸ ਨਹੀਂ ਪਾ ਦਿੱਤਾ ਗਿਆ ? ਕੀ ਇਹ ਅਣਜਾਣੇ ਵਿਚ ਹੋਇਆ ? - ਨਹੀਂ। ਇਹ ਕਿਸ ਦੀ ਸਾਜਿਸ਼ ਹੈ ਹਾਕਮ ਦੱਸ ਸਕਦੇ ਹਨ, ਕਿਉਂਕਿ ਹਾਕਮਾਂ ਦੀ ਮਿਲੀਭੁਗਤ ਤੋਂ ਬਿਨਾਂ ਅਜਿਹਾ ਕੁਕਰਮ ਜਾਂ ਗੁਨਾਹ ਹੋ ਹੀ ਨਹੀਂ ਸਕਦਾ। ਅਜਿਹੀ ਹਾਲਾਤ ਬਾਰੇ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ : 'ਘਰਿ ਘਰਿ ਮੀਆ ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ।।' ਕੀ ਅੱਜ ਵੀ ਪੰਜਾਬੀਆਂ ਨੂੰ ਅਜਿਹੀ ਹਾਲਾਤ ਵਿਚ ਨਹੀਂ ਧੱਕ ਦਿੱਤਾ ਗਿਆ। ਪੰਜਾਬੀ ਤਾਂ ਆਪਣੇ ਆਪ ਨੂੰ ਬਹਾਦਰ ਆਖਦੇ ਹਨ, ਕੀ ਹੁਣ ਮਜਬੂਰੀ ਦੇ ਗਲ਼ ਲੱਗ ਕੇ ਰੋਣ ਜੋਗੇ ਹੀ ਰਹਿ ਗਏ ਹਨ ? ਸਮਝਣ ਵਾਲੀ ਅਸਲ ਗੱਲ ਹੈ ਕਿ ਪੰਜਾਬ ਦੇ ਖਿੱਤੇ ਅੰਦਰ ਮੁਲਕ ਦੀ ਵੰਡ ਤੋਂ ਬਾਅਦ ਵੀ ਹਕੂਮਤੀ ਸਿਆਸੀ ਪਾਰਟੀਆਂ ਦੀ ਪੰਜਾਬੀ ਬੋਲੀ/ਭਾਸ਼ਾ ਬਾਰੇ ਟੇਢੀ ਸੋਚ ਹੀ ਰਹੀ । ਫੇਰ ਸੰਨ 1966 ਵਿਚ ਪੰਜਾਬੀ ਸੂਬੇ ਦੇ ਨਾਅਰੇ ਹੇਠ ਪੰਜਾਬ ਵੰਡਿਆ ਗਿਆ। ਸੰਨ 1967 ਵਿਚ ਪੰਜਾਬ ਦੇ ਕੁੱਝ ਸਮੇਂ ਲਈ ਬਣੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਐਲਾਨ ਦਿੱਤਾ। ਇਸ ਰਾਜ ਭਾਸ਼ਾ ਐਕਟ ਵਿਚ ਕਾਫੀ ਤਰੁਟੀਆਂ ਸਨ। ਸਾਲ 2008 ਵਿਚ ਰਾਜ ਭਾਸ਼ਾ ਐਕਟ ਨੂੰ ਸੋਧਿਆ ਗਿਆ ਪਰ ਇਸ 'ਤੇ ਅਮਲ ਕਰਨ ਵਾਸਤੇ ਸਰਕਾਰਾਂ ਦੀ ਨੀਤ ਤੇ ਨੀਤੀ ਨਹੀਂ ਬਦਲੀ। ਪੰਜਾਬੀ ਦੀ ਥਾਂ ਦੂਜੀਆਂ ਭਾਸ਼ਾਵਾਂ (ਅੰਗਰੇਜ਼ੀ ਤੇ ਹਿੰਦੀ) ਨੂੰ ਪਹਿਲ ਦਿੱਤੀ ਗਈ - ਆਖਰ ਕਿਉਂ ?। ਹਾਂ, ਜਿੰਨੀਆਂ ਮਰਜ਼ੀ ਹੋਰ ਬੋਲੀਆਂ ਸਿਖਾਉ, ਭਾਸ਼ਾਵਾਂ ਪੜ੍ਹਾਉ ਪਰ ਪੰਜਾਬੀਆਂ ਦੀ ਮਾਂ ਬੋਲੀ

**ਬਾਕੀ ਸਫ਼ਾ 28 'ਤੇ**

# ਸਿਆਸੀ ਮਦਾਰੀਆਂ ਦੇ ਸੱਪ

**ਤਰਲੋਚਨ ਸਿੰਘ ਦੁਪਾਲਪੁਰ**
(001-408-915-1268)
tsduparpuri@yahoo.com

ਬਚਪਨ ਵਿਚ ਅਸੀਂ ਪਿੰਡ ਆਏ ਮਦਾਰੀ ਦਾ ਜਾਦੂ ਵਾਲਾ ਤਮਾਸ਼ਾ ਦੇਖਦੇ ਹੁੰਦੇ ਸਾਂ । ਪਿੰਡ ਦੇ ਵਿਚਾਲੇ ਜਿਹੇ ਖੁੱਲ੍ਹੀ ਥਾਂ ਵੇਖ ਕੇ ਉਸ ਨੇ ਮਜਮਾਂ ਲਾ ਲੈਣਾ। ਉਹਦੇ ਵਲੋਂ ਵਜਾਈ ਜਾ ਰਹੀ ਬੰਸਰੀ ਦੀ ਰਸੀਲੀ ਧੁਨ ਅਤੇ ਡੁਗ-ਡੁਗੀ ਸੁਣ ਕੇ ਸਾਰੇ ਨਿਆਣਿਆਂ ਸਿਆਣਿਆਂ ਨੇ ਉਥੇ ਪਹੁੰਚ ਗੋਲ ਦਾਇਰਾ ਬਣਾ ਕੇ ਖਲੋ ਜਾਣਾ। ਖਾਸ ਅੰਦਾਜ਼ ਨਾਲ ਉਸ ਨੇ ਦਰਸ਼ਕਾਂ ਨੂੰ ਸੰਬੋਧਨ ਹੁੰਦਿਆਂ ਆਪਣੇ ਵਲੋਂ ਦਿਖਾਈਆਂ ਜਾ ਰਹੀਆਂ 'ਆਇਟਮਾਂ' ਦਾ ਵੇਰਵਾ ਦੇਈ ਜਾਣਾ ਅਤੇ ਇਕ ਦਮ ਆਪਣੇ ਗੁਥਲੇ ਵਿਚੋਂ ਲੀਰਾਂ ਦਾ ਬਣਾਇਆ ਹੋਇਆ 'ਡੰਮੀ ਸੱਪ' ਪਿੜ ਵਿਚ ਵਗਾਹ ਕੇ ਸੁੱਟਣਾ। ਫਿਰ ਉਸ ਨੇ ਡੰਮੀ ਸੱਪ ਦੇ ਆਲੇ ਦੁਆਲੇ ਬੰਸਰੀ ਅਤੇ ਡੁਗ-ਡੁਗੀ ਵਜਾਉਂਦਿਆਂ ਦੁਬਾਰਾ ਪ੍ਰਕਰਮਾ ਕਰਕੇ ਸੱਪ ਕੋਲ ਨੂੰ ਕੋੜ੍ਹਾ ਜਿਹਾ ਹੋ ਕੇ ਆਖਣਾ ਕਿ "ਤੈਨੂੰ ਹੁਣ ਤੁਰਨਾ ਪੈਣਾ ਬਈ ਕੌਡੀਆਂ ਵਾਲਿਆ!" ਇੰਜ ਕਹਿ ਕੇ ਬੰਸਰੀ ਵਜਾਉਂਦੇ ਨੇ ਆਪਣੇ ਗੁਥਲੇ ਕੋਲ ਆ ਬਹਿਣਾ। ਉਸ ਮਦਾਰੀ ਨੂੰ 'ਜਾਦੂਗਰ' ਸਮਝਣ ਵਾਲੇ ਪੇਂਡੂ ਦਰਸ਼ਕਾਂ ਨੇ ਇਹ ਅੰਦਾਜ਼ਾ ਲਾਉਣਾ ਕਿ ਹੁਣ ਉਹ ਗੁਥਲੇ ਵਿਚੋਂ ਕੋਈ 'ਗਿੱਦੜਸਿੰਗੀ'ਕੱਢ ਕੇ 'ਮੰਤਰ' ਦਾ ਜਾਪ ਕਰੇਗਾ ਅਤੇ ਸਾਡੇ ਸਾਹਮਣੇ ਸੱਪ ਤੁਰਦਾ ਹੋਇਆ ਮਦਾਰੀ ਕੋਲ ਨੂੰ ਆ ਜਾਵੇਗਾ। ਅਸੀਂ ਲੀਰਾਂ ਦੇ ਸੱਪ ਨੂੰ ਤੁਰਦਾ ਦੇਖਣ ਲਈ ਅੱਖਾਂ ਉਹਦੇ 'ਤੇ ਹੀ ਗੱਡੀਆਂ ਰੱਖਣੀਆਂ। ਮਦਾਰੀ ਨੇ ਜਿਹੜੇ ਹੋਰ ਹੋਰ ਕਰਤੱਬ ਦਿਖਾਉਣੇ, ਉਹ ਅਸੀਂ ਦੇਖਦੇ ਤਾਂ ਰਹਿੰਦੇ ਸਾਂ ਪਰ ਧਿਆਨ ਸਾਡਾ ਸੱਪ 'ਤੇ ਹੀ ਕੇਂਦ੍ਰਿਤ ਰਹਿੰਦਾ। ਮੈਨੂੰ ਯਾਦ ਹੈ ਕਿ ਅਸੀਂ ਸੱਪ ਤੁਰਦਾ ਦੇਖਣ ਦੀ ਤਾਂਘ 'ਚ ਅੱਖ ਵੀ ਨਾ ਝਮਕਦੇ, ਮਤਾਂ ਕਿਤੇ ਅਸੀਂ ਉਹ 'ਵਚਿੱਤਰ ਪਲ' ਦੇਖਣੋਂ ਹੀ ਨਾ ਵਾਂਝੇ ਰਹਿ ਜਾਈਏ। ਗੱਲ ਕੀ ਉਹ ਲੀਰਾਂ ਦਾ ਸੱਪ ਇਕ ਕਿਸਮ ਦਾ ਸਾਡੀ ਦਰਸ਼ਕਾਂ ਦੀ 'ਨਜ਼ਰ ਬੰਨ੍ਹਣ' ਦਾ ਕੰਮ ਹੀ ਕਰਦਾ। ਕਿਉਂਕਿ ਮਦਾਰੀ ਨੇ ਆਪਣੇ ਸਹਾਇਕ ਜਮੂਰੇ ਦੀ ਮਦਦ ਨਾਲ ਹੋਰ ਤਾਂ ਕਈ ਤਰ੍ਹਾਂ ਦੇ 'ਜਾਦੂਈ ਟ੍ਰਿਕ' ਦਿਖਾਉਣੇ ਪਰ ਉਸ ਨੇ ਸੱਪ ਨੂੰ ਤੋਰਨਾ ਹੀ ਨਾ। ਸਾਰਾ ਖੇਲ੍ਹ ਤਮਾਸ਼ਾ ਮੁੱਕਣ ਤੋਂ ਬਾਅਦ ਉਸ ਨੇ ਸੱਪ ਨੂੰ ਵੈਸੇ ਈ ਚੁੱਕ ਕੇ ਗੁਥਲੇ ਵਿਚ ਸੁੱਟ ਲੈਣਾ ਅਤੇ ਇਕ ਚਾਦਰ ਵਿਛਾ ਦੇਣੀ, ਜਿਸ ਵਿਚ ਦਰਸ਼ਕਾਂ ਨੇ ਦਾਣਾ ਫੱਕਾ, ਆਟਾ ਜਾਂ ਪੈਸੇ ਸੁੱਟ ਦੇਣੇ। ਹੁਣ ਜਦ ਸਿਆਸੀ ਮਦਾਰੀਆਂ ਵਲੋਂ ਵੋਟਾਂ ਤੋਂ ਪਹਿਲਾਂ ਸੱਪ ਸੁੱਟ ਕੇ ਪਬਲਿਕ ਦੀ ਨਜ਼ਰ ਬੰਨ੍ਹੀ ਹੁੰਦੀ ਦੇਖਦੇ ਹਾਂ ਤਾਂ ਉਹ ਬਚਪਨ ਵੇਲੇ ਦਾ ਮਦਾਰੀ ਚੰਗਾ ਚੰਗਾ ਲਗਦਾ ਹੈ, ਕਿਉਂਕਿ ਉਸ ਦਾ ਲੀਰਾਂ ਵਾਲਾ ਸੱਪ ਬੇਸ਼ੱਕ ਤੁਰਦਾ ਨਹੀਂ ਸੀ ਪਰ ਸਿਆਸੀ ਮਦਾਰੀਆਂ ਵਲੋਂ ਸੁੱਟੇ ਜਾਂਦੇ ਸੱਪ ਇੰਨੇ ਖਤਰਨਾਕ ਅਤੇ ਜ਼ਹਿਰੀਲੇ ਸਾਬਤ ਹੁੰਦੇ ਨੇ, ਜੋ ਅਮਨ ਚੈਨ ਨਾਲ ਵਸਦੇ ਰਸਦੇ ਫਿਰਕਿਆਂ ਵਿੱਚ ਦੁਸ਼ਮਣੀਆਂ ਪੁਆ ਦਿੰਦੇ ਹਨ। ਵਿਛਾਈ ਹੋਈ ਚਾਦਰ ਵੋਟਾਂ ਨਾਲ ਭਰ ਕੇ ਜਦ ਸਿਆਸੀ ਮਦਾਰੀ ਰਾਜ ਮਹਿਲੀਂ ਜਾ ਵਣਦੇ ਨੇ, ਤਦ ਜਾ ਕੇ ਲੋਕਾਈ ਨੂੰ ਪਤਾ ਲਗਦਾ ਹੈ ਕਿ ਫਲਾਣੇ-ਫਲਾਣੇ ਵੇਲੇ ਕਿਸ ਸਿਆਸੀ ਮਦਾਰੀ ਨੇ ਸੱਪ ਸੁੱਟਿਆ ਸੀ, ਜਿਸ ਦੇ ਡੰਗੇ ਹੋਏ ਮਦਹੋਸ਼ ਹੋ ਕੇ ਅਸੀਂ ਭਟਕ ਗਏ ਸਾਂ!

# ਪੰਜਾਬੀ ਪਛਾਣ : ਕੌਮੀ ਤੇ ਆਲਮੀ ਵੰਗਾਰਾਂ

**ਸੁਖਦੇਵ ਸਿੰਘ ਸਿਰਸਾ**



ਭਾਰਤ ਦੇ ਕੌਮੀ ਪ੍ਰਸੰਗ ਵਿਚ ਰਤਾ ਕੁ ਵੱਧ ਉਦਮੀ ਸਮਝਿਆ ਜਾਂਦਾ ਪੰਜਾਬੀ ਭਾਈਚਾਰਾ ਵਸੋਂ ਦੇ ਲਿਹਾਜ਼ ਨਾਲ ਘੱਟ-ਗਿਣਤੀ ਸਮੂਹ ਹੈ। ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਸਥਿਤੀ, ਉਪਜਾਊ ਧਰਤੀ ਅਤੇ ਪੰਜਾਬੀਆਂ ਦੀ ਜੁਝਾਰੂ ਮਾਨਸਿਕਤਾ ਕਰਕੇ ਪੰਜਾਬੀ ਭਾਈਚਾਰੇ ਨੇ ਭਾਰਤੀ ਆਰਥਿਕਤਾ, ਸਿਆਸਤ ਅਤੇ ਸਭਿਆਚਾਰਕ ਸੰਦਰਭ ਵਿੱਚ ਆਪਣੀ ਵਿਸ਼ੇਸ਼ ਪਹਿਚਾਣ ਤੇ ਪੈਂਠ ਬਣਾਈ ਹੈ। ਪਰ ਵੱਖਰੇ ਵੱਖਰੇ ਧਾਰਮਿਕ ਅਤੇ ਜਾਤੀ-ਜਮਾਤੀ ਵਖਰੇਵਿਆਂ ਦੇ ਵਿਰੋਧਾਂ ਵਾਲਾ ਪੰਜਾਬੀ ਭਾਈਚਾਰਾ ਇਕ-ਰੰਗਾ ਨਹੀਂ। ਭਾਰਤ ਦੇ ਅਜੋਕੇ ਕੌਮੀ ਸੰਦਰਭ ਵਿਚ ਪੰਜਾਬੀ ਭਾਈਚਾਰੇ ਨੂੰ ਦੂਹਰੇ ਸੰਵਾਦ ਦੀ ਲੋੜ ਹੈ। ਉਸਨੇ ਆਪਣੇ ਅੰਦਰਲੇ ਧਾਰਮਿਕ, ਫਿਰਕੂ, ਜਾਤੀ (ਜਾਤ, ਵਰਣ ਦੇ ਵਿਰੋਧ) ਅਤੇ ਜਮਾਤੀ ਵਖਰੇਵੇਂ ਅਤੇ ਵਿਰੋਧਾਂ ਨੂੰ ਵੀ ਮੁਖਾਤਿਬ ਹੋਣਾ ਹੈ ਅਤੇ ਸੱਤਾ ਦੀ ਸ਼ਹਿ ਵਾਲੀ ਬਹੁ-ਗਿਣਤੀ ਦੇ ਦਾਬੇ ਨਾਲ ਵੀ ਸਾਰਥਕ ਤੇ ਤਾਰਕਿਕ ਸੰਵਾਦ ਰਚਾਉਣਾ ਹੈ। ਅਜੋਕੇ ਭਾਰਤੀ ਸੰਦਰਭ ਵਿਚ ਪੰਜਾਬੀ ਭਾਈਚਾਰੇ ਸਾਹਮਣੇ ਵੀ ਦੋ ਮੁੱਖ ਵੰਗਾਰਾਂ ਹਨ - ਪਹਿਲੀ; ਵਿਕਾਸ ਦੇ ਲੁਭਾਉਣੇ ਮੁਖੌਟੇ ਵਾਲੀ 'ਅਵਾਰਾ ਪੂੰਜੀ' ਵਾਲੇ ਕਾਰਪੋਰੇਟ ਘਰਾਣਿਆਂ ਦੀ ਦਲਾਲ ਜਾਂ ਹਿੱਸੇ-ਪੱਤੀ ਵਾਲੀ ਸਰਕਾਰ ਦੀਆਂ ਨਵੀਆਂ ਆਰਥਿਕ ਨੀਤੀਆਂ ਨੂੰ ਸਮਝਣਾ ਅਤੇ ਦੂਜੀ 'ਸਭਿਆਚਾਰਕ ਰਾਸ਼ਟਰਵਾਦ' ਦੀ ਹਿੰਸਕ ਅਤੇ ਘਾਤਕ ਸਿਆਸਤ ਨੂੰ ਬੇਪਰਦ ਕਰਨਾ। ਵਿਸ਼ਵੀਕਰਨ, ਖੁੱਲ੍ਹੇ ਮੁਕਾਬਲੇ ਵਾਲਾ ਬਾਜ਼ਾਰ ਅਤੇ ਲਚਕੀਲੀ ਆਰਥਿਕਤਾ ਅਜੋਕੇ ਵਿਸ਼ਵ ਪੂੰਜੀਵਾਦ ਦੀਆਂ ਲੋੜਾਂ ਹਨ, ਜਿਸ ਨੂੰ ਆਪਣੀ ਵਿਤੀ ਪੂੰਜੀ ਦੇ ਬੇਰੋਕ ਨਿਵੇਸ਼ ਲਈ ਹੱਦਾਂ-ਸਰਹੱਦਾਂ ਮੁਕਤ ਸੰਸਾਰ ਚਾਹੀਦਾ ਹੈ। ਕਾਰਪੋਰੇਟ ਘਰਾਣਿਆਂ ਦੇ ਉਤਪਾਦਾਂ ਨੂੰ ਵੇਚਣ ਤੇ ਖਪਾਉਣ ਲਈ ਖੁੱਲ੍ਹੀ ਮੰਡੀ ਦੀ ਲੋੜ ਹੈ। ਵਿਸ਼ਵੀਕਰਨ, ਕਾਰਪੋਰੇਟ ਪੂੰਜੀ ਦੇ ਨਿਵੇਸ਼ ਅਤੇ ਉਤਪਾਦਾਂ ਲਈ ਲੋੜੀਂਦੇ ਬਾਜ਼ਾਰਵਾਦ ਨੇ ਉਪਭੋਗਤਾਵਾਦੀ ਸਭਿਆਚਾਰ ਨੂੰ ਸ਼ਹਿ ਦਿੱਤੀ ਹੈ। ਬਦੇਸ਼ੀ ਸਰਮਾਇਦਾਰੀ ਜਾਂ ਕਾਰਪੋਰੇਟ ਜਮਾਤ ਦੀ ਝਿਆਲ ਜਾਂ ਦਲਾਲ ਸਾਡੀ ਬੁਰਜੂਆ ਸੱਤਾ-ਸਿਆਸਤ ਨੇ ਕਾਰਪੋਰੇਟ ਪੂੰਜੀ ਦੇ ਨਿਵੇਸ਼ ਲਈ ਰਾਹ ਖੋਲ੍ਹ ਦਿੱਤਾ ਹੈ, ਇਸ ਦੇ ਨਾਲ ਹੀ ਨਿੱਜੀਕਰਣ ਨੂੰ ਬਲ ਮਿਲਿਆ ਹੈ, ਜਿਸ ਨੇ ਸਿੱਖਿਆ ਅਤੇ ਸਿਹਤ ਵਰਗੀਆਂ ਬੁਨਿਆਦੀ ਮਨੁੱਖੀ ਲੋੜਾਂ ਵਾਲੇ ਖੇਤਰਾਂ ਨੂੰ ਵਣਜ ਵਿੱਚ ਬਦਲ ਦਿੱਤਾ ਹੈ। ਨਿੱਜੀਕਰਣ ਅਤੇ ਮੁਨਾਫੇ ਦੀ ਹੋੜ੍ਹ ਨੇ ਪਬਲਿਕ ਸੈਕਟਰ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਤਾਂ ਕੀਤਾ ਹੀ ਹੈ, ਇਸ ਨਾਲ ਸੇਵਾਵਾਂ ਦਾ ਖੇਤਰ ਵੀ ਸੁੰਗੜਿਆ ਹੈ। ਕਰੋੜਾਂ ਕਿਰਤੀ ਹੱਥ ਕੰਮ ਤੋਂ ਵਾਂਝੇ ਹੋਏ ਹਨ। ਉਦਾਰਵਾਦੀ ਆਰਥਿਕਤਾ, ਪਬਲਿਕ ਦੇ ਦਬਾਉ ਤੋਂ ਮੁਕਤ ਮੁਕਾਬਲੇ ਵਾਲੇ ਬਾਜ਼ਾਰ ਅਤੇ ਨਿੱਜੀਕਰਣ ਨੇ ਸਮਾਜਕ ਸੁਰੱਖਿਆ ਅਤੇ ਸੇਵਾਵਾਂ ਨੂੰ ਖੋਰਾ ਲਾਇਆ ਹੈ। ਵਿਸ਼ਵ ਪੂੰਜੀਵਾਦ ਦੇ ਅੰਦਰੂਨੀ ਸੰਕਟਾਂ (ਡੇਢ ਦਹਾਕੇ ਤੋਂ ਚੱਲ ਰਹੇ ਆਰਥਿਕ ਮੰਦਵਾੜੇ ਆਦਿ) ਅਤੇ ਸਾਡੀ ਦੇਸੀ ਸਰਮਾਇਦਾਰੀ ਦੀਆਂ ਲੋਕ-ਵਿਰੋਧੀ ਆਰਥਿਕ ਨੀਤੀਆਂ ਦੀ ਸਮਝ ਨਾ ਹੋਣ ਕਾਰਨ ਪੰਜਾਬੀ ਭਾਈਚਾਰਾ ਆਪਣਾ ਭਵਿੱਖ ਪੱਛਮ ਦੇ ਮੁਲਕਾਂ ਵਿੱਚ ਪਰਵਾਸ ਵਿੱਚ ਸੁਰੱਖਿਅਤ ਸਮਝਦਾ ਹੈ। ਆਪਣੇ ਬੱਚਿਆਂ ਤੇ ਭਵਿੱਖ ਦੇ ਫਿਕਰ ਨੇ ਪੰਜਾਬੀਆਂ ਨੂੰ ਅਣ-ਇੱਛਤ ਪਰਵਾਸ ਵੱਲ ਧੱਕਿਆ ਹੈ। ਪੰਜਾਬੀ ਭਾਈਚਾਰਾ ਆਪਣੀ ਧਰਤੀ ਨੂੰ ਬੇਦਾਵਾ ਲਿਖਣ ਲਈ ਮਜਬੂਰ ਹੈ।

ਪਿਛਲੇ ਕੁਝ ਅਰਸੇ ਤੋਂ 'ਹਿੰਦੂਤਵ' ਦੇ ਗਿਣੇ-ਮਿਥੇ ਏਜੰਡੇ ਤਹਿਤ ਭਾਰਤ ਦੀ ਸਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਅਕੀਦਿਆਂ ਵਾਲੀ ਵੰਨ-ਸੁਵੰਨਤਾ ਨੂੰ ਖੋਰਾ ਲਾਇਆ ਜਾ ਰਿਹਾ ਹੈ। ਭਾਰਤੀ ਸਭਿਆਚਾਰ ਦਾ ਮੀਰੀ ਗੁਣ ਇਸ ਦੀ ਵੰਨ-ਸੁਵੰਨਤਾ, ਸੁਲ੍ਹਾਕੁੱਲਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਹੈ। ਇਸ ਵਿਸ਼ਾਲ ਖਿੱਤੇ ਵਿੱਚ ਵੱਖ-ਵੱਖ ਧਾਰਮਿਕ ਅਕੀਦਿਆਂ, ਨਸਲੀ ਪਿਛੋਕੜਾਂ, ਜਾਤ-ਵਰਣ ਦੇ ਵਖਰੇਵਿਆਂ, ਭਾਸ਼ਾਈ/ਉਪ ਭਾਸ਼ਾਈ ਲਹਿਜਿਆਂ ਦੀ ਬਹੁ-ਰੰਗਤਾ ਅਤੇ ਸਭਿਆਚਾਰਕ ਰੀਤ-ਮਰਿਯਾਦਾਵਾਂ ਦੀ ਵਿਭਿੰਨਤਾ ਵਾਲੇ ਲੋਕ ਸਦੀਆਂ ਤੋਂ ਇੱਕ ਦੂਜੇ ਦੇ ਅੰਗ-ਸੰਗ ਰਹਿ ਰਹੇ ਹਨ। ਧਾਰਮਿਕ, ਨਸਲੀ, ਭਾਸ਼ਾਈ, ਜਾਤੀ ਤੇ ਜਮਾਤੀ ਵਖਰੇਵਿਆਂ ਤੇ ਵਿਰੋਧਾਂ ਦੇ ਬਾਵਜੂਦ ਭਾਵਨਾਤਮਿਕ ਏਕਤਾ ਸਾਂਝੇ ਗੰਗਾ-ਜਮਨੀ ਸਭਿਆਚਾਰ ਦੀ ਮੂਲ ਬੁਨਿਆਦ ਹੈ। ਅੱਜ 'ਸਭਿਆਚਾਰਕ ਰਾਸ਼ਟਰਵਾਦ' ਜਾਂ 'ਹਿੰਦੂ ਰਾਸ਼ਟਰਵਾਦ' ਦੇ ਮੁਦੱਈਆਂ ਵਲੋਂ 'ਰਾਸ਼ਟਰਵਾਦ' ਅਤੇ ਦੇਸ-ਪ੍ਰੇਮ ਦੀਆਂ ਨਵੀਆਂ ਪਰਿਭਾਸ਼ਾਵਾਂ ਸਿਰਜੀਆਂ ਜਾ ਰਹੀਆਂ ਹਨ। ਧਾਰਮਿਕ, ਭਾਸ਼ਾਈ ਅਤੇ ਐਥਨਿਕ ਘੱਟ ਗਿਣਤੀਆਂ ਨੂੰ ਰਾਸ਼ਟਰਵਾਦ ਤੇ ਦੇਸ਼-ਪ੍ਰੇਮ ਦੀ ਆੜ ਵਿੱਚ ਉਨ੍ਹਾਂ ਦੇ ਮੂਲ ਮਾਨਵੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਤੋਂ ਵੰਚਿਤ ਕੀਤਾ ਜਾ ਰਿਹਾ ਹੈ। ਇਸਲਾਮ ਵਿੱਚ ਅਕੀਦਾ ਰੱਖਣ ਵਾਲੇ ਘਟ-ਗਿਣਤੀ ਫਿਰਕੇ ਨੂੰ ਗਿਣ-ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੁਹੰਮਦ ਅਖਲਾਕ ਅਤੇ ਆਸਫਾ ਆਦਿ ਦੀਆਂ ਦਿਲ-ਕੰਬਾ ਦੇਣ ਵਾਲੀਆਂ ਹੱਤਿਆਵਾਂ ਨਾਲ ਹਿੰਸਾ ਅਤੇ ਸਹਿਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਗਊ-ਰੱਖਿਅਕਾਂ ਦੀਆਂ ਬੇਮੁਹਾਰ ਆਤੰਕੀ ਭੀੜਾਂ ਦੇ ਨਿਸ਼ਾਨੇ ਉੱਪਰ ਇਕੱਲਾ ਇਸਲਾਮ ਨਹੀਂ, ਹਰ ਤਰਕਸ਼ੀਲ ਅਤੇ ਵਿਗਿਆਨਕ ਸੋਚ ਵਾਲੀ ਆਵਾਜ਼ ਹੈ। ਨਰੇਂਦਰ ਦਾਭੋਲਕਰ, ਗੋਬਿੰਦ ਪਾਨਸਰੇ, ਐੱਮ. ਐੱਮ. ਕੁਲਬਰਗੀ ਅਤੇ ਗੌਰੀ ਲੰਕੇਸ਼ ਦੀਆਂ ਯੋਜਨਾਬੱਧ ਨਿਰਦਈ ਹੱਤਿਆਵਾਂ ਪ੍ਰਗਟਾਵੇ ਦੀ ਆਜ਼ਾਦੀ ਤੇ ਅਸਹਿਮਤੀ ਦੇ ਸਭਿਆਚਾਰ ਨੂੰ ਕੁਚਲਣ ਦੇ ਯਤਨ ਹਨ। 'ਸਭ ਕਾ ਵਿਕਾਸ ਸਭ ਕੇ ਸਾਥ' ਅਤੇ 'ਨਵੇਂ ਭਾਰਤ ਦੇ ਨਿਰਮਾਣ' ਦੇ ਮਖੌਟੇ ਉਹਲੇ ਵੰਨ-ਸੁਵੰਨਤਾ, ਅਕੀਦਿਆਂ/ਵਿਚਾਰਾਂ ਦੇ ਵਖਰੇਵਿਆਂ ਪ੍ਰਤੀ ਸਹਿਣਸ਼ੀਲਤਾ ਅਤੇ ਭਾਈਚਾਰਕ ਰਵਾਦਾਰੀ ਦੀਆਂ ਮਜ਼ਬੂਤ ਬੁਨਿਆਦਾਂ ਉੱਤੇ ਉਸਰੇ ਭਾਰਤੀ ਰਾਸ਼ਟਰ ਨੂੰ ਇੱਕ ਰੰਗੇ ਹਿੰਦੂ ਰਾਸ਼ਟਰ ਵਿੱਚ ਬਦਲਣ ਦੀ ਤਿਆਰੀ ਹੋ ਰਹੀ ਹੈ। ਨਗਰਾਂ, ਸ਼ਹਿਰਾਂ, ਰੇਲਵੇ ਸਟੇਸ਼ਨਾਂ, ਸਭਿਆਚਾਰਕ ਸੰਸਥਾਵਾਂ ਅਤੇ ਵਿੱਦਿਅਕ ਅਦਾਰਿਆਂ ਦੇ ਨਾਮ ਬਦਲੇ ਜਾ ਰਹੇ ਹਨ। ਸਿੱਖਿਆ ਦੇ ਭਗਵੇਂਕਰਣ ਦੀ ਆੜ ਵਿੱਚ ਭਾਰਤ ਦੀਆਂ ਤਰਕਸ਼ੀਲ, ਪ੍ਰਗਤੀਸ਼ੀਲ ਅਤੇ ਆਲੋਚਨਾਤਮਿਕ ਚਿੰਤਨ ਪਰੰਪਰਾਵਾਂ ਤੇ ਪੱਧਤੀਆਂ ਨੂੰ ਮਲੀਆਮੇਟ ਕੀਤਾ ਜਾ ਰਿਹਾ ਹੈ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੇ ਅਧਿਕਾਰ ਨੂੰ 'ਕੁਫ਼ਰ' ਅਤੇ 'ਦੇਸ਼-ਧਰੋਹ' ਗਰਦਾਨ ਕੇ ਸਹਿਮ ਤੇ ਉਦਾਸੀਨਤਾ ਦਾ ਮਾਹੌਲ ਸਿਰਜਿਆ ਗਿਆ ਹੈ। ਯਾਦ ਰਹੇ ਕਿ ਰਾਸ਼ਟਰ ਕਿਸੇ ਖਿੱਤੇ ਦੇ ਵੱਖ ਵੱਖ ਮਨੁੱਖੀ ਸਮੂਹਾਂ ਨੂੰ ਇੱਕ ਸਾਂਝੇ ਸੂਤਰ ਵਿੱਚ ਵੀ ਬੰਨ੍ਹਦਾ ਹੈ ਅਤੇ ਰਾਸ਼ਟਰ ਦਾ ਸੰਕਲਪ ਸਮੂਹਾਂ ਦੀ ਆਜ਼ਾਦੀ ਲਈ ਦਮਨਕਾਰੀ ਵੀ ਹੁੰਦਾ ਹੈ। ਇਸ ਲਈ ਅਡੋਰਨੋ ਨੇ 'ਇੰਟੈਗਰੇਸ਼ਨ' ਨੂੰ ਹਿੰਸਕ ਪਦ ਕਿਹਾ ਹੈ। ਕਾਰਪੋਰੇਟ ਘਰਾਣਿਆਂ ਦੀ ਪੂੰਜੀ ਅਤੇ ਛਲੀਏ ਬਾਜ਼ਾਰ ਨੇ ਪੀਲੀ ਪੱਤਰਕਾਰੀ ਨੂੰ ਸ਼ਹਿ ਦਿੱਤੀ ਹੈ। ਪੱਤਰਕਾਰੀ ਦਾ ਧਰਮ ਅਸਹਿਮਤੀ ਦੀ ਸੰਸਕ੍ਰਿਤੀ ਨੂੰ ਜ਼ਿੰਦਾ ਰੱਖਣਾ ਹੈ, ਇਸੇ ਲਈ ਪੱਤਰਕਾਰੀ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ। ਕਾਰਪੋਰੇਟ ਪੂੰਜੀ ਤੇ ਬਾਜ਼ਾਰ ਦੀ ਸੱਤਾ ਨੇ ਲੇਖਕਾਂ-ਚਿੰਤਕਾਂ ਦੀ ਕਲਮ ਦੀ ਧਾਰ ਨੂੰ ਹੀ ਖੁੰਢਾ ਨਹੀਂ ਕੀਤਾ, ਸਗੋਂ 'ਗੋਦੀ ਮੀਡੀਆ' ਨਾਮ ਦੀ ਨਵੀਂ ਅਲਾਮਤ ਨੂੰ ਵੀ ਜਨਮ ਦਿੱਤਾ ਹੈ। ਆਰਥਿਕ ਸੰਕਟ ਤੋਂ ਨਿਜਾਤ ਪਾਉਣ ਦੇ ਨਾਲ ਨਾਲ ਅੱਜ ਪੰਜਾਬੀ ਭਾਈਚਾਰੇ ਸਾਹਮਣੇ ਭਾਰਤੀ ਰਾਸ਼ਟਰ ਵਿੱਚ ਆਪਣੀ ਪਛਾਣ ਦਾ ਸਵਾਲ ਵੀ ਅਤੇ ਆਪਣੀ ਤਰਕਸ਼ੀਲ, ਵਿਗਿਆਨਕ, ਪ੍ਰਗਤੀਸ਼ੀਲ ਤੇ ਚਿੰਤਨ ਪਰੰਪਰਾ ਤੇ ਅਸਹਿਮਤੀ ਦੀ ਸੰਸਕ੍ਰਿਤੀ ਨੂੰ ਬਚਾਈ ਰੱਖਣ ਦੀ ਚੁਣੌਤੀ ਵੀ ਦਰਪੇਸ਼ ਹੈ।

# ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਬੱਚਿਆਂ ਲਈ ਜ਼ਰੂਰੀ ਨੁਕਤੇ

**ਰਾਜਨ ਸ਼ਰਮਾ, ਲੈਕਚਰਾਰ**
(098142-77132)

ਅੱਜ ਕੱਲ੍ਹ ਪੰਜਾਬ ਤੋਂ ਕਾਫੀ ਨੌਜਵਾਨ ਆਪਣੀ ਰੋਜ਼ੀ-ਰੋਟੀ ਲਈ, ਪੜ੍ਹਨ ਲਈ, ਘੁੰਮਣ ਫਿਰਨ ਦੇ ਸ਼ੌਕ ਲਈ ਵਿਦੇਸ਼ਾਂ ਵੱਲ ਨੂੰ ਵਹੀਰਾਂ ਘੱਤ ਰਹੇ ਹਨ। ਇਹਨਾਂ ਵਿੱਚੋਂ ਕੁਝ ਦੀ ਤਾਂ ਮਜਬੂਰੀ ਹੁੰਦੀ ਹੈ ਤੇ ਕਈ ਇਹ ਕਹਿ ਕੇ ਵਿਦੇਸ਼ ਜਾ ਰਹੇ ਹਨ ਹਨ ਕਿ ਇੱਥੇ ਕੀ ਰੱਖਿਆ ਹੈ ? ਜੇਕਰ ਅਨੁਸ਼ਾਸਨ ਪੱਖੋਂ ਗੱਲ ਕਰੀਏ ਤਾਂ ਬਹੁਤ ਸਾਰੇ ਪੰਜਾਬੀਆਂ ਵਿੱਚ ਕੁਝ ਨਾ ਕੁਝ ਅਨੁਸ਼ਾਸਨ ਦੀ ਘਾਟ ਰੜਕਦੀ ਹੀ ਹੈ। ਉਦਾਹਰਣ ਦੇ ਤੌਰ 'ਤੇ ਸਾਡੇ ਲੋਕ ਅਕਸਰ ਇਹ ਗੱਲ ਕਰਦੇ ਹਨ ਕਿ ਭਾਰਤ ਵਿੱਚ ਤਾਂ ਕੁਝ ਲੋਕ ਕੇਲਾ ਖਾ ਕੇ ਛਿਲਕਾ ਸੜਕ 'ਤੇ ਹੀ ਸੁੱਟ ਦਿੰਦੇ ਹਨ ਪਰ ਜੇਕਰ ਇਹ ਵਿਅਕਤੀ ਕਿਸੇ ਹੋਰ ਮੁਲਕ 'ਚ ਚਲੇ ਜਾਣ ਤਾਂ ਕੇਲਾ ਖਾਣ ਤੋਂ ਬਾਅਦ ਛਿਲਕਾ ਹੱਥ ਵਿੱਚ ਫੜ ਕੇ ਕੂੜੇਦਾਨ ਲੱਭਦੇ ਫਿਰਦੇ ਹਨ। ਇਹ ਸਾਡੇ ਲੋਕਾਂ ਦੀ, ਸਿਰਫ ਡੰਡੇ ਨਾਲ ਹੀ ਠੀਕ ਕੰਮ ਕਰਨ ਦੀ, ਮਾਨਸਿਕਤਾ ਹੈ ਜੋ ਪੱਕ ਗਈ ਹੈ। ਇੱਕ ਪੱਖੋਂ ਤਾਂ ਸਾਡੇ ਲੋਕ ਵਿਦੇਸ਼ਾਂ ਵਿਚ ਜਾ ਕੇ ਅਜਿਹਾ ਕਰਕੇ ਸਹੀ ਅਨੁਸ਼ਾਸਨ ਦਾ ਸਬੂਤ ਦਿੰਦੇ ਹਨ ਪਰ ਅਜਿਹੇ ਲੋਕਾਂ ਦੀ ਪੁਰਾਣੀ ਆਦਤ (ਸੜਕਾਂ ਤੇ ਆਲੇ-ਦੁਆਲੇ ਗੰਦ ਪਾਉਣ ਵਾਲੀ) ਬਹੁਤੀ ਵਾਰ ਸ਼ਰਮਿੰਦਗੀ ਦਾ ਤੇ ਕਈ ਵਾਰ ਸਜ਼ਾ ਦੀ ਪਾਤਰ ਵੀ ਬਣਦੀ ਹੈ। ਜਦੋਂ ਵੀ ਅਸੀਂ ਵਿਦੇਸ਼ ਵਿੱਚ ਜਾਈਏ, ਜੇਕਰ ਅਸੀਂ ਵਿਦਿਆਰਥੀ ਹਾਂ, ਤਾਂ ਸਾਨੂੰ ਆਪਣੀ ਸੰਸਥਾ ਵਿਚਲੇ ਦੂਜੇ ਵਿਦਿਆਰਥੀਆਂ/ਸਿਖਿਆਰਥੀਆਂ ਨਾਲ ਵਧੀਆ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ। ਜੇਕਰ



ਕਿਸੇ ਸਹਿਪਾਠੀ ਤੋਂ ਜਾਂ ਲਾਇਬ੍ਰੇਰੀ ਵਿੱਚੋਂ ਕਿਤਾਬ ਲਈ ਹੈ ਤਾਂ ਉਸ ਨੂੰ ਸਾਫ ਸੁਥਰਾ ਰੱਖੋ ਤੇ ਧੰਨਵਾਦ ਸਹਿਤ ਸਮੇਂ ਸਿਰ ਵਾਪਿਸ ਕਰੋ। ਸੰਸਥਾ ਵਿੱਚ ਆਪਣੇ ਮੁਤਾਬਕ ਨਹੀਂ ਸਗੋਂ ਉਹਨਾਂ ਦੇ ਨਿਯਮਾਂ ਮੁਤਾਬਕ ਰਹੋ। ਪੰਜਾਬੀ ਪਾੜ੍ਹਿਆਂ ਬਾਰੇ ਅਕਸਰ ਸ਼ਿਕਾਇਤਾਂ ਹਨ ਕਿ ਉਹ ਲਾਇਬਰੇਰੀ ਤੋਂ ਲਈਆਂ ਕਿਤਾਬਾਂ ਅਕਸਰ ਹੀ ਦੇਰ ਨਾਲ ਮੋੜਦੇ ਹਨ, ਕਿਤਾਬਾਂ ਦੀ ਸੰਭਾਲ ਠੀਕ ਤਰ੍ਹਾਂ ਨਹੀਂ ਰੱਖਦੇ ਅਤੇ ਕਈ ਹੋਰ, ਜਿਹੜੇ ਪੜ੍ਹਾਈ ਕਰਨ ਦਾ ਸਿਰਫ ਬਹਾਨਾ ਕਰ ਕੇ ਹੀ ਵਿਦੇਸ਼ ਜਾਂਦੇ ਹਨ, ਕਿਤਾਬਾਂ ਵਾਪਸ ਹੀ ਨਹੀਂ ਕਰਦੇ।

ਜੇਕਰ ਉਥੇ ਨੌਕਰੀ ਕਰਦੇ ਹਾਂ ਤਾਂ ਸਮੇਂ ਸਿਰ ਨੌਕਰੀ ਉਤੇ ਪਹੁੰਚੋ ਅਤੇ ਸਹਿ-ਕਰਮੀਆਂ ਅਤੇ ਅਧਿਕਾਰੀਆਂ ਨਾਲ ਕੰਮ ਸਮੇਂ ਕਿਸੇ ਤਰ੍ਹਾਂ ਦੀ ਦਲੀਲ਼ ਨਾ ਕਰੋ। ਲੇਟ-ਲਤੀਫੀ ਦੀ ਆਦਤ ਵੀ ਸਾਨੂੰ ਜਨਮ ਜਾਤ ਤੋਂ ਹੀ ਮਿਲੀ ਹੋਈ ਹੈ। ਪੰਜਾਬ ਤੋਂ ਗਏ ਨਵੇਂ ਕਾਮਿਆਂ ਦੀ ਇਸ ਆਦਤ ਕਾਰਨ ਕਈ ਵਾਰ ਮੁਸ਼ਕਿਲਾਂ ਖੜ੍ਹੀਆਂ ਹੋ ਜਾਦੀਆਂ ਹਨ। ਇਕ ਗੱਲ ਹੋਰ ਬਹੁਤ ਹੀ ਧਿਆਨ ਮੰਗਦੀ ਹੈ, ਕਿ ਜਿਸ ਵੀ ਸੰਸਥਾ ਜਾਂ ਕੰਪਨੀ ਵਿਚ ਤੁਸੀਂ ਪੜ੍ਹਨ ਜਾਂ ਕੰਮ ਕਰਨ ਜਾਂਦੇ ਹੋ, ਉਸ ਪ੍ਰਤੀ ਵਫਾਦਾਰ ਰਹੋ। ਸੰਸਥਾ ਦੇ ਨੇਮਾਂ ਅਤੇ ਕੰਮ ਕਰਨ ਬਾਰੇ ਉਸ ਦੇ ਵਪਾਰਕ ਭੇਤਾਂ ਨੂੰ ਗੁਪਤ ਰੱਖਣ ਦੀ ਪੱਛਮੀ ਮੁਲਕਾਂ ਵਿਚ ਬਹੁਤ ਜ਼ਿਆਦਾ ਅਹਿਮੀਅਤ ਹੈ। ਇਸ ਗੱਲ ਬਾਰੇ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ, ਨਹੀਂ ਤਾਂ ਤੁਸੀਂ ਕਿਸੇ ਕਾਨੂੰਨੀ ਝਮੇਲੇ ਵਿਚ ਵੀ ਫਸ ਸਕਦੇ ਹੋ। ਓਵਰਟਾਈਮ ਨਿਯਮਾਂ ਮੁਤਾਬਕ ਲਗਾਓ। ਦੇਖਣ ਵਿਚ ਆਇਆ ਹੈ ਕਿ ਜ਼ਿਆਦਾ ਪੈਸੇ ਕਮਾਉਣ ਦੇ ਲਾਲਚ ਵਿਚ ਅਸੀਂ ਵਿਦੇਸ਼ਾਂ ਵਿਚ ਸਰਕਾਰੀ ਨੇਮਾਂ ਤੋਂ ਵੱਧ ਓਵਰ ਟਾਇਮ ਲਾਉਣ ਲਈ ਵੀ ਤਿਆਰ ਰਹਿੰਦੇ ਹਾਂ, ਜੋ ਗਲਤ ਹੈ। ਇਸ ਤਰ੍ਹਾਂ ਕਰ ਕੇ ਤੁਸੀਂ ਚੋਰ ਮੋਰੀ ਰਾਹੀਂ ਭਾਵੇਂ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਦਿੰਦੇ ਹੋ ਪਰ ਬਾਕੀ ਦੇ ਸਮਾਜ ਵਿਚ ਸਾਡੇ ਬਾਰੇ ਕੋਈ ਚੰਗੀ ਰਾਏ ਨਹੀਂ ਬਣਦੀ। ਕਈ ਵਾਰ ਮਾਲੀ ਪੱਖ ਤੋਂ ਠੱਗੀ ਵੀ ਵੱਜ ਜਾਂਦੀ ਹੈ ਤੇ ਤੁਸੀਂ ਕਾਨੂੰਨ ਦੀ ਮਦਦ ਵੀ ਨਹੀਂ ਲੈ ਸਕਦੇ। ਜੇਕਰ ਉੱਥੇ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਹੋ, ਤਾਂ ਆਪਣੀ ਪਹਿਚਾਣ ਦੇ ਸਬੂਤ ਮਕਾਨ ਮਾਲਕ ਨੂੰ ਠੀਕ ਦਿਓ। ਮਕਾਨ ਦਾ ਕਿਰਾਇਆ ਸਮੇਂ ਉਤੇ ਦਿਓ। ਮਕਾਨ ਵਿੱਚ ਬਿਨਾ ਮਕਾਨ ਮਾਲਕ ਦੀ ਮਨਜ਼ੂਰੀ ਤੋਂ ਕੋਈ ਹੋਰ ਰਿਸ਼ਤੇਦਾਰ ਜਾਂ ਦੋਸਤ ਨੂੰ ਨਾਲ ਨਾ ਰੱਖੋ। ਵਿਦੇਸ਼ ਵਿਚ ਆ ਕੇ ਕਦੇ ਵੀ ਕਿਸੇ ਹੋਰ ਦੇ ਨਾਂ ਉਤੇ ਜਾਰੀ ਹੋਇਆ ਮੋਬਾਇਲ ਸਿਮ ਕਾਰਡ ਨਾ ਵਰਤੋਂ, ਹਮੇਸ਼ਾ ਆਪਣਾ ਮੋਬਾਇਲ ਤੇ ਸਿਮ ਆਪਣੇ ਨਾਮ ਉਤੇ ਖਰੀਦੋ ਤੇ ਕਿਸੇ ਅਣਪਛਾਤੇ ਵਿਅਕਤੀ ਨੂੰ ਫੋਨ ਕਰਨ ਲਈ ਨਾ ਦਿਓ। ਮੁਹੱਲੇ ਵਿੱਚ ਕੋਈ ਅਜਿਹੀ ਗਤੀਵਿਧੀ ਨਾ ਕਰੋ ਜੋ ਤੁਹਾਡੇ ਚਰਿੱਤਰ 'ਤੇ ਕੋਈ ਦਾਗ ਲੱਗਣ ਦਾ ਕਾਰਨ ਬਣੇ। ਯਾਦ ਰੱਖੋ ਕਿ ਦੂਰ ਕਿਸੇ ਦੂਜੇ ਦੇਸ਼ ਜਾਂ ਸਮਾਜ ਵਿਚ ਤੁਸੀਂ ਆਪਣੇ ਸਮਾਜ ਤੇ ਸੱਭਿਆਚਾਰ ਦੇ ਦੂਤ ਹੁੰਦੇ ਹੋ। ਤੁਹਾਡੀ ਕੀਤੀ ਕੋਈ ਵੀ ਗਲਤੀ ਤੁਹਾਡੇ ਪੂਰੇ ਸਮਾਜ ਤੇ ਕੌਮ ਦੀ ਬਦਖੋਈ ਦਾ ਕਾਰਨ ਬਣ ਸਕਦੀ ਹੈ। ਇਸ ਤਰ੍ਹਾਂ ਦੀਆਂ ਛੋਟੀਆਂ ਛੋਟੀਆਂ ਗੱਲਾਂ ਨੂੰ ਅਪਣਾ ਕੇ ਅਸੀਂ ਜਿੱਥੇ ਵਿਦੇਸ਼ ਵਿੱਚ ਆਪਣੀ ਜ਼ਿੰਦਗੀ ਵਧੀਆ ਬਣਾ ਸਕਦੇ ਹਾਂ, ਨਾਲ ਹੀ ਦੇਸ਼ ਕੌਮ ਦਾ ਨਾਮ ਵੀ ਰੌਸ਼ਨ ਕਰ ਸਕਦੇ ਹਾਂ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਸਾਹਿਬ ਦੀ ਵਿਰਾਸਤ ਦੇ ਮਿਟ ਰਹੇ ਯਾਦ-ਚਿੰਨ

**ਡਾਕਟਰ ਕ੍ਰਿਪਾਲ ਸਿੰਘ ਹਿਸਟੋਰੀਅਨ**



ਤਮਸਾ ਨਦੀ ਦੇ ਰਮਣੀਕ ਕਿਨਾਰੇ ਆਜ਼ਮਗੜ ਜ਼ਿਲੇ ਵਿਚ ਇਕ ਛੋਟਾ ਜਿਹਾ ਨਗਰ ਨਜ਼ਾਮਾਬਾਦ ਹੈ। ਇਹ ਨਗਰ ਇਲਾਹਾਬਾਦ ਤੋਂ 104 ਮੀਲ ਆਜ਼ਮਗੜ ਵੱਲ ਸਥਿਤ ਹੈ। ਤਮਸਾ ਨਦੀ ਦੇ ਕੰਢੇ 'ਤੇ ਨਗਰ ਦੇ ਘਾਟ ਦੇ ਕੋਲ ਬਾਬਾ ਸਾਧੂ ਸਿੰਘ ਦੀ ਸਮਾਧ ਇਕ ਪਾਸੇ ਤੇ ਬਾਬਾ ਗਰੀਬ ਸਿੰਘ ਦੀ ਸਮਾਧ ਦੂਜੇ ਪਾਸੇ ਬੜੀ ਖਾਮੋਸ਼ੀ ਨਾਲ ਤਮਸਾ ਨਦੀ ਦਾ ਨਾਦ ਸੁਣਦੀਆਂ ਦਿਖਾਈ ਦਿੰਦੀਆਂ ਹਨ ਤੇ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਕਿਸੇ ਸਮੇਂ ਇਹ ਨਗਰ ਸਿੱਖ ਸਦਾਚਾਰ ਤੇ ਸਿੱਖ ਮਰਿਆਦਾ ਦਾ ਕੇਂਦਰ ਹੋਵੇਗਾ। ਬਾਬਾ ਸਾਧੂ ਸਿੰਘ ਦੀ ਸਮਾਧ ਦੇ ਸਾਹਮਣੇ ਇਕ ਛੋਟਾ ਜਿਹਾ ਗੁਰਦੁਆਰਾ ਹੈ, ਜਿਸ ਨੂੰ 'ਗੁਰਦੁਆਰਾ ਬੜੀ ਸੰਗਤ' ਕਹਿੰਦੇ ਸਨ। ਇਹ ਗੁਰਦੁਆਰਾ 1845-47 ਈ: ਵਿਚ ਇਕ ਸਿੱਖ ਨੇ ਬਣਵਾਇਆ, ਜਿਸ ਦਾ ਨਾਂਅ ਠਾਕਰ ਪ੍ਰਸਾਦ ਸਿੰਘ ਸੀ। ਇਸ ਗੁਰਦੁਆਰੇ ਵਿਚ ਕਦੇ ਨਿਸ਼ਾਨ ਸਾਹਿਬ ਝੂਲਦੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਪਰ ਫਿਰ ਇਹ ਨਵੇਂ ਬਣਾਏ ਗਏ ਕਾਲਜ ਦਾ ਹੋਸਟਲ ਬਣਾਇਆ ਗਿਆ। ਥੋੜੇ ਸਮੇਂ ਪਿੱਛੋਂ ਕੋਈ ਮਨੁੱਖ ਇਹ ਨਹੀਂ ਕਹਿ ਸਕੇਗਾ ਕਿ ਇਥੇ ਕਦੇ ਕੋਈ ਗੁਰਦੁਆਰਾ ਹੁੰਦਾ ਸੀ।

ਬਾਬਾ ਸਾਧੂ ਸਿੰਘ, ਜੋ ਬਾਬਾ ਸੁਮੇਰ ਸਿੰਘ ਦੇ ਪਿਤਾ ਸਨ, ਪੰਥ ਦੀ ਪ੍ਰਸਿੱਧ ਹਸਤੀ ਹੋਏ ਹਨ। ਇਹ ਭੱਲੇ ਸਾਹਿਬਜ਼ਾਦੇ ਕਈ ਪੁਸ਼ਤਾਂ ਤੋਂ ਇਸ ਇਤਿਹਾਸਕ ਅਸਥਾਨ 'ਤੇ ਰਹਿੰਦੇ ਰਹੇ। ਕਹਿੰਦੇ ਹਨ ਇਕ ਇਤਿਹਾਸਕ ਪਿੰਡ ਵਿਚ ਸਭ ਤੋਂ ਪਹਿਲਾਂ ਇਸ ਬਾਬਾ ਪ੍ਰੇਮ ਦਾਸ ਜੀ ਉਦਾਸੀ ਸਾਧੂ ਆਏ ਤੇ ਉਨਾਂ ਨੇ ਆ ਕੇ ਗੁਰੂ ਨਾਨਕ ਸਾਹਿਬ ਦੇ ਪੁਰਾਣੇ ਇਤਿਹਾਸਕ ਗੁਰਦੁਆਰੇ ਨੂੰ ਆਬਾਦ ਕੀਤਾ। ਇਹ ਸਤਾਰਵੀਂ ਸਦੀ ਦਾ ਸਮਾਂ ਸੀ। ਤਮਸਾ ਨਦੀ ਦੀ ਛੋਟੀ ਸੰਗਤ ਦੇ ਗੁਰਦੁਆਰੇ ਦੇ ਨਾਲ ਸਭ ਤੋਂ ਪੁਰਾਣਾ 'ਗੁਰਦੁਆਰਾ ਬੜੀ ਸੰਗਤ' ਬਾਬਾ ਪ੍ਰੇਮ ਦਾਸ ਦੇ ਉੱਦਮ ਤੇ ਸ਼ਲਾਘਾ ਦਾ ਚਿੰਨ ਸੀ। 'ਗੁਰਦੁਆਰਾ ਬੜੀ ਸੰਗਤ' ਤੇ 'ਗੁਰਦੁਆਰਾ ਛੋਟੀ ਸੰਗਤ' ਦੇ ਵਿਚਕਾਰ ਇਕ 'ਅਕਾਲ ਬੁੰਗਾ' ਹੁੰਦਾ ਸੀ, ਜੋ ਢਹਿ-ਢੇਰੀ ਹੋ ਚੁੱਕਾ ਹੈ। 'ਗੁਰਦੁਆਰਾ ਬੜੀ ਸੰਗਤ' ਦੀ ਇਮਾਰਤ ਉਸ ਅਸਥਾਨ 'ਤੇ ਦੱਸੀ ਜਾਂਦੀ ਹੈ, ਜਿਥੇ ਗੁਰੂ ਨਾਨਕ ਸਾਹਿਬ ਅਯੁੱਧਿਆ ਤੋਂ ਬਨਾਰਸ ਜਾਂਦੇ ਹੋਏ ਠਹਿਰੇ ਸਨ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਨਜ਼ਾਮਾਬਾਦ ਉਸ ਪੁਰਾਣੀ ਸੜਕ 'ਤੇ ਸੀ, ਜੋ ਅਯੁੱਧਿਆ ਤੋਂ ਗੁਸਾਈਂ ਗੰਜ, ਬਸਖਾਰੀ ਤੇ ਕਪਤਾਨ ਗੰਜ ਨਜ਼ਾਮਾਬਾਦ ਤੋਂ ਹੁੰਦੀ ਹੋਈ ਬਨਾਰਸ ਜਾਂਦੀ ਸੀ। ਹੁਣ ਜੋ ਪੱਕੀ ਸੜਕ ਇਲਾਹਾਬਾਦ ਤੋਂ ਆਜ਼ਮਗੜ ਜਾਂਦੀ ਹੈ, ਉਸ 'ਤੇ ਰਾਣੀ ਕੀ ਸਰਾਂ ਦੇ ਨਗਰ ਤੋਂ ਨਜ਼ਾਮਾਬਾਦ ਪੰਜ ਮੀਲ ਦੀ ਵਿੱਥ ਉੱਤੇ ਹੈ ਤੇ ਰਾਣੀ ਕੀ ਸਰਾਂ ਤੋਂ ਟਾਂਗੇ ਜਾਂ ਰਿਕਸ਼ੇ ਦੁਆਰਾ ਹੀ ਇਥੇ ਪਹੁੰਚ ਸਕੀਦਾ ਹੈ। ਨਜ਼ਾਮਾਬਾਦ, ਨਜ਼ਾਮ-ਉ-ਦੀਨ ਦੇ ਨਾਂਅ 'ਤੇ ਆਬਾਦ ਹੋਇਆ ਹੈ। ਕਹਿੰਦੇ ਹਨ ਕਿ ਨਜ਼ਾਮਉ-ਦੀਨ ਨੇ ਸਭ ਤੋਂ ਪਹਿਲਾਂ ਜੌਨਪੁਰ ਤੋਂ ਉਠ ਕੇ ਇਸ ਨਗਰ ਨੂੰ ਜਿੱਤਿਆ ਸੀ ਤੇ ਇਸ ਨਗਰ ਦਾ ਨਾਂਅ ਉਸ ਦੇ ਨਾਂਅ 'ਤੇ ਹੀ ਨਜ਼ਾਮਾਬਾਦ ਪੈ ਗਿਆ। ਨਜ਼ਾਮ-ਉ-ਦੀਨ ਦੀ ਕਬਰ ਇਸ ਪਿੰਡ ਵਿਚ ਮੌਜੂਦ ਹੈ।

ਕਹਿੰਦੇ ਹਨ ਕਿ ਜਦੋਂ ਬਾਬਾ ਪ੍ਰੇਮ ਦਾਸ ਜੀ ਚਲਾਣਾ ਕਰਨ ਲੱਗੇ ਤਾਂ ਉਸ ਵਕਤ ਇਲਾਕੇ ਦੀ ਸੰਗਤ ਨੇ ਬਿਨੈ ਕੀਤੀ ਕਿ ਇਸ ਗੁਰਦੁਆਰੇ ਵਿਚ ਕਿਸ ਗੁਰਸਿੱਖ ਨੂੰ ਲਿਆਂਦਾ ਜਾਵੇ ਤਾਂ ਬਾਬਾ ਪ੍ਰੇਮ ਦਾਸ ਨੇ ਗੁਰੂ ਅਮਰ ਦਾਸ ਜੀ ਦੀ ਔਲਾਦ ਵਿਚੋਂ ਬਾਬਾ ਸਰੂਪ ਦਾਸ ਭੱਲੇ ਵੱਲ ਇਸ਼ਾਰਾ ਕੀਤਾ। ਇਸ ਇਲਾਕੇ ਵਿਚ ਕੋਈ ਪੰਜਾਬੀ ਸਿੱਖ ਨਹੀਂ ਸੀ। ਨਜ਼ਾਮਾਬਾਦ ਵਿਚ ਕੇਵਲ ਯੂ. ਪੀ. ਦੀ ਕਾਇਸਤ ਜਾਤ ਵਿਚੋਂ ਹੀ ਸਿੱਖ ਬਣੇ ਹਨ, ਜੋ ਕੁਝ ਤਾਂ ਕੇਸਾਧਾਰੀ ਹਨ ਤੇ ਕੁਝ ਸਹਿਜਧਾਰੀ। ਇਹ ਸਿੱਖ ਦੱਸਦੇ ਹਨ ਕਿ ਨਜ਼ਾਮਾਬਾਦ ਦੇ ਕੁਝ ਸਿੱਖ ਗੋਇੰਦਵਾਲ ਸਾਹਿਬ ਗਏ ਤੇ ਭੱਲੇ ਸਾਹਿਬਜ਼ਾਦਿਆਂ ਵਿਚੋਂ ਬਾਬਾ ਸਰੂਪ ਦਾਸ ਨੂੰ ਇਥੇ ਲੈ ਆਏ। ਬਾਬਾ ਸਰੂਪ ਦਾਸ ਤੋਂ ਪਿੱਛੋਂ ਉਨਾਂ ਦੇ ਸਪੁੱਤਰ ਬਾਬਾ ਕਿਰਪਾ ਦਿਆਲ ਸਿੰਘ ਤੇ ਉਨਾਂ ਦੇ ਸਪੁੱਤਰ ਬਾਬਾ ਸਾਧੂ ਸਿੰਘ ਤੇ ਉਨਾਂ ਦੇ ਸਪੁੱਤਰ ਬਾਬਾ ਸੁਮੇਰ ਸਿੰਘ ਹੋਏ ਹਨ। ਬਾਬਾ ਸੁਮੇਰ ਸਿੰਘ ਜੋ ਪਟਨਾ ਸਾਹਿਬ ਕੁਝ ਸਮਾਂ ਪ੍ਰਸਿੱਧ ਗ੍ਰੰਥੀ ਰਹੇ ਤੇ ਜਿਨਾਂ ਨੇ ਕਈ ਗ੍ਰੰਥ ਰਚੇ ਹਨ, ਇਸੇ ਨਗਰ ਨਜ਼ਾਮਾਬਾਦ ਦੇ ਵਸਨੀਕ ਸਨ।

ਬਾਬਾ ਸਾਧੂ ਸਿੰਘ ਦੇ ਦੂਜੇ ਲੜਕੇ ਬਾਬਾ ਸੰਤ ਸਿੰਘ, ਬਚਿੱਤਰ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਦਲੀਪ ਸਿੰਘ ਤੇ ਬਾਬਾ ਪ੍ਰੀਤਮ ਸਿੰਘ ਹੋਏ ਹਨ। ਬਾਬਾ ਪ੍ਰੀਤਮ ਸਿੰਘ ਦਾ ਦਿਹਾਂਤ 1920 ਈ: ਵਿਚ ਹੋਇਆ। ਉਸ ਤੋਂ ਬਾਅਦ ਇਨਾਂ ਗੁਰਦੁਆਰਿਆਂ ਦੀ ਹਾਲਤ ਡਾਵਾਂਡੋਲ ਹੋ ਗਈ। ਗੁਰਦੁਆਰਾ ਬੜੀ ਸੰਗਤ ਨਜ਼ਾਮਾਬਾਦ ਕਿਸੇ ਸਮੇਂ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਰਿਹਾ ਹੈ। ਇਸ ਵਿਚ ਹੁਣ ਤੱਕ ਕਈ ਦੁਰਲੱਭ ਹੱਥ-ਲਿਖਤਾਂ ਜਿਵੇਂ ਕਿ ਮਹਿਮਾ ਪ੍ਰਕਾਸ਼, ਸਰੂਪ ਦਾਸ ਭੱਲਾ ਤੇ ਹੋਰ ਪੁਰਾਤਨ ਹੱਥ-ਲਿਖਤ ਬੀੜਾਂ ਮੌਜੂਦ ਹਨ ਪਰ ਸਮੇਂ ਦੀ ਚਾਲ ਨਾਲ ਇਹ ਗੁਰਦੁਆਰਾ ਹੌਲੀ-ਹੌਲੀ ਢਹਿੰਦਾ ਗਿਆ। ਜਦੋਂ ਇਨਾਂ ਸਤਰਾਂ ਦਾ ਲਿਖਾਰੀ ਇਥੇ ਪੁੱਜਾ ਸੀ ਤਾਂ ਇਸ ਗੁਰਦੁਆਰੇ ਨੂੰ ਜਿੰਦਰਾ ਵੱਜਾ ਪਿਆ ਸੀ। ਨਿਸ਼ਾਨ ਸਾਹਿਬ ਵਾਲੀ ਥਾਂ ਤੋਂ ਨਿਸ਼ਾਨ ਸਾਹਿਬ ਗ਼ਾਇਬ ਸੀ। ਗੁਰਦੁਆਰੇ ਦੇ ਸਾਰੇ ਕਮਰੇ ਚੋਂਦੇ ਸਨ ਤੇ ਉਨਾਂ ਦੇ ਹੇਠਾਂ ਖਲੋਤਿਆਂ ਛੱਤ ਵਿਚੋਂ ਕਿਧਰੋਂ-ਕਿਧਰੋਂ ਸੂਰਜ ਭਗਵਾਨ ਦੇ ਵੀ ਦਰਸ਼ਨ ਹੁੰਦੇ ਹਨ। ਇਥੋਂ ਦੀ ਸੰਗਤ ਤੋਂ ਪਤਾ ਕਰਨ 'ਤੇ ਇਹ ਮਾਲੂਮ ਹੋਇਆ ਹੈ ਕਿ ਇਸ ਗੁਰਦੁਆਰੇ ਨਾਂਅ ਜੋ ਜ਼ਮੀਨ ਸੀ, ਉਹ ਯੂਪੀ. ਦੇ ਜ਼ਿਮੀਂਦਾਰੀ ਕਾਨੂੰਨ ਅਨੁਸਾਰ ਜ਼ਬਤ ਹੋ ਗਈ ਹੈ ਤੇ ਕੁਝ ਜ਼ਮੀਨ ਜੋ ਇਕ ਟਰੱਸਟੀ ਦੇ ਨਾਂਅ ਸੀ, ਜਿਸ ਦਾ ਨਾਂਅ ਹਰੀ ਸਿੰਘ ਸੀ, ਉਸ ਨੇ ਵੇਚ ਦਿੱਤੀ ਤੇ ਹਰੀ ਸਿੰਘ ਆਪ ਪਤਿਤ ਹੋ ਕੇ ਪਿੰਡ ਛੱਡ ਗਿਆ ਸੀ। ਪਾਕਿਸਤਾਨ ਬਣਨ ਨਾਲ ਪੰਜਾਬੀ ਸਿੱਖ ਦੂਰ-ਦੂਰ ਥਾਵਾਂ 'ਤੇ ਜਾ ਕੇ ਆਬਾਦ ਹੋਏ ਹਨ ਪਰ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਇਸ ਨਗਰ ਵਿਚ ਕੋਈ ਵੀ ਪੰਜਾਬੀ ਸਿੱਖ ਆਬਾਦ ਨਹੀਂ ਹੋਇਆ। ਇਸ ਨਗਰ ਦੇ ਸਾਰੇ ਸਿੱਖ ਜੋ ਕੁਝ ਸਹਿਜਧਾਰੀ ਜਾਂ ਕੁਝ ਕੇਸਾਧਾਰੀ ਹਨ, ਉਹ ਯੂਪੀ. ਦੀ ਕਾਇਸਤ ਬਰਾਦਰੀ ਵਿਚੋਂ ਹਨ। ਇਹ ਸਿੱਖ ਕਿਸੇ ਜ਼ਮਾਨੇ ਚੰਗੇ ਜ਼ਿਮੀਂਦਾਰ ਸਨ ਤੇ ਜ਼ਿਮੀਂਦਾਰੀ ਖ਼ਤਮ ਹੋਣ ਨਾਲ ਇਨਾਂ ਦੀ ਹਾਲਤ ਡਾਵਾਂਡੋਲ ਹੋ ਗਈ ਤੇ ਇਨਾਂ ਦੀ ਇਸ ਹਾਲਤ ਦੇ ਨਾਲ ਇਹ ਪੁਰਾਤਨ ਇਤਿਹਾਸਕ ਯਾਦਗਾਰ ਜੋ ਗੁਰੂ ਨਾਨਕ ਸਾਹਿਬ ਜੀ ਦੀ ਠਹਿਰਨ ਵਾਲੀ ਥਾਂ 'ਤੇ ਬਣੀ ਹੈ, ਖਸਤਾ ਹਾਲਤ ਵਿਚ ਪਹੁੰਚ ਗਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਥਾਨ ਇਤਿਹਾਸਕ ਹੈ ਤੇ ਪੁਰਾਤਨ ਸਮੇਂ ਵਿਚ ਸਿੱਖੀ ਦਾ ਕੇਂਦਰ ਰਹਿ ਚੁੱਕਾ ਹੈ। ਜਦੋਂ ਅਸੀਂ ਗੁਰੂ ਨਾਨਕ ਸਾਹਿਬ ਦੀ ਪੰਜ ਸੌ ਸਾਲਾ ਸ਼ਤਾਬਦੀ ਮਨਾ ਰਹੇ ਸੀ ਤਾਂ ਇਹੋ ਜਿਹੀਆਂ ਗੁਰੂ ਨਾਨਕ ਸਾਹਿਬ ਜੀ ਦੀਆਂ ਪੁਰਾਣੀਆਂ ਇਤਿਹਾਸਕ ਯਾਦਗਾਰਾਂ ਨੂੰ ਸੁਰੱਖਿਅਤ ਰੱਖਣ ਦਾ ਉਪਰਾਲਾ ਕਰਨ ਦੀ ਲੋੜ ਮਹਿਸੂਸ ਹੋਈ ਸੀ। ਆਸ ਹੈ ਕਿ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਯੂਪੀ. ਪ੍ਰਤੀਨਿਧੀ ਬੋਰਡ ਇਸ ਗੱਲ ਵੱਲ ਯੋਗ ਧਿਆਨ ਦੇ ਕੇ ਇਨਾਂ ਮਿਟ ਰਹੀਆਂ ਯਾਦਗਾਰਾਂ ਨੂੰ ਸੁਰਜੀਤ ਕਰਨ ਦਾ ਪ੍ਰਬੰਧ ਕਰਨਗੇ।

## 21 ਫਰਵਰੀ 1921 : ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

# ਇਕ ਇਤਿਹਾਸਕ ਘਟਨਾ ਜੋ ਸਿੱਖ ਅਰਦਾਸ ਦਾ ਹਿੱਸਾ ਬਣੀ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਸਿੱਖ ਸੰਘਰਸ਼ ਦੇ ਧਰਮ ਯੁੱਧ ਦੀਆਂ ਲਾਸਾਨੀ ਸ਼ਹੀਦੀਆਂ ਉੱਤੇ ਮਾਣ ਹੈ। ਜਿਹੜੇ ਚਰਖੜੀਆਂ ਤੇ ਚੜ੍ਹੇ, ਦੇਗਾਂ ਵਿਚ ਉਬਲੇ, ਜਿਨ੍ਹਾਂ ਨੇ ਬੰਦ ਬੰਦ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਖੋਪਰੀਆਂ ਉਤਰਵਾਈਆਂ ਅਤੇ ਉਨ੍ਹਾਂ ਮਾਤਾਵਾਂ ਤੇ ਭੈਣਾਂ ਜਿਨ੍ਹਾਂ ਨੇ ਭਾਣੇ ਵਿਚ ਰਹਿੰਦਿਆਂ ਆਪਣੇ ਬੱਚੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ ਪਰ ਸਿਦਕ ਨਾ ਹਾਰਿਆ, ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। 21 ਫਰਵਰੀ 1921 ਨੂੰ ਵਾਪਰੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਇਹ ਇਤਿਹਾਸ ਦੁਹਰਾਅ ਦਿੱਤਾ ਸੀ। ਇਸ ਮਹਾਨ ਸਾਕੇ ਵਿੱਚ ਜਿਉਂਦਿਆਂ ਨੂੰ ਸਾੜਿਆ ਗਿਆ, ਟੋਟੇ ਟੋਟੇ ਕੀਤਾ ਗਿਆ। ਇਸ ਸਾਕੇ ਦੇ ਸ਼ਹੀਦਾਂ ਨੇ ਆਪਣੇ ਖੂਨ ਨਾਲ ਮਹੰਤਾਂ ਦੀਆਂ ਬਦਕਾਰੀਆਂ ਦੇ ਧੱਬਿਆਂ ਨੂੰ ਧੋ ਦਿੱਤਾ ਅਤੇ ਇਸ ਮਹਾਨ ਧਾਰਮਿਕ ਅਸਥਾਨ ਦੀ ਪਵਿੱਤਰਤਾ ਨੂੰ ਬਹਾਲ ਕੀਤਾ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਮੇਂ ਤੋਂ ਬਾਅਦ ਖਾਲਸੇ ਲਈ ਬੜੀ ਕਠਿਨਾਈ ਦਾ ਸਮਾਂ ਸੀ। ਹਕੂਮਤ ਦਾ ਖਾਲਸੇ ਦਾ ਖੁਰਾ ਖੋਜ ਮਿਟਾਉਣ ਦਾ ਖੂਨੀ ਇਰਾਦਾ ਸੀ। ਸਿੰਘ ਘਰ ਘਾਟ ਛੱਡ ਜੰਗਲਾਂ-ਬੇਲਿਆਂ, ਪਹਾੜਾਂ, ਰੇਗਿਸਤਾਨਾਂ ਅਤੇ ਹੋਰ ਸੁਰੱਖਿਅਤ ਥਾਵਾਂ ਉੱਤੇ ਜਾ ਕੇ ਆਪਣੀ ਹੋਂਦ ਕਾਇਮ ਰੱਖਣ ਲਈ ਦਿਨ ਕੱਟਣ ਲੱਗੇ। ਇਸ ਕਰ ਕੇ ਉਹ ਉਸ ਬਿਖੜੇ ਸਮੇਂ ਵਿਚ ਆਪਣੇ ਪਵਿੱਤਰ ਗੁਰਧਾਮਾਂ ਦਾ ਪ੍ਰਬੰਧ ਸੁਖਾਵੇਂ ਢੰਗ ਨਾਲ ਨਾ ਚਲਾ ਸਕੇ।

ਗੁਰਧਾਮਾਂ ਦੀ ਸੇਵਾ-ਸੰਭਾਲ ਉਦਾਸੀ ਜਾਂ ਸੰਪਰਦਾਈ ਸਾਧੂਆਂ ਕੋਲ ਚਲੀ ਗਈ, ਜਿਨ੍ਹਾਂ ਨੇ ਆਪਣੀ ਮਰਜ਼ੀ ਦੀ ਮਰਯਾਦਾ ਚਲਾਈ ਰੱਖੀ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਦੀ ਸਥਾਪਤੀ ਸਮੇਂ ਗੁਰਧਾਮਾਂ ਦੇ ਸੁਧਾਰ ਅਤੇ ਉਸਾਰੀਆਂ ਲਈ ਆਮਦਨ ਵਾਸਤੇ ਜਗੀਰਾਂ ਲਗਵਾ ਦਿੱਤੀਆਂ ਪਰ ਅੰਦਰੂਨੀ ਮਰਯਾਦਾ ਵਿਚ ਕੋਈ ਸੁਧਾਰ ਨਾ ਹੋਇਆ। ਸੰਪਰਦਾਈਆਂ ਵਲੋਂ ਸਿੱਖ ਮਰਯਾਦਾ ਦੇ ਉਲਟ ਕਾਰਵਾਈਆਂ ਹੋਣ ਲੱਗੀਆਂ। ਇਹ ਮਸੰਦ ਬਣੀ ਬੈਠੇ ਲੋਕ ਗੁਰਧਾਮਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗੇ। ਉਪਰੋਂ ਇਨ੍ਹਾਂ ਨੂੰ ਅੰਗਰੇਜ਼ ਹਕੂਮਤ ਦੀ ਸ਼ਹਿ ਪ੍ਰਾਪਤ ਸੀ। ਉਹ ਗੁਰਧਾਮਾਂ ਦੀ ਆਮਦਨੀ ਨਾਲ ਅਯਾਸ਼ੀ ਕਰਨ ਲੱਗ ਪਏ। ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਨੇ ਗੁਰਦੁਆਰਾ ਸਾਹਿਬ ਨੂੰ ਗੁੰਡਿਆਂ, ਬਦਮਾਸ਼ਾਂ ਅਤੇ ਨਸ਼ਈਆਂ ਦਾ ਅੱਡਾ ਬਣਾ ਲਿਆ। ਉਸ ਦੇ ਭੈੜੇ ਆਚਰਣ ਦੀਆਂ ਕਰਤੂਤਾਂ ਦੀ ਚਰਚਾ ਸਾਰੇ ਪੰਥ ਵਿਚ ਫੈਲ ਗਈ। ਸਿੱਖਾਂ ਵਿਚ ਇਥੋਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲਿਆਉਣ ਦੀ ਤੀਬਰ ਇੱਛਾ ਜਾਗ ਉਠੀ। ਸ਼੍ਰੋਮਣੀ ਕਮੇਟੀ ਨੇ ਇਸ 'ਤੇ ਕਾਰਵਾਈ ਕਰਨ ਲਈ ਪ੍ਰਬੰਧਕ ਮੁਖੀਆਂ ਅਤੇ ਕੌਮੀ ਆਗੂਆਂ ਦੀ ਇਕੱਤਰਤਾ ਬੁਲਾਈ, ਤਾਂ ਕਿ ਮਹੰਤ ਨੂੰ ਮਨਮਾਨੀਆਂ ਰੋਕਣ ਲਈ ਕਿਹਾ ਜਾਵੇ। ਮਹੰਤ ਨੇ ਸਿੱਖਾਂ ਨਾਲ ਟੱਕਰ ਲੈਣ ਦੀ ਠਾਣ ਲਈ। ਉਸ ਨੇ ਜੰਗੀ ਪੱਧਰ 'ਤੇ ਤਿਆਰੀ ਆਰੰਭੀ। ਉਹ ਬੰਦੂਕਾਂ, ਛਵੀਆਂ, ਗੰਡਾਸੇ ਇਕੱਠੇ ਕਰਨ ਲੱਗ ਪਿਆ। ਉਸ ਨੇ ਭਾੜੇ ਦੇ ਬਦਮਾਸ਼ ਰੱਖਣੇ ਸ਼ੁਰੂ ਕਰ ਦਿੱਤੇ। ਦਰਵਾਜ਼ੇ ਲੋਹੇ ਦੇ ਲਵਾ ਲਏ। ਗੋਲੀਆਂ ਚਲਾਉਣ ਦਾ ਵੀ ਪ੍ਰਬੰਧ ਕਰ ਲਿਆ। ਭਾਈ ਵਰਿਆਮ ਸਿੰਘ ਜੀ ਨੇ ਸੂਹੀਆ ਅਵਤਾਰ ਸਿੰਘ ਰਾਹੀਂ ਕਰਤਾਰ ਸਿੰਘ ਝੱਬਰ ਜੀ ਨੂੰ ਖਬਰ ਦਿੱਤੀ ਕਿ ਮਹੰਤ ਦੀ ਨੀਅਤ ਸਾਫ਼ ਨਹੀਂ। ਉਹ ਇਕੱਤਰਤਾ ਵਿਚ ਪੰਥਕ ਆਗੂਆਂ ਨੂੰ ਖਤਮ ਕਰਨਾ ਚਾਹੁੰਦਾ ਹੈ। ਝੱਬਰ ਜੀ ਨੇ ਚੂਹੜਕਾਣਾ ਦੇ ਗੁਰਦੁਆਰਾ ਖਰਾ ਸੌਦਾ ਪਹੁੰਚ ਕੇ ਆਪਣੇ ਜਥੇ ਦੇ ਆਗੂਆਂ ਨਾਲ ਪ੍ਰੋਗਰਾਮ ਬਣਾਇਆ ਕਿ 19-20, ਫਰਵਰੀ ਨੂੰ ਜਦੋਂ ਮਹੰਤ ਸਨਾਤਨ ਸੰਮੇਲਨ ਵਿਚ ਗਿਆ ਹੋਵੇ, ਗੁਰਦੁਆਰਾ ਸਾਹਿਬ ਨੂੰ ਆਪਣੇ ਅਧੀਨ ਕਰ ਲਿਆ ਜਾਵੇ। ਪੰਥਕ ਆਗੂਆਂ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਟਹਿਲ ਸਿੰਘ, ਭਾਈ ਬੂਟਾ ਸਿੰਘ ਅਤੇ ਤੇਜਾ ਸਿੰਘ ਨਾਲ ਫੈਸਲਾ ਹੋਇਆ ਕਿ 20 ਫਰਵਰੀ, 1921 ਨੂੰ ਚਾਰ ਪੰਜ ਹਜ਼ਾਰ ਦਾ ਜੱਥਾ ਨਨਕਾਣਾ ਸਾਹਿਬ ਪੁੱਜ ਜਾਵੇ। ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜਥੇ ਨੇ ਧਾਰੋਵਾਲੀ ਤੋਂ ਚੱਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੀ ਵਿੱਥ 'ਤੇ ਚੰਦਰਕੋਟ ਦੀ ਝਾਲ ਉੱਤੇ ਮਿਲਣਾ ਸੀ। ਲਾਇਲਪੁਰ ਤੋਂ ਆਏ ਸਿੰਘਾਂ ਨੇ ਇਨ੍ਹਾਂ ਨੂੰ 20 ਫਰਵਰੀ, 1921 ਨੂੰ ਸਵੇਰੇ ਚਾਰ ਵਜੇ ਨਨਕਾਣਾ ਸਾਹਿਬ ਦੇ ਕੋਲ ਭੱਠਿਆਂ ਉੱਤੇ ਮਿਲਣਾ ਸੀ। ਫੇਰ ਇਨ੍ਹਾਂ ਸਭਨਾਂ ਨੇ ਗੁਰਦੁਆਰਾ ਨਨਕਾਣਾ ਸਾਹਿਬ ਸਵੇਰੇ ਪੰਜ ਵਜੇ ਪੁੱਜਣਾ ਸੀ। ਇਹ ਪ੍ਰੋਗਰਾਮ ਸ਼੍ਰੋਮਣੀ ਕਮੇਟੀ ਤੋਂ ਗੁਪਤ ਰੱਖਿਆ ਗਿਆ ਸੀ ਕਿਉਂਕਿ 6 ਮਾਰਚ ਤੋਂ ਪਹਿਲਾਂ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਮਿਲਣੀ।





ਉਧਰ ਮਾਸਟਰ ਤਾਰਾ ਸਿੰਘ ਤੇ ਤੇਜਾ ਸਿੰਘ ਸਮੁੰਦਰੀ, ਜੋ ਲਾਇਲਪੁਰ ਵਿਚ ਸਨ, ਨੂੰ ਇਸ ਪ੍ਰੋਗਰਾਮ ਦਾ ਪਤਾ ਲੱਗਾ। ਉਨ੍ਹਾਂ 19 ਫਰਵਰੀ, 1921 ਨੂੰ ਸਵੇਰੇ ਪੰਜ ਵਜੇ ਚੂਹੜਕਾਣਾ ਤੋਂ ਲੰਘਦੇ ਹੋਏ ਸ. ਸੁੱਚਾ ਸਿੰਘ ਜੈਦਚੱਕ ਵਾਲੇ ਦੇ ਹੱਥੀਂ ਜਥੇਦਾਰ ਝੱਬਰ ਨੂੰ ਜਥਾ ਨਾ ਲੈ ਕੇ ਜਾਣ ਦਾ ਸੁਨੇਹਾ ਭੇਜਿਆ। ਫਿਰ ਲਾਹੌਰ ਪੁੱਜ ਕੇ ਸ. ਦਲੀਪ ਸਿੰਘ ਸਾਂਗ੍ਹੇਵਾਲ ਤੇ ਸ. ਜਸਵੰਤ ਸਿੰਘ ਝਬਾਲ ਨੂੰ ਚੂਹੜਕਾਣਾ ਭੇਜਿਆ ਪਰ ਇਸ ਵੇਲੇ ਤੱਕ ਬਹੁਤ ਸਿੰਘ ਪੁੱਜ ਚੁੱਕੇ ਸਨ। ਸ਼ਾਮ ਪਈ ਤੋਂ ਜਥਾ ਨਨਕਾਣਾ ਸਾਹਿਬ ਜਾਣ ਦੀ ਤਿਆਰੀ ਵਿਚ ਸੀ ਜੋ ਇਥੋਂ 15 ਕੋਹ 'ਤੇ ਹੈ। ਉਥੇ ਭਾਈ ਦਲੀਪ ਸਿੰਘ ਜਥੇ ਨੂੰ ਰੋਕਣ ਦਾ ਹੁਕਮ ਲੈ ਕੇ ਪੁੱਜੇ। ਜਥੇਦਾਰ ਝੱਬਰ ਨੇ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜਥੇ ਨੂੰ ਵੀ ਰੋਕਣ ਦੀ ਪੁਰਜ਼ੋਰ ਮੰਗ ਕੀਤੀ। ਚਾਰ ਘੋੜ ਸਵਾਰਾਂ ਵਿਚ ਭਾਈ ਦਲੀਪ ਸਿੰਘ, ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਤੁਰ ਪਏ ਪਰ ਭਾਈ ਲਛਮਣ ਸਿੰਘ ਦਾ ਜਥਾ ਇਨ੍ਹਾਂ ਨੂੰ ਨਹੀਂ ਮਿਲਿਆ ਪਰ ਫੇਰ ਵੀ ਜੋ ਕੋਈ ਸਿੰਘ ਜਾਂ ਜਥਾ ਮਿਲਿਆ, ਉਨ੍ਹਾਂ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕ ਦਿੱਤਾ। ਭਾਈ ਦਲੀਪ ਸਿੰਘ, ਸ. ਉਤਮ ਸਿੰਘ ਦੇ ਕਾਰਖਾਨੇ ਚਲੇ ਗਏ। ਉਥੋਂ ਭਾਈ ਵਰਿਆਮ ਸਿੰਘ ਨੂੰ ਜਥਾ ਰੋਕਣ ਲਈ ਭੇਜ ਦਿੱਤਾ ਪਰ ਭਾਈ ਲਛਮਣ ਸਿੰਘ ਦੇ ਜਥੇ ਨੇ ਅਰਦਾਸ ਕਰਕੇ ਨਨਕਾਣਾ ਸਾਹਿਬ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੋਇਆ ਸੀ। ਰਸਤੇ ਵਿਚ ਜਥੇ ਦਾ ਮਿਲਾਪ ਭਾਈ

ਬਾਕੀ ਸਫ਼ਾ 28 'ਤੇ

# ਨਸ਼ਿਆਂ ਦੇ ਹੜ੍ਹ ਵਿਚ ਡੁੱਬਦਾ ਜਾ ਰਿਹਾ ਪੰਜਾਬ

**ਪ੍ਰੋ. ਗੁਰਭਜਨ ਸਿੰਘ ਗਿੱਲ**




ਨਸ਼ਿਆਂ ਦੇ ਹੜ੍ਹ ਵਿਚ ਪੰਜਾਬ ਰੁੜ੍ਹ ਰਿਹਾ ਹੈ। ਸਿਰਫ ਸ਼ਰਾਬ ਹੀ ਨਹੀਂ, ਅਫੀਮ, ਤੰਬਾਕੂ, ਭੁੱਕੀ (ਪੋਸਤ ਦਾ ਚੂਰਾ), ਜ਼ਰਦਾ, ਭੰਗ, ਨਸ਼ੀਲੀਆਂ ਗੋਲੀਆਂ ਅਤੇ ਇਹੋ ਜਿਹਾ ਹੋਰ ਬਹੁਤ ਕੁਝ ਪੰਜਾਬ ਦੇ ਗਲੀ-ਗਲੀ, ਮੁਹੱਲੇ-ਮੁਹੱਲੇ ਸ਼ਰੇਆਮ ਵਿਕ ਰਿਹਾ ਹੈ। ਕਿਤੇ ਸਰਕਾਰੀ ਤੌਰ 'ਤੇ ਅਧਿਕਾਰਤ ਦੁਕਾਨਾਂ 'ਤੇ ਅਤੇ ਕਿਤੇ ਚੋਰੀ ਛਿਪੇ। ਸ਼ਰਾਬ ਤੋਂ ਬਿਨਾ ਬਾਕੀ ਸਾਰੇ ਹੀ ਨਸ਼ੇ ਪੰਜਾਬ ਵਿੱਚ ਵੇਚਣ ਉੱਤੇ ਪਾਬੰਦੀ ਹੈ ਪਰ ਹਕੀਕਤਾਂ ਕੁਝ ਹੋਰ ਹਨ। ਵੱਡਿਆਂ ਸ਼ਹਿਰਾਂ ਦੇ ਚੌਕ ਚੁਰਸਤੇ, ਪਾਨ ਵੇਚਣ ਵਾਲਿਆਂ ਦੇ ਖੋਖਿਆਂ ਬਹਾਨੇ ਜ਼ਰਦਾ ਅਤੇ ਹੋਰ ਨਸ਼ੀਲੀਆਂ ਵਸਤਾਂ ਦਾ ਕਾਰੋਬਾਰ ਕਰਨ ਵਾਲਿਆਂ ਨੇ ਮੱਲੇ ਹੋਏ ਹਨ। ਸੱਚ ਤਾਂ ਇਹ ਹੈ ਕਿ ਪੰਜਾਬ ਦੀ ਜਵਾਨੀ ਨੇ ਤਾਂ ਇਸ ਹੜ੍ਹ ਵਿੱਚ ਰੁੜ੍ਹਨਾ ਹੀ ਸੀ, ਬੱਚੇ ਵੀ ਜਵਾਨੀ ਦੀ ਦਹਿਲੀਜ਼ ਟੱਪਣ ਤੋਂ ਪਹਿਲਾਂ ਹੀ ਇਨ੍ਹਾਂ ਵਹਿਬਤਾਂ ਦਾ ਸ਼ਿਕਾਰ ਹੋ ਰਹੇ ਹਨ। ਫਿਕਰਮੰਦੀ ਦੀ ਘੜੀ ਹੈ। ਸਰਕਾਰ, ਸਮਾਜ, ਧਾਰਮਿਕ ਜਥੇਬੰਦੀਆਂ, ਖੇਡ ਕਲੱਬਾਂ, ਸਾਹਿਤ ਸਭਾਵਾਂ ਅਤੇ ਮੁਹੱਲਿਆਂ ਦੀਆਂ ਵਿਕਾਸ ਸਭਾ ਸੁਸਾਇਟੀਆਂ ਇਸ ਨਸ਼ੀਲੇ ਹੜ੍ਹ ਦੇ ਪਾਣੀ ਨੂੰ ਠੱਲ੍ਹ ਪਾ ਸਕਦੀਆਂ ਹਨ।

ਅੰਕੜੇ ਦੱਸਦੇ ਹਨ ਕਿ ਜਿਸ ਤੰਬਾਕੂ ਨੂੰ ਦੁਨੀਆਂ ਦਾ ਕੋਈ ਵੀ ਧਰਮ ਵਰਤਣਯੋਗ ਵਸਤੂ ਨਹੀਂ ਮੰਨਦਾ ਅਤੇ ਜਿਸ ਦੇ ਖਿਲਾਫ ਸਿਹਤ ਸੰਗਠਨ ਦੀਆਂ ਕੋਸ਼ਿਸ਼ਾਂ ਪਿਛਲੇ ਲੰਬੇ ਸਮੇਂ ਤੋਂ ਨਿਰੰਤਰ ਜਾਰੀ ਹਨ, ਹਰ ਵਰ੍ਹੇ 40 ਲੱਖ ਜਾਨਾਂ ਦਾ ਖੌਅ ਬਣਦਾ ਹੈ। ਅੰਦਾਜ਼ਨ ਰੋਜ਼ਾਨਾ ਗਿਆਰਾਂ ਹਜ਼ਾਰ ਬੰਦੇ ਅਤੇ ਔਰਤਾਂ ਸਿਵਿਆਂ ਦੇ ਰਾਹ ਪੈਂਦੇ ਹਨ। ਜੇਕਰ ਇਹੀ ਹਵਾ ਵਗਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਸੰਨ 2020 ਤਕ 70 ਲੱਖ ਜਾਨਾਂ ਹਰ ਵਰ੍ਹੇ ਮੌਤ ਦੀ ਭੇਟਾ ਚੜ੍ਹਿਆ ਕਰਨਗੀਆਂ। ਤੰਬਾਕੂ ਨੂੰ ਆਦਮੀ ਨਹੀਂ ਪੀਂਦਾ, ਤੰਬਾਕੂ ਆਦਮੀ ਨੂੰ ਪੀਂਦਾ ਹੈ। ਇਸ ਇਕੱਲੇ ਦੁਸ਼ਮਣ ਕਾਰਨ 30 ਜਾਨ ਲੇਵਾ ਬੀਮਾਰੀਆਂ ਮਨੁੱਖੀ ਸਰੀਰ ਨੂੰ ਚਿੰਬੜਦੀਆਂ ਹਨ। ਫੇਫੜਿਆਂ ਦੇ ਕੈਂਸਰ ਤੋਂ ਲੈ ਕੇ ਗਲੇ ਦੇ ਕੈਂਸਰ ਤੀਕ। ਇਹ ਵੀ ਅੰਕੜੇ ਬੋਲਦੇ ਹਨ ਕਿ ਤੰਬਾਕੂ ਦੀ ਵਿਕਰੀ ਤੋਂ ਸਰਕਾਰ ਨੂੰ ਸਾਲਾਨਾ ਕਮਾਈ ਸਿਰਫ 6 ਹਜ਼ਾਰ ਕਰੋੜ ਰੁਪਏ ਹੁੰਦੀ ਹੈ ਜਦ ਕਿ ਇਸ ਤੋਂ ਪੈਦਾ ਹੁੰਦੀਆਂ 30 ਬੀਮਾਰੀਆਂ ਕਾਰਨ 37 ਹਜ਼ਾਰ ਕਰੋੜ ਰੁਪਏ ਆਮ ਲੋਕਾਂ ਦੀਆਂ ਜੇਬਾਂ ਵਿੱਚੋਂ ਨਿਕਲ ਕੇ ਬਹੁਕੌਮੀ ਕੰਪਨੀਆਂ ਦੀਆਂ ਦਵਾਈਆਂ ਅਤੇ ਹਸਪਤਾਲਾਂ ਦੀ ਜੇਬ ਵਿੱਚ ਪੈ ਜਾਂਦੇ ਹਨ। ਕੀ ਇਹ ਗੱਲ ਰਾਜ ਕਰਦੀਆਂ ਧਿਰਾਂ ਨੂੰ ਸਮਝ ਹੀ ਨਹੀਂ ਆਉਂਦੀ ਜਾਂ ਉਹ ਸਮਝਣ ਦਾ ਯਤਨ ਹੀ ਨਹੀਂ ਕਰਨਾ ਚਾਹੁੰਦੀਆਂ। ਹੁਣ ਸ਼ੁਕਰ ਹੈ ਕਿ ਕੇਂਦਰੀ ਸਰਕਾਰ ਨੇ ਜਨਤਕ ਥਾਵਾਂ ਤੇ ਸਿਗਰਟਨੋਸ਼ੀ 'ਤੇ ਪਾਬੰਦੀ ਲਾ ਦਿੱਤੀ ਹੈ ਪਰ ਹੁੱਕੇ ਤੋਂ ਹੋਣ ਵਾਲੇ ਨੁਕਸਾਨ ਨੂੰ ਕੌਣ ਨੱਥ ਪਾਵੇਗਾ। ਹੁੱਕੇ ਦੀ ਗੁੜ ਗੁੜ ਵੀ ਅਨੇਕਾਂ ਗੰਭੀਰ ਰੋਗਾਂ ਦੀ ਮਾਂ ਹੈ।

ਤੰਬਾਕੂ ਇਸ ਧਰਤੀ ਦਾ ਪੌਦਾ ਨਹੀਂ। ਜਹਾਂਗੀਰ ਦੇ ਰਾਜਕਾਲ ਵੇਲੇ ਇਹ ਨਾਮੁਰਾਦ ਪੌਦਾ ਪੰਜਾਬ ਦੀ ਧਰਤੀ 'ਤੇ ਪੁੱਜਾ ਸੀ। ਤੁਜ਼ਕੇ ਜਹਾਂਗੀਰੀ ਵਿੱਚ ਇਸ ਦਾ ਪਹਿਲੀ ਵਾਰ ਵਰਨਣ ਹੋਇਆ ਹੈ। ਗੁਰਬਾਣੀ ਵਿੱਚ ਵੀ ਤੰਬਾਕੂ ਦੇ ਸੇਵਨ ਨੂੰ ਰੱਜ ਕੇ ਨਿੰਦਿਆ ਗਿਆ ਹੈ।

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥
ਹਰਿ ਹਰਿ ਕਦੇ ਨਾ ਚੇਤਿਓ ਜਮਿ ਪਕੜਿ ਚਲਾਈਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਕ 726)

ਸਿੱਖ ਇਤਿਹਾਸ ਵਿੱਚ ਇੱਕ ਪ੍ਰਮਾਣ ਵਾਰ ਵਾਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਵੀ ਤੰਬਾਕੂ ਦਾ ਖੇਤ ਸਾਹਮਣੇ ਵੇਖ ਕੇ ਉਸ ਵਿਚ ਪੈਰ ਪਾਉਣੋਂ ਅਟਕ ਗਿਆ ਸੀ। ਜਦ ਖੇਤ ਦੇ ਮਾਲਕ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਬਖਸ਼ਿਸ਼ ਲਈ ਅਰਦਾਸ ਕੀਤੀ ਤਾਂ ਉਨ੍ਹਾਂ ਨੇ ਉਸ ਤੰਬਾਕੂ ਦੀ ਖੇਤੀ ਕਰਨ ਤੋਂ ਵਰਜਿਆ। ਇਸ ਵਿੱਚ ਲੁਕਿਆ ਇਸ਼ਾਰਾ ਸਮਝਣ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿਹਤਮੰਦ ਸ਼ਕਤੀਸ਼ਾਲੀ ਪੰਥ ਦੀ ਸਿਰਜਣਾ ਕਰਨ ਵੇਲੇ ਨਸ਼ਾ ਰਹਿਤ ਸਮਾਜ ਦਾ ਸੁਪਨਾ ਲਿਆ ਸੀ ਪਰ ਅੱਜ ਅਸੀਂ ਕਿੱਧਰ ਨੂੰ ਤੁਰ ਪਏ ਹਾਂ?

ਪੰਜਾਬ ਵਿੱਚ ਵੱਸਦੇ ਸਿੱਖ ਪਰਿਵਾਰਾਂ ਵਿੱਚ ਇਹ ਕੋਹੜ ਪਹਿਲਾਂ ਬਹੁਤ ਘੱਟ ਸੀ ਪਰ ਪਿਛਲੇ ਕੁਝ ਸਮੇਂ ਤੋਂ ਅਸੀਂ ਵੇਖ ਰਹੇ ਹਾਂ ਕਿ ਨਵੇਂ ਨਵੇਂ ਨਾਵਾਂ ਹੇਠ ਵਿਕ ਰਿਹਾ ਇਹ ਜ਼ਹਿਰ ਰੁਤਬੇ ਦੀ ਨਿਸ਼ਾਨੀ ਬਣ ਗਿਆ ਹੈ। ਤੰਬਾਕੂ ਕੰਪਨੀਆਂ ਦੇ ਦਿਲਕਸ਼ ਇਸ਼ਤਿਹਾਰ ਅਤੇ ਟੈਲੀਵਿਜ਼ਨ 'ਤੇ ਕੀਤੀਆਂ ਮਸ਼ਹੂਰੀਆਂ ਕੱਚੀ ਉਮਰ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ। ਇੱਕ ਅੰਦਾਜ਼ੇ ਅਨੁਸਾਰ ਇਹ ਤੰਬਾਕੂ ਕੰਪਨੀਆਂ ਭਾਰਤ ਵਿੱਚ ਹਰ ਰੋਜ਼ ਗਿਆਰਾਂ ਹਜ਼ਾਰ ਨਵੇਂ ਗਾਹਕ ਲੱਭਦੀਆਂ ਹਨ ਕਿਉਂਕਿ ਉਹ ਇਸ ਗੱਲ ਤੋਂ ਭਲੀਭਾਂਤ ਵਾਕਫ ਹਨ ਕਿ ਪੁਰਾਣੇ ਗਾਹਕ ਤੰਬਾਕੂ ਖਾ ਪੀ ਕੇ ਨਾਲੋਂ ਨਾਲ ਤੇਜ਼ ਰਫਤਾਰ ਨਾਲ ਮਰ ਵੀ ਤਾਂ ਰਹੇ ਹਨ। ਇਹ ਗੱਲ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਗੁਟਕਾ, ਜ਼ਰਦਾ ਅਤੇ ਤੰਬਾਕੂ ਨਸ਼ਿਆਂ ਦੀ ਡਿਓੜੀ ਹੈ ਅਤੇ ਇਸ ਤੋਂ ਅੱਗੇ ਵਧ ਕੇ ਭਵਿੱਖ ਦੇ ਨਸ਼ਈ ਬਣਨ ਦੀ ਪੂਰਨ ਸੰਭਾਵਨਾ ਹੈ। ਅਨੇਕਾਂ ਸਮਾਜਕ ਸੰਸਥਾਵਾਂ ਵੱਲੋਂ ਇਸ ਕਹਿਰੀ ਜ਼ਹਿਰ ਦੇ ਖਿਲਾਫ ਬੜਾ ਜ਼ੋਰਦਾਰ ਪ੍ਰਚਾਰ ਅਤੇ ਪ੍ਰਸਾਰ ਕਾਰਜ ਕੀਤਾ ਜਾ ਰਿਹਾ ਹੈ ਪਰ ਇਸ ਲਹਿਰ ਨੂੰ ਸਰਬ ਧਰਮ ਮੰਨਣ ਵਾਲਿਆਂ ਨੂੰ ਅਪਨਾਉਣਾ ਚਾਹੀਦਾ ਹੈ, ਕਿਉਂਕਿ ਨਸ਼ਾ ਵਿਰੋਧੀ ਕਾਫਲਾ ਹੀ ਮਾਨਵ ਹਿਤੈਸ਼ੀ ਹੋਣ ਦਾ ਹੱਕ ਰੱਖਦਾ ਹੈ। ਇਹ ਗੱਲ ਵੀ ਵਿਗਿਆਨੀ ਹੀ ਦੱਸਦੇ ਹਨ ਕਿ ਲੁਧਿਆਣੇ ਵਰਗੇ ਧੂੰਆਂਧਾਰ ਸ਼ਹਿਰ ਦਾ ਧੂੰਆਂ ਵੀ ਤੰਬਾਕੂ ਦੇ ਧੂੰਏਂ ਨਾਲੋਂ 20ਵਾਂ ਹਿੱਸਾ ਘੱਟ ਖਤਰਨਾਕ ਹੈ। ਜੇਕਰ ਅਸੀਂ ਇਸ ਗੱਲ ਨੂੰ ਸਮਝਦੇ ਅਤੇ ਜਾਣਦੇ ਹਾਂ ਤਾਂ ਇਸ ਦੇ ਖਿਲਾਫ ਲੋਕ ਲਾਮਬੰਦੀ ਕਰਨ ਲਈ ਕਿਉਂ ਨਹੀਂ ਤੁਰਦੇ? ਤੰਬਾਕੂ ਦੇ ਖਿਲਾਫ ਸਿਰਫ ਪ੍ਰਚਾਰ ਹੀ ਨਹੀਂ ਸਗੋਂ ਪ੍ਰੇਰਨਾ ਕੇਂਦਰ ਖੋਲ੍ਹ ਕੇ ਅਣਭੋਲ ਜਵਾਨੀਆਂ ਨੂੰ ਸਿੱਖਿਅਤ ਕਰਨ ਦੀ ਵੀ ਜ਼ਰੂਰਤ ਹੈ। ਸਕੂਲਾਂ, ਕਾਲਜਾਂ, ਧਰਮ ਅਸਥਾਨਾਂ, ਸਮਾਜਿਕ ਭਲਾਈ ਕੇਂਦਰਾਂ, ਸਰਕਾਰੀ ਦਫਤਰਾਂ, ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਤੇ ਵਿਕ ਰਹੇ ਇਸ ਜ਼ਹਿਰ ਦੇ ਖਿਲਾਫ ਕਾਰਵਾਈ ਕਰਨ ਲਈ ਸਰਕਾਰ ਨੂੰ ਤੁਰੰਤ ਹਰਕਤ ਵਿੱਚ ਆਉਣਾ ਚਾਹੀਦਾ ਹੈ।

ਤੰਬਾਕੂ ਦੇ ਖਿਲਾਫ ਹਰ ਵਰ੍ਹੇ ਵਿਸ਼ਵ ਪੱਧਰ 'ਤੇ ਇਕ ਦਿਹਾੜਾ ਨਿਸ਼ਚਿਤ ਹੈ। 31 ਮਈ ਦੇ ਦਿਨ ਇਸ ਦੇ ਖਿਲਾਫ ਬੜੀਆਂ ਤਕਰੀਰਾਂ ਹੁੰਦੀਆਂ ਹਨ। ਬੈਨਰ ਚੁੱਕ ਕੇ ਤਸਵੀਰਾਂ ਖਿਚਵਾਈਆਂ ਜਾਂਦੀਆਂ ਹਨ। ਅਖਬਾਰਾਂ ਦੇ ਕਾਲਮ ਇਸ ਦਿਨ ਬਹੁਤ ਕੁਝ ਬੋਲਦੇ ਹਨ ਪਰ ਕਹਾਣੀ ਉੱਥੇ ਦੀ ਉੱਥੇ ਹੀ ਅਟਕੀ ਹੋਈ ਹੈ। ਕੋਈ ਵੀ ਤੰਬਾਕ ਵੇਚਦਾ ਖੋਖਾ ਇਕ ਇੰਚ ਵੀ ਅੱਗੇ ਪਿੱਛੇ ਨਹੀਂ ਹੁੰਦਾ। ਆਖਰ ਅਸੀਂ ਸਾਰੇ ਜਣੇ ਕਿਸ ਨੂੰ ਧੋਖਾ ਦੇ ਰਹੇ ਹਾਂ, ਸਿਰਫ ਆਪਣੇ ਆਪ ਨੂੰ। ਤੰਬਾਕੂ ਪੀਣ ਵਾਲਾ ਵਿਅਕਤੀ ਹੀ ਸਿਰਫ ਇਸ ਦੇ ਮਾਰੂ ਅਸਰ ਤੋਂ ਪੀੜਤ ਨਹੀਂ ਹੁੰਦਾ ਸਗੋਂ ਇਸ ਦੇ ਧੂੰਏਂ ਵਿੱਚ ਸ਼ਾਮਲ ਜ਼ਹਿਰੀਲੇ ਕਣ ਕਿਸੇ ਕੋਲੋਂ ਲੰਘਦੇ ਆਦਮੀ ਨੂੰ ਵੀ ਬੀਮਾਰੀ ਦਾ ਤੋਹਫਾ ਦੇ ਸਕਦੇ ਹਨ। ਇਹ ਗੱਲ ਸਾਰੇ ਹੀ ਜਾਣਦੇ ਹਨ ਕਿ ਇਸ ਤੰਕਾਬੂਨੋਸ਼ੀ ਕਾਰਨ ਹਰ ਵਰ੍ਹੇ ਕਿੰਨੇ ਘਰਾਂ ਦੇ ਸੁਹਾਗ ਉੱਜੜਦੇ ਹਨ, ਬੱਚੇ ਅਨਾਥ ਹੁੰਦੇ ਹਨ ਪਰ ਸਾਡੀ ਢੀਠਤਾਈ ਦੀ ਹੱਦ ਇਹ ਹੈ ਕਿ ਤੰਬਾਕੂ ਪੀ ਪੀ ਕੇ ਫੇਫੜੇ ਦਾ ਕੈਂਸਰ ਕਰਵਾ ਕੇ ਮਰੇ ਆਦਮੀ ਦੀ ਮਾਤਮ ਪੁਰਸੀ ਵੇਲੇ ਵੀ ਸਾਡੇ ਮੂੰਹੋਂ ਸੱਚ ਨਹੀਂ ਨਿਕਲਦਾ ਕਿ ਇਹ ਭੱਦਰ ਪੁਰਸ਼ ਕਿਸ ਕਰਤੂਤ ਕਰਕੇ ਮਰਿਆ ਹੈ। ਸਗੋਂ ਇਹੀ ਆਖਦੇ ਹਾਂ ਕਿ ਇਸ ਦੀ ਕਿਸਮਤ ਵਿੱਚ ਹੀ ਥੋੜ੍ਹੀ ਉਮਰ ਲਿਖੀ ਹੋਈ ਸੀ। ਇਹ ਕਦੇ ਨਹੀਂ ਆਖਦੇ ਕਿ ਤੰਬਾਕੂ ਇਸ ਦੀ ਉਮਰ ਨੂੰ ਹਰ ਰੋਜ਼ ਘਟਾਈ ਗਿਆ ਜਿਸ ਲਈ ਮਰਨ ਵਾਲਾ ਵਿਅਕਤੀ ਇਕੱਲਾ ਜ਼ਿੰਮੇਵਾਰ ਨਹੀਂ ਸਗੋਂ ਅਸੀਂ ਸਾਰੇ ਹੀ ਉਸ ਦੇ ਕਾਤਲ ਹਾਂ ਜਿਨ੍ਹਾਂ ਨੇ ਨਸ਼ਾ ਰਹਿਤ ਸਮਾਜ ਸਿਰਜਣ ਵਿੱਚ ਦੇਰੀ ਕੀਤੀ ਹੈ। ਕਈ ਕਾਹਲੇ ਲੋਕ ਇਹ ਵੀ ਆਖਦੇ ਹਨ ਕਿ ਨਸ਼ਿਆਂ ਦੇ ਖਿਲਾਫ ਕਾਨੂੰਨ ਨੂੰ ਸਖਤੀ ਵਰਤਣੀ ਚਾਹੀਦੀ ਹੈ ਪਰ ਅਜਿਹਾ ਆਖ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਹਾਂ। ਕਾਨੂੰਨ ਦੀ ਸਖਤੀ ਇੱਕ ਪਹਿਲੂ ਹੈ, ਬਾਕੀ ਜ਼ਿੰਮੇਵਾਰੀ ਸਮਾਜ ਦੇ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਇਸ ਭਿਆਨਕ ਨਸ਼ੇ ਦੀ ਭਿਆਨਕਤਾ ਬਾਰੇ ਚੇਤਨਾ ਹੈ। ਕਾਨੂੰਨੀ ਸਖਤੀ ਤੀਕ ਨੌਬਤ ਹੀ ਕਿਉਂ ਆਵੇ?

ਇਹ ਗੱਲ ਸਾਡੇ ਲੋਕ ਗੀਤਾਂ ਵਿੱਚ ਵੀ ਵਾਰ ਵਾਰ ਆਈ ਹੈ ਕਿ ਨਸ਼ਿਆਂ ਨੇ ਲੱਖਾਂ ਘਰ ਗਾਲੇ ਹਨ ਅਤੇ ਨਸ਼ਿਆਂ ਦੀ ਬਰਬਾਦੀ ਨਾਲ ਵਸਦੇ ਰਸਦੇ ਘਰ ਉਜਾੜ ਬੀਆਬਾਨ ਬਣ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸ਼ਰਾਬ ਵਰਗੇ ਨਸ਼ੇ ਦਾ ਸੂਬਿਆਂ ਦੀ ਆਰਥਿਕਤਾ ਲਈ ਮੁੱਖ ਕਮਾਈ ਸਾਧਨ ਬਣ ਜਾਣਾ ਵੀ ਅਫਸੋਸਨਾਕ ਪਹਿਲੂ ਹੈ। ਤੁਸੀਂ ਆਪ ਸੋਚੋ ਜਿਸ ਸ਼ਰਾਬ ਦੀ ਕਮਾਈ ਨਾਲ ਸੂਬਿਆਂ ਦਾ ਰਾਜ ਪ੍ਰਬੰਧ ਚੱਲ ਰਿਹਾ ਹੋਵੇ, ਉੱਥੇ ਨਸ਼ਾਬੰਦੀ ਦਾ ਸੁਪਨਾ ਕਿਵੇਂ ਲਿਆ ਜਾ ਸਕਦਾ ਹੈ। ਅਸੀਂ ਆਪਣੇ ਲੋਕਾਂ ਨੂੰ ਇਸ ਹੱਦ ਤੱਕ ਨਸ਼ਿਆਂ ਦਾ ਗੁਲਾਮ ਬਣਾ ਲਿਆ ਹੈ ਕਿ ਨਸ਼ਾ ਨਾ ਮਿਲਣ ਦੀ ਸੂਰਤ ਵਿੱਚ ਉਹ ਕੁਝ ਵੀ ਕਰ ਸਕਦੇ ਹਨ। ਗੁਆਂਢੀ ਰਾਜ ਹਰਿਆਣਾ ਵਿੱਚ ਕੁਝ ਸਮੇਂ ਲਈ ਕੀਤੀ ਨਸ਼ਾਬੰਦੀ ਨੇ ਜਿੱਥੇ ਇਸ ਸੁਪਨੇ ਦੇ ਸੁਪਨਕਾਰ ਨੂੰ ਰਾਜ ਗੱਦੀ ਤੋਂ ਲਾਂਭੇ ਹਟਾਇਆ ਉੱਥੇ ਕਰੋੜਾਂ ਰੁਪਏ ਦੀ ਸ਼ਰਾਬ ਨਜਾਇਜ਼ ਰੂਪ ਵਿੱਚ ਵਿਕਣ ਦਾ ਵੀ ਉਲਾਂਭਾ ਖੱਟਿਆ। ਸਾਡੇ ਹੁਕਮਰਾਨ ਭਾਵੇਂ ਕਿਸੇ ਵੀ ਸਿਆਸੀ ਰੰਗ ਦੇ ਹੋਣ, ਹੁਣ ਕਦੇ ਵੀ ਇਹ ਖਤਰਾ ਮੁੱਲ ਨਹੀਂ ਲੈਣਗੇ ਕਿ ਨਸ਼ਾਬੰਦੀ ਕਰਕੇ ਰਾਜ ਭਾਗ ਨੂੰ ਹੱਥੋਂ ਛੱਡਿਆ ਜਾਵੇ, ਜਵਾਨੀ ਭਾਵੇਂ ਤਬਾਹ ਹੋ ਜਾਵੇ। ਇਕ ਗੀਤ ਸੁਣਿਆ ਸੀ।

"ਅੱਗੇ ਰਾਹੀ ਰਾਹ ਪੁੱਛਦੇ,
ਹੁਣ ਪੁੱਛਦੇ ਸ਼ਰਾਬ ਵਾਲੇ ਠੇਕੇ।"

ਪਰ ਹੁਣ ਇਹ ਗੱਲ ਸਿਰਫ ਗੀਤਾਂ ਵਿੱਚ ਹੀ ਸੱਚ ਲੱਗਦੀ ਹੈ ਕਿਉਂਕਿ ਹੁਣ ਸ਼ਰਾਬੀਆਂ ਨੂੰ ਠੇਕਾ ਪੁੱਛਣ ਦੀ ਲੋੜ ਨਹੀਂ, ਹਰ ਚੌਕ ਵਿੱਚ ਹੀ ਠੇਕਾ ਹੈ। ਉਸ ਤੋਂ ਬਚ ਕੇ ਕੋਈ ਵੀ ਸ਼ਰਾਬੀ ਘਰ ਕਿਵੇਂ ਸੁੱਕਾ ਪਹੁੰਚ ਸਕਦਾ ਹੈ। ਪਿਛਲੇ ਦਿਨੀਂ ਲੰਮਾ ਸਮਾਂ ਸ਼ਰਾਬ ਪੀ ਕੇ ਗੁਰਦਿਆਂ ਦੀ ਬੀਮਾਰੀ ਸਹੇੜੀ ਬੈਠੇ ਇੱਕ ਸੱਜਣ ਨੇ ਬੜੇ ਕਸ਼ਟ ਨਾਲ ਇਹ ਗੱਲ ਦੱਸੀ ਕਿ ਸ਼ਰਾਬ ਦਾ ਠੇਕਾ ਜੇ ਘਰ ਦੇ ਨੇੜੇ ਨਾ ਹੁੰਦਾ ਤਾਂ ਮੇਰੀ ਇਹ ਹਾਲਤ ਨਾ ਹੁੰਦੀ।

"ਦੱਸ ਨੀ ਸ਼ਰਾਬ ਦੀਏ ਬੋਤਲੇ ਕਮੀਨੀਏ,
ਮੈਂ ਤੈਨੂੰ ਪੀਂਦਾ ਹਾਂ ਜਾਂ ਤੂੰ ਮੈਨੂੰ ਪੀਨੀ ਏਂ।"

ਇਹ ਗੱਲ ਵਿਚਾਰਨ ਵਾਲੀ ਹੈ ਕਿ ਅਸੀਂ ਕਿੰਨਾ ਕੁ ਚਿਰ ਇਸ ਨਸ਼ੇ ਦੀ ਵਿਕਰੀ ਕਰ ਕਰ ਕੇ ਰਾਜ ਪ੍ਰਬੰਧ ਦੀਆਂ ਜਰਜਰੀਆਂ ਕੋਠੜੀਆਂ ਨੂੰ ਠੁੰਮ੍ਹਣਾ ਦੇਈ ਰੱਖਾਂਗੇ। ਅਖੀਰ ਸਾਨੂੰ ਆਪਣੇ ਨਿਜ਼ਾਮ ਦੀ ਛੱਤ ਹੇਠਾਂ ਪਾਏਦਾਰ ਆਰਥਿਕ ਕੰਧਾਂ ਦੀ ਉਸਾਰੀ ਕਰਨੀ ਪਵੇਗੀ।

ਇਹ ਗੱਲ ਵੀ ਵਿਚਾਰ ਮੰਗਦੀ ਹੈ ਕਿ ਅਸੀਂ ਨਸ਼ਿਆਂ ਨੂੰ ਕਿਸੇ ਖੁਸ਼ੀ ਨੂੰ ਮਨਾਉਣ ਜਾਂ ਗਮੀ ਨੂੰ ਦੂਰ ਕਰਨ ਦਾ ਵਸੀਲਾ ਕਿਉਂ ਬਣਾਇਆ ਹੈ? ਕੀ ਅਸੀਂ ਇਸ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਦੇ। ਸਾਨੂੰ ਇਹ ਵਿਚਾਰਨਾ ਪਵੇਗਾ ਕਿ ਆਪਣੇ ਘਰਾਂ ਵਿੱਚ ਸ਼ਰਾਬ ਰੁਤਬੇ ਦੀ ਬੁਲੰਦੀ ਦਾ ਸਬੂਤ ਬਣ ਕੇ ਪੇਸ਼ ਨਾ ਹੋਵੇ ਸਗੋਂ ਇਸ ਨੂੰ ਇਕ ਮਾਨਸਿਕ ਕਮਜ਼ੋਰੀ ਸਮਝ ਕੇ ਪਛਾਣਿਆ ਜਾਵੇ।

ਕੋਈ ਸਮਾਂ ਸੀ ਜਦ ਸ਼ਰਾਬ ਪੀਣ ਵਾਲਾ ਆਦਮੀ ਆਪਣੇ ਘਰ ਮੂੰਹ ਘੁੱਟ ਕੇ ਵੜਦਾ ਸੀ ਕਿ ਕਿਤੇ ਮੇਰੀ ਪਤਨੀ, ਜਵਾਨ ਪੁੱਤਰ ਜਾਂ ਮੁਟਿਆਰ ਧੀ ਨੂੰ ਇਸ ਦੀ ਬਦਬੂ ਨਾ ਆ ਜਾਵੇ। ਪਰ ਹੁਣ ਘਰ ਆਏ ਮਹਿਮਾਨ ਦੀ ਉਡੀਕ ਕਈ ਵਾਰ ਸਿਰਫ ਇਸ ਵਾਸਤੇ ਕੀਤੀ ਜਾਂਦੀ ਹੈ ਕਿ ਕੋਈ ਮਹਿਮਾਨ ਆ ਜਾਵੇ, ਘੜੀ ਬੈਠਾਂਗੇ, ਪੀਵਾਂਗੇ। ਬਹੁਤ ਸਾਰੇ ਨਵੇਂ ਅਮੀਰ ਹੋਏ ਸ਼ਹਿਰੀ ਘਰਾਂ ਵਿੱਚ ਜਿੱਥੇ ਪੂਜਾ ਸਥਾਨਾਂ ਦੀਆਂ ਉਸਾਰੀਆਂ ਵੀ ਜ਼ੋਰਾਂ 'ਤੇ ਹਨ ਉਨ੍ਹਾਂ ਹੀ ਘਰਾਂ ਵਿੱਚ ਬਹੁਤ ਥਾਈਂ ਸ਼ਰਾਬ ਦੇ ਲੁਕਵੇਂ ਪ੍ਰਬੰਧ ਕੀਤੇ ਹੋਏ ਮੈਂ ਖੁਦ ਵੇਖੇ ਹਨ। ਕਿਸੇ ਨੇ ਨਹਾਉਣ ਵਾਲੇ ਗੁਸਲਖਾਨੇ ਦੀ ਟੈਂਕੀ ਵਿੱਚ ਬੋਤਲ ਲੁਕਾਈ ਹੋਈ ਹੈ, ਕਿਸੇ ਨੇ ਕਿਤਾਬਾਂ ਵਾਲੀ ਅਲਮਾਰੀ ਦੇ ਪਿਛਵਾੜੇ ਲੁਕਵੇਂ ਖਾਨੇ ਬਣਾਏ ਹੋਏ ਨੇ। ਕੀ ਅਸੀਂ ਇਸ ਦੋਗਲੀ ਜ਼ਿੰਦਗੀ ਤੋਂ ਮੁਕਤ ਨਹੀਂ ਹੋ ਸਕਦੇ? ਅਸਲ ਵਿੱਚ ਉਸ ਭਟਕਣ ਤੋਂ ਮੁਕਤੀ ਦੀ ਲੋੜ ਹੈ ਜੋ ਸਾਨੂੰ ਆਪਣੇ ਆਪ ਦੇ ਰੂਬਰੂ ਨਹੀਂ ਹੋਣ ਦਿੰਦੀ।

ਇਹ ਗੱਲ ਭਾਵੇਂ ਕੌੜੀ ਲੱਗੇ ਪਰ ਇਹ ਹਜ਼ਮ ਕਰਨੀ ਹੀ ਪਵੇਗੀ ਕਿ ਜਿੰਨਾ ਚਿਰ ਨਸ਼ਾ ਕਰਨ ਵਾਲੇ ਪੁੱਤਰ, ਬਾਪ ਜਾਂ ਪਤੀ ਨੂੰ ਔਰਤ ਨੱਥ ਨਹੀਂ ਪਾਉਂਦੀ, ਉਨ੍ਹਾ ਚਿਰ ਇਸ ਕੋਹੜ ਤੋਂ ਮੁਕਤੀ ਹਾਸਲ ਨਹੀਂ ਹੋ ਸਕਦੀ। ਜੇਕਰ ਪੰਜਾਬ ਦੀਆਂ ਔਰਤਾਂ ਹੀ ਇਕੱਠੀਆਂ ਹੋਣ ਦੀ ਥਾਂ ਆਪੋ ਆਪਣੇ ਘਰੀਂ ਸ਼ਰਾਬਬੰਦੀ ਦਾ ਬਿਗਲ ਵਜਾ ਦੇਣ ਤਾਂ 50 ਫੀ ਸਦੀ ਨਸ਼ਾਬੰਦੀ ਇਕ ਰਾਤ ਵਿੱਚ ਹੀ ਸੰਭਵ ਹੈ। ਬਦੇਸ਼ਾਂ ਵਿੱਚ ਪੰਜਾਬੀ ਭਰਾ ਆਪਣੀਆਂ ਪਤਨੀਆਂ ਨੂੰ ਪਾਰਟੀਆਂ ਵਿਚ ਜ਼ਰੂਰ ਲੈ ਕੇ ਜਾਂਦੇ ਨੇ। ਕਾਰਨ ਇਹ ਨਹੀਂ ਕਿ ਸਤਿਕਾਰ ਹੈ, ਸਗੋਂ ਇਹ ਹੈ ਕਿ ਪਾਰਟੀ ਮਗਰੋਂ ਸ਼ਰਾਬੀ ਪਤੀ ਨੂੰ ਕਾਰ 'ਤੇ ਲੱਦ ਕੇ ਵੀ ਵਾਪਸ ਘਰ ਲਿਆਉਣਾ ਹੈ। ਸ਼ਰਾਬ ਪੀ ਕੇ ਕਾਰ ਚਲਾਉਣ ਦੀ ਮਨਾਹੀ ਹੋਣ ਕਾਰਨ ਪੰਜਾਬੀ ਵੀਰਾਂ ਨੇ ਇਹ ਰਾਹ ਕੱਢ ਲਾ ਹੈ। ਨਸ਼ੇ ਵਿੱਚ ਗਲਤਾਨ ਆਦਮੀ ਆਪਣੇ ਘਰਾਂ ਨੂੰ

ਬਾਕੀ ਸਫ਼ਾ 29 'ਤੇ

# ਨੌਜਵਾਨ, ਨਿਰਾਸ਼ਾ ਅਤੇ ਨਸ਼ੇ

**ਡਾ. ਸ਼ਿਆਮ ਸੁੰਦਰ ਦੀਪਤੀ**

ਅੱਜ ਜਦੋਂ ਅਸੀਂ ਆਪਣੇ ਸਮਾਜ ਵਿਚ, ਆਪਣੇ ਨੌਜਵਾਨਾਂ, ਆਪਣੇ ਦੇਸ਼ ਪਰਿਵਾਰ ਦੀ ਸਭ ਤੋਂ ਸਮਰੱਥ ਉਮਰ-ਪੜਾਅ ਦੇ ਬੱਚਿਆਂ ਵੱਲ ਦੇਖਦੇ ਹਾਂ ਤਾਂ ਨਿਰਾਸ਼ਾ ਅਤੇ ਨਸ਼ੇ ਜਿਵੇਂ ਨੌਜਵਾਨਾਂ ਦੇ ਅਨਿੱਖੜਵਾਂ ਹਿੱਸਾ ਲਗਦੇ ਹਨ। ਇਹ ਤਸਵੀਰ ਇਸ ਲਈ ਬਣਦੀ ਹੈ ਕਿ ਨਸ਼ੇ ਦੇ ਸ਼ਿਕਾਰ ਲੋਕਾਂ ਵਿੱਚੋਂ ਇਹ ਸਭ ਤੋਂ ਵਧ ਗਿਣਤੀ ਵਿਚ ਹਨ। ਅੱਜ ਦੀ ਤਾਰੀਖ ਵਿਚ, ਤਕਰੀਬਨ ਦੋ-ਤਿਹਾਈ ਨਸ਼ੇ ਕਰਨ ਵਾਲੇ 15 ਤੋਂ 35 ਸਾਲ ਦੀ ਉਮਰ ਵਿੱਚੋਂ ਹਨ। ਇਸੇ ਤਰ੍ਹਾਂ ਹੀ ਆਤਮ ਹੱਤਿਆ ਦੀ ਗੱਲ ਕਿਸਾਨਾਂ ਦੇ ਪੱਖ ਤੋਂ ਭਾਵੇਂ ਅਖ਼ਬਾਰੀ ਸੁਰਖੀਆਂ ਬਣਦੀ ਹੈ, ਪਰ ਕੁੱਲ ਆਤਮ-ਹੱਤਿਆਵਾਂ ਵਿੱਚੋਂ ਸਭ ਤੋਂ ਵੱਧ 15 ਤੋਂ 24 ਸਾਲ ਦੀ ਉਮਰ ਦੌਰਾਨ ਹੁੰਦੀਆਂ ਹਨ।

ਇਸ ਉਮਰ ਨੂੰ ਲੈ ਕੇ, ਨਸ਼ਿਆਂ ਪ੍ਰਤੀ ਸਾਡੀ ਚਿੰਤਾ ਵਿਸ਼ੇਸ਼ ਬਣਦੀ ਹੈ, ਕਿਉਂਕਿ ਜੇ ਬੱਚਾ ਨਸ਼ੇ ਕਰ ਰਿਹਾ ਹੈ ਤਾਂ ਇਕ ਨਕਾਰਾ ਵਿਅਕਤੀ ਦੇ ਰੂਪ ਵਿਚ ਜਿੰਦਾ ਹੈ। ਉਹ ਘਰ-ਸਮਾਜ ਵਿੱਚ ਸਾਨੂੰ ਤੁਰਦਾ ਹੋਇਆ ਦਿਸਦਾ ਹੈ। ਉਹੀ ਬੱਚਾ, ਪਰਿਵਾਰ, ਜਿਸ ਦੇ ਸਹਾਰੇ ਸੁਪਨੇ ਦੇਖਦੇ ਹਨ, ਭਵਿੱਖ ਵਿੱਚ ਜਿਸ ਨੇ ਪਰਿਵਾਰ ਨੂੰ ਸਾਂਭਣਾ ਸੀ, ਅੱਜ ਉਸ ਨੂੰ ਮਾਂ-ਬਾਪ ਸਾਂਭ ਰਹੇ ਹਨ। ਇਨ੍ਹਾਂ ਹਾਲਾਤ 'ਤੇ ਚਿੰਤਾ



ਹੈ, ਚਿੰਤਨ ਨਹੀਂ ਹੈ। ਚਿੰਤਾ ਦਾ ਪਹਿਲੂ ਗੁੱਸਾ ਦਿਵਾਉਂਦਾ ਹੈ, ਖਿਝ ਅਤੇ ਨਿਰਾਸ਼ਾ ਨੂੰ ਜਨਮ ਦਿੰਦਾ ਹੈ। ਇਹ ਗੁੱਸਾ ਜਦੋਂ ਨੌਜਵਾਨਾਂ 'ਤੇ ਨਿਕਲਦਾ ਹੈ, ਤਾਂ ਨੌਜਵਾਨ ਅਜਿਹੀ ਹਾਲਤ ਵਿਚ ਸਗੋਂ ਹੋਰ ਡੂੰਘਾ ਫਸਦਾ ਹੈ। ਕਿਤੇ ਵੀ ਇਸ ਉਮਰ ਦੀ ਇਸ ਵਿਸ਼ੇਸ਼ ਹਾਲਤ ਨੂੰ ਨਹੀਂ ਸਮਝਿਆ ਜਾ ਰਿਹਾ।

ਨੌਜਵਾਨੀ ਦੀ ਉਮਰ, ਜਦੋਂ ਬਹੁਤ ਤੇਜ਼ੀ ਨਾਲ ਸਰੀਰ ਦਾ ਵਿਕਾਸ ਹੁੰਦਾ ਹੈ, ਸਿਰਫ ਕੱਦ-ਕਾਠ ਹੀ ਨਹੀਂ ਸਗੋਂ ਸੈਕਸ ਅੰਗ, ਮਨ ਅਤੇ ਸਮਾਜਿਕ ਰਿਸ਼ਤਿਆਂ ਪ੍ਰਤੀ ਸਮਝ ਅਤੇ ਬੌਧਿਕ ਵਿਕਾਸ ਵੀ ਹੁੰਦਾ ਹੈ। ਇਹ ਸਾਰੇ ਪਹਿਲੂ ਨਵੇਂ, ਵੱਖਰੇ ਤੇ ਵਿਸ਼ੇਸ਼ ਹੋਣ ਕਰਕੇ ਬੱਚਿਆਂ ਦੀ ਸਮਝ ਤੋਂ ਦੂਰ ਹੋਣ ਕਾਰਨ ਪਰੇਸ਼ਾਨ ਕਰਦੇ ਹਨ। ਇਨ੍ਹਾਂ ਤਬਦੀਲੀਆਂ ਪ੍ਰਤੀ ਉਸ ਦੇ ਮਨ ਵਿੱਚ ਸਵਾਲ ਉੱਠਦੇ ਹਨ। ਉਹ ਇਨ੍ਹਾਂ ਸਵਾਲਾਂ ਬਾਰੇ ਜਾਨਣਾ ਚਾਹੁੰਦਾ ਹੈ। ਇਨ੍ਹਾਂ ਨੂੰ ਜਾਨਣ ਦਾ ਸੁਖਾਵਾਂ ਮਾਹੌਲ ਨਾ ਹੋਣ ਕਰਕੇ, ਉਹ ਹੋਰ ਬੇਚੈਨ/ਪਰੇਸ਼ਾਨ ਹੋ ਜਾਂਦਾ ਹੈ।

ਇਹ ਤਬਦੀਲੀਆਂ ਅਨੇਕਾਂ ਅਹਿਸਾਸਾਂ ਨੂੰ ਸਮੋਈ ਬੈਠੀਆਂ ਹੁੰਦੀਆਂ ਹਨ। ਕੱਦ-ਕਾਠ ਦਾ ਵਧਣਾ, ਸੰਪੂਰਨ ਵਿਅਕਤੀ, ਵੱਡੇ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਮਨ ਆਪਣੇ ਆਪ ਨਾਲ ਰੂਬਰੂ ਹੋਣਾ ਚਾਹੁੰਦਾ ਹੈ। ਆਪਣੇ ਆਪ ਤੋਂ ਸਵਾਲ ਪੁੱਛਦਾ ਹੈ। ਆਪਣੀ ਭੂਮਿਕਾ ਤਲਾਸ਼ ਕਰਦਾ ਹੈ। ਵਿਰੋਧੀ ਸੈਕਸ ਪ੍ਰਤੀ ਖਿੱਚ, ਦੋਸਤਾਂ ਨਾਲ ਜੁੜਣ ਦੀ ਭਾਵਨਾ ਅਤੇ ਸਭ ਤੋਂ ਵਿਸ਼ੇਸ਼ ਅਤੇ ਮੁਸ਼ਕਿਲ ਖੜ੍ਹੀ ਕਰਨ ਵਾਲਾ ਹੈ ਬੁੱਧੀ ਦਾ ਵਿਕਾਸ। ਹਰ ਵਰਤਾਰੇ ਪ੍ਰਤੀ ਸਵਾਲ - ਮੇਰੇ ਨਾਲ ਹੀ ਕਿਉਂ? ਕਿਉਂ ਜੇ ਮੈਂ ਚਾਹੁੰਦਾ, ਉਹ ਸੁਣਿਆ ਨਹੀਂ ਜਾ ਰਿਹਾ ਜਾਂ ਕਿਉਂ ਇਹ ਗੱਲ ਮੇਰੇ 'ਤੇ ਥੋਪੀ ਜਾ ਰਹੀ ਹੈ?

ਲੋੜ ਹੈ ਇਹਨਾਂ ਪਹਿਲੂਆਂ ਦੇ ਪ੍ਰਸ਼ਨਾਂ ਤਹਿਤ ਨੌਜਵਾਨਾਂ ਨਾਲ ਰੂਬਰੂ ਹੋਣ ਦੀ। ਚਾਹੀਦਾ ਤਾਂ ਇਹ ਹੈ ਕਿ ਅਸੀਂ ਸਿਆਣੇ ਅਤੇ ਵੱਧ ਤਜ਼ਰਬੇਕਾਰ ਹੋਣ ਦੇ ਨਾਤੇ, ਵਿਕਾਸ ਪੜਾਅ ਤੋਂ ਜਾਣੂ ਅਤੇ ਉਸ ਦੇ ਪਤਾ ਹੁੰਦੇ, ਉਸ ਪੜਾਅ ਦੇ ਆਉਣ ਤੋਂ ਪਹਿਲਾਂ ਹੀ, ਨਹੀਂ ਤਾਂ ਨਾਲੋਂ-ਨਾਲ ਹੀ ਉਨ੍ਹਾਂ ਨੂੰ ਸੁਚੇਤ ਕਰੀਏ। ਨੌਜਵਾਨਾਂ ਦੀ ਪਰੇਸ਼ਾਨੀ ਨੂੰ ਉਨ੍ਹਾਂ ਦੀ ਚੁੱਪ ਵਿੱਚੋਂ ਸਮਝੀਏ। ਉਨ੍ਹਾਂ ਨੂੰ ਪ੍ਰੇਰਿਤ ਕਰੀਏ ਕਿ ਉਹ ਆਪਣੀ ਪਰੇਸ਼ਾਨੀ ਖੁੱਲ੍ਹ ਕੇ ਸਾਂਝੀ ਕਰਨ। ਜੇਕਰ ਅਜਿਹਾ ਮਾਹੌਲ ਨਹੀਂ ਹੋਵੇਗਾ, ਬੱਚਾ ਬੇਚੈਨ-ਪਰੇਸ਼ਾਨ ਹੋਵੇਗਾ ਹੀ ਤੇ ਫਿਰ ਨਿਰਾਸ਼ਾ ਦੇ ਘੇਰੇ ਵਿੱਚ ਆ ਜਾਵੇਗਾ, ਜੋ ਕਿ ਹੋ ਰਿਹਾ ਹੈ।

ਇਸ ਉਮਰ 'ਤੇ ਲੋੜ ਹੁੰਦੀ ਹੈ, ਇਕ ਰੋਲ-ਮਾਡਲ ਦੀ। ਪਹਿਲਾਂ ਰੋਲ-ਮਾਡਲ ਮਾਪੇ ਹੋਣ, ਅਧਿਆਪਕ ਹੋਣ। ਪੰਦਰਾਂ-ਸੋਲਾਂ ਸਾਲ ਦੀ ਉਮਰ ਵਿੱਚ ਬੱਚੇ ਦੇ ਵਿਕਾਸ ਤਹਿਤ ਉਹ ਹੁਣ ਘਟਨਾਵਾਂ, ਵਰਤਾਰਿਆਂ, ਵਿਵਹਾਰ ਅਤੇ ਗੱਲਾਂ ਨੂੰ ਸਮਝਣ ਲਗਦਾ ਹੈ ਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਦਾ ਹੈ। ਉਸ ਨੂੰ ਆਪਣੇ ਆਲੇ ਦੁਆਲੇ ਦੇ ਕਿਰਦਾਰਾਂ ਵਿਚ ਖੋਟ ਦਿਸਦਾ ਹੈ। ਉਸ ਨੂੰ ਸਮਾਜ ਦੀ ਸਮਝ ਆ ਰਹੀ ਹੁੰਦੀ ਹੈ। ਰਾਜਨੇਤਾ, ਧਾਰਮਿਕ ਪ੍ਰਵਚਨ, ਸਮਾਜ ਸੇਵੀ ਤਕਰੀਰਾਂ ਆਦਿ ਸਭ ਪਖੰਡ ਲਗਦੇ ਹਨ। ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ ਵੀ ਤੋੜਦਾ ਹੈ।

ਨੌਜਵਾਨ ਨੂੰ ਆਪਣੀ ਪੜ੍ਹਾਈ ਸੁਪਨੇ ਦਿਖਾਉਂਦੀ ਹੈ। ਮਾਂ-ਪਿਉ ਮਹਿੰਗੀ ਤੋਂ ਮਹਿੰਗੀ ਪੜ੍ਹਾਈ ਮਗਰੋਂ, ਵੱਡਾ ਅਫਸਰ ਅਤੇ ਚੰਗੀ ਸੈਲਰੀ ਵਾਲੀ ਨੌਕਰੀ ਦੀ ਆਸ ਕਰਦੇ ਹਨ। ਨੌਜਵਾਨ ਦੋਵਾਂ ਸਚਾਈਆਂ ਦਾ ਸਾਹਮਣਾ ਕਰਦਾ ਹੈ। ਉਹ ਦੇਖਦਾ ਹੈ ਕਿ ਰੰਗ-ਬਿਰੰਗੇ ਸ਼ੀਸ਼ੇਦਾਰ ਵਿੱਦਿਅਕ ਅਦਾਰੇ ਅਤੇ ਨੌਕਰੀ ਦੀ ਹਾਲਤ ਖਸਤਾ ਹੈ। ਉਸ ਨੂੰ ਲਗਦਾ ਹੈ ਦੋਵੇਂ ਹੀ ਬਾਜ਼ਾਰ ਨੇ। ਵਿੱਦਿਆ ਦੇ ਕੇਂਦਰ ਵੀ ਲੁੱਟ ਦੀਆਂ ਦੁਕਾਨਾਂ ਨੇ ਤੇ ਨੌਕਰੀਆਂ ਦਾ ਮਿਲਣਾ (ਪਲੇਸਮੈਂਟ) ਝਾਂਸਾ ਵੱਧ ਨੇ।

ਬਾਕੀ ਸਫ਼ਾ 29 'ਤੇ

# ਦੇਵਤਿਆਂ ਦੀ ਧਰਤੀ 'ਤੇ ਨਾਰੀ ਦੀ ਹੋਣੀ

**ਡਾ. ਹਰਚੰਦ ਸਿੰਘ ਸਰਹਿੰਦੀ**

ਨਾਰੀ ਦਾ ਨਾਂ ਲੈਂਦਿਆਂ ਹੀ, ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਇਸਤਰੀ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ, ਨਾਨਕ ਸਿੰਘ ਲਿਖਦਾ ਹੈ: 'ਓ ਇਸਤਰੀ! ਤੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ। ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿੱਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿੱਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿੱਚ। ਇਹ ਸਭ ਕੁਝ, ਹੇ ਇਸਤਰੀ! ਤੂੰ ਕਿੱਥੋਂ ਪ੍ਰਾਪਤ ਕਰ ਲਿਆ। (ਨਾਵਲ 'ਅੱਧ-ਖਿੜਿਆ ਫੁੱਲ' ਵਿੱਚੋਂ)।' ਗੱਲ ਕੀ ਔਰਤ ਕੁਦਰਤ ਦਾ ਇੱਕ ਅਜਿਹਾ ਅਦਭੁੱਤ ਤੇ ਰਹੱਸਮਈ ਕ੍ਰਿਸ਼ਮਾ ਹੈ, ਜੋ ਆਦਿ-ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦੀ ਹੈ। ਇੰਜ ਜਾਪਦਾ ਹੈ ਜਿਵੇਂ ਧਰਤੀ, ਬਲਦ ਦੇ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦੇ ਮੋਢਿਆਂ 'ਤੇ ਆ ਟਿਕੀ ਹੋਵੇ! ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ 'ਤੇ ਨਿਰਭਰ ਕਰਦਾ ਹੈ, ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿੱਚ। ਜ਼ਾਹਿਰ ਹੈ, ਔਰਤ, ਮਰਦ ਨੂੰ 'ਰੱਬ' ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਠ ਸੌਗਾਤ ਹੈ। ਔਰਤ ਨੂੰ ਸੰਸਾਰ ਰੂਪੀ ਬਾਗ਼ ਵਿੱਚ ਸਭ ਤੋਂ ਉੱਤਮ ਫੁੱਲ ਕਿਹਾ ਜਾ ਸਕਦਾ ਹੈ। ਇਹ ਸੰਸਾਰ ਕਦੇ ਏਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿੱਚ ਔਰਤ ਨਾ ਹੁੰਦੀ। ਸ਼ਿਵ ਕੁਮਾਰ ਬਟਾਲਵੀ ਨੇ ਕਿਹਾ ਸੀ: 'ਧਰਤੀ 'ਤੇ ਜੋ ਕੁਝ ਸੋਹਣਾ ਹੈ, ਉਸ ਦੇ ਪਿੱਛੇ ਨਾਰ ਅਵੱਸ਼ ਹੈ।' ਇਸ ਸਭ ਕੁਝ ਦੇ ਬਾਵਜੂਦ ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਤੇ ਸਮਾਜ ਵਿੱਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦੀ ਪਰਵਰਿਸ਼ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਉੱਤੇ ਤੁਰਨ ਦੀ ਲਾਲਸਾ ਨਾ ਜਾਗੇ। ਅਜੀਤ ਕੌਰ, ਜਿਸ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਕੇਂਦਰ-ਬਿੰਦੂ ਬਣਾਇਆ ਹੈ, 'ਖ਼ਾਨਾਬਦੋਸ਼' ਵਿੱਚ ਲਿਖਦੀ ਹੈ:

ਗੁਨਾਹਿ ਅੱਵਲ- ਔਰਤ ਹੋਣਾ
ਗੁਨਾਹਿ ਦੋਮ- ਇਕੱਲੀ ਔਰਤ
ਗੁਨਾਹਿ ਸੋਮ- ਇਕੱਲੀ ਤੇ ਆਪਣੀ ਰੋਟੀ ਆਪ ਕਮਾਉਂਦੀ ਔਰਤ
ਗੁਨਾਹਿ ਅਜ਼ੀਮ-ਤਰੀਨ- ਆਪਣੀ ਰੋਟੀ ਆਪ ਕਮਾਉਂਦੀ, ਜ਼ਹੀਨ, ਖ਼ੁਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿੱਚ।

ਔਰਤ ਪ੍ਰਤੀ ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿੱਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਪ੍ਰਾਚੀਨ ਸਾਹਿਤ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਨਾਥ-ਜੋਗੀਆਂ ਨੇ ਔਰਤ ਜਾਤ ਨੂੰ 'ਬੁਰੇ ਦੀ ਹੱਦ ਤੱਕ' ਭੰਡਿਆ ਹੈ, ਪਰ ਔਰਤ ਦੇ ਅਕਸ ਨੂੰ ਵਿਗਾੜਨ ਵਿੱਚ ਮਨੂੰ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਰਚਿਤ ਗ੍ਰੰਥ 'ਮਨੂੰ ਸਮ੍ਰਿਤੀ' ਔਰਤ ਲਈ ਤਾਂ ਜ਼ਹਿਰ ਦੀ ਗੰਦਲ ਹੈ। ਮਨੂੰ ਆਪਣੇ ਗ੍ਰੰਥ ਵਿੱਚ ਲਿਖਦਾ ਹੈ: ਵਿਆਹ ਤੋਂ ਬਾਅਦ ਇਸਤਰੀ 'ਤੇ ਏਨਾ ਭਾਰ ਪਾ ਦਿਓ ਕਿ ਉਸ ਨੂੰ ਕੁਝ ਸੁੱਝੇ ਹੀ ਨਾ। ਉਸ ਦਾ ਕੰਮ ਪਤੀ ਦੀ ਸੇਵਾ ਕਰਨਾ, ਬੱਚੇ ਜੰਮਣਾ, ਕੱਪੜੇ ਧੋਣਾ, ਰੋਟੀ ਪਕਾਉਣਾ, ਭਾਂਡੇ ਮਾਂਜਣਾ ਆਦਿ ਹੈ। ਦੂਜੇ ਪਾਸੇ ਮਨੂੰ ਨੇ ਮਰਦ ਨੂੰ ਖ਼ੂਬ ਖੁੱਲ੍ਹਾਂ ਬਖ਼ਸ਼ੀਆਂ ਹਨ। ਮਿਸਾਲ ਵਜੋਂ ਮਨੂੰ ਕਹਿੰਦਾ ਹੈ: ਜੇ ਪਤਨੀ ਮਰ ਜਾਵੇ ਤਾਂ ਪਤੀ ਨੂੰ ਚਾਹੀਦਾ ਹੈ ਕਿ ਪਤਨੀ ਨੂੰ ਅੱਗ ਦੀ ਭੇਟ ਕਰ ਦੇਣ ਤੋਂ ਬਾਅਦ ਦੂਜਾ ਵਿਆਹ ਕਰ ਲਵੇ। ਇਸ ਦੇ ਉਲਟ ਵਿਧਵਾ ਲਈ ਹਦਾਇਤ ਹੈ ਕਿ ਉਹ ਪਰਾਏ ਪੁਰਸ਼ ਦਾ ਕਦੇ ਨਾਂ ਵੀ ਨਾ ਲਵੇ।

ਜ਼ਾਹਿਰ ਹੈ ਕਿ ਔਰਤ ਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖ਼ਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖ਼ਲਾਕੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਤਹਿਤ ਔਰਤ ਦੀ ਹਰ ਗੱਲ ਦਾ ਫ਼ੈਸਲਾ ਮਰਦ ਨੇ ਕਰਨਾ ਹੁੰਦਾ ਹੈ। ਹੌਲੀ-ਹੌਲੀ ਗੱਲ ਇੱਥੇ ਤੱਕ ਅੱਪੜ ਗਈ ਕਿ 'ਜ਼ਰ, ਜੋਰੂ ਤੇ ਜ਼ਮੀਨ' ਨੂੰ ਇੱਕੋ ਨਜ਼ਰ ਨਾਲ ਵੇਖਿਆ ਜਾਣ ਲੱਗ ਪਿਆ। ਗੱਲ ਕੀ, ਮਨੂੰ ਨੇ ਔਰਤ ਨੂੰ ਇੱਕ ਨਿਰਜਿੰਦ ਵਸਤੂ ਬਣਾ ਦਿੱਤਾ; ਬਸ, ਭੋਗਣ ਦੀ ਇਕ ਵਸਤੂ। ਹੈਰਾਨੀ ਦੀ ਗੱਲ ਹੈ ਕਿ ਸਾਡੇ ਕਈ ਉੱਚ ਰੁਤਬੇ ਵਾਲੇ ਧਾਰਮਿਕ ਰਹਿਬਰਾਂ ਨੇ ਵੀ ਔਰਤ ਪ੍ਰਤੀ ਘਟੀਆ ਸੋਚ ਦਾ ਪਸਾਰਾ ਕੀਤਾ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਧਾਰਮਿਕ ਤੇ ਸਿਆਸੀ ਆਗੂ ਇਸ ਪੱਖੋਂ ਹੁਣ ਤੱਕ ਅਵੇਸਲੇ ਹੀ ਰਹੇ ਹਨ।

ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸਵਾਰਥ ਅਨੁਸਾਰ ਢਾਲਿਆ ਜਾਵੇ। ਇਸੇ ਕੁਟਿਲ ਨੀਤੀ ਤਹਿਤ ਮਰਦ ਨੇ ਇਸਤਰੀ ਦੇ ਸੁਭਾਅ ਬਾਰੇ ਇਹ ਢਕੌਂਸਲਾ ਘੜ ਲਿਆ ਹੈ ਕਿ ਇਸਤਰੀ ਨੂੰ ਕੁਦਰਤ ਨੇ ਕੁਝ ਇਸ ਤਰ੍ਹਾਂ ਬਣਾਇਆ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੇਵਲ ਇੱਕ ਨਾਲ ਪਿਆਰ ਕਰਦੀ ਹੈ ਅਤੇ ਉਸ ਉੱਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ। ਦੂਜੇ ਪਾਸੇ ਪੁਰਸ਼ ਦੇ ਸੁਭਾਅ ਬਾਰੇ ਮਰਦ ਦਾ ਕਹਿਣਾ ਹੈ ਕਿ ਪੁਰਸ਼ ਦੇ ਸੁਭਾਅ ਵਿੱਚ ਵੰਨ-ਸੁਵੰਨਤਾ ਹੈ। ਉਹ ਇੱਕ ਤੋਂ ਵੱਧ ਪਤਨੀਆਂ ਦੀ ਲਾਲਸਾ ਰੱਖਦਾ ਹੈ ਤੇ ਹਰ ਵੇਲੇ ਨਵੀਂ ਇਸਤਰੀ ਵੱਲ ਰੁਚਿਤ ਰਹਿੰਦਾ ਹੈ। ਪਰ ਅਸਲ ਵਿੱਚ ਇਹ ਸਭ ਮਰਦ ਦੀਆਂ ਕੁਚਾਲਾਂ ਹਨ। ਇਸਤਰੀ, ਮਰਦ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ, ਪਰ ਉਹ ਝਿਜਕਦੀ ਅਤੇ ਸੰਕੋਚ ਕਰਦੀ ਹੈ, ਕਿਉਂਕਿ ਉਹ ਇੱਕ ਭਾਰਤੀ ਨਾਰੀ ਹੈ।

ਦਰਅਸਲ, ਭਾਰਤੀ ਸਮਾਜ ਵਿੱਚ ਔਰਤ ਲਈ ਥਾਂ-ਥਾਂ 'ਤੇ ਬੰਦਿਸ਼ਾਂ ਹਨ। ਇੱਥੋਂ ਤੱਕ ਕਿ ਉਸ ਦੇ ਹੱਸਣ 'ਤੇ ਵੀ ਜਿੰਦਰੇ ਲੱਗੇ ਹੋਏ ਹਨ ਅਤੇ ਰੋਣ 'ਤੇ ਵੀ ਪਾਬੰਦੀਆਂ ਆਇਦ ਹਨ। ਜੇ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਚਲਿੱਤਰ ਕਰਦੀ ਹੈ। ਸਭ ਤੋਂ ਵਧ ਕੇ ਬਲਾਤਕਾਰ ਦੇ ਖ਼ਤਰੇ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਵਾਂ ਉੱਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੂੰ ਨੌਕਰੀ ਹਾਸਲ ਕਰਨ ਲਈ ਤੇ ਫਿਰ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ 'ਗ਼ਲਤ ਕੰਮ' ਕਰਨੇ ਪੈਂਦੇ ਹਨ। ਦੂਜਾ, ਔਰਤ ਚਾਹੇ ਕੰਮਕਾਰੀ ਹੋਵੇ ਜਾਂ ਘਰੇਲੂ, ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦਾ ਕਿਸੇ ਗੱਲੋਂ ਵਿਰੋਧ ਕਰਦੀ ਹੈ ਤਾਂ ਪਤੀ 'ਪਰਮੇਸ਼ਵਰ' ਉਸ ਦੇ ਵਿੰਗ-ਵਲ਼ ਕੱਢਣ ਲਈ ਡੰਡੋਰਕਾ ਚੁੱਕ ਕੇ, ਇੱਕ ਲੋਕਗੀਤ ਦੀ ਜ਼ੁਬਾਨੀ ਇਉਂ ਲਲਕਾਰਦਾ ਹੈ: ਕਰਦੂੰ ਗਜ਼ ਵਰਗੀ, ਜੇ ਮੁੜ ਕੇ ਬਰਾਬਰ ਬੋਲੀ। ਇਉਂ ਹੀ ਜਵਾਨ ਵਿਧਵਾ ਦੀਆਂ ਆਪਣੀਆਂ ਮਜਬੂਰੀਆਂ ਹਨ। ਵਿਧਵਾ ਨੂੰ ਕਟੀ-ਪਤੰਗ ਸਮਝਿਆ ਜਾਂਦਾ ਹੈ, ਜਿਸ ਦੀ ਡੋਰ ਲੁੱਟਣ ਲਈ ਕਈ ਮਨਚਲੇ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਪਤੀ ਮਰ ਜਾਵੇ ਤਾਂ ਪਤਨੀ ਸਾਰੀ ਉਮਰ ਇਕੱਲੀ ਰਹਿ ਕੇ ਔਲਾਦ ਨੂੰ ਸਾਂਭਦੀ ਹੈ ਜਦੋਂਕਿ ਮਰਦ ਪਤਨੀ ਦੇ ਦੇਹਾਂਤ ਦੀ ਸੂਰਤ ਵਿੱਚ ਮੌਕਾਪ੍ਰਸਤੀ ਦਾ ਸਬੂਤ ਦਿੰਦੇ ਹਨ।



ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਔਰਤ ਲਈ ਪੈਰ-ਪੈਰ 'ਤੇ ਰੋਣ ਦਾ ਮੁਕਾਮ ਹੈ, ਜਿਵੇਂ ਉਹ ਧੁਰੋਂ ਹੀ ਇਹ ਲੇਖ ਲਿਖਵਾ ਕੇ ਲਿਆਈ ਹੋਵੇ। ਵਿਆਹ ਤੋਂ ਪਹਿਲਾਂ ਵੀ ਉਹ ਜ਼ੰਜੀਰਾਂ ਵਿੱਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਸੁਰਜੀਤ ਪਾਤਰ ਦੀਆਂ ਸਤਰਾਂ ਹਨ:

"ਇੱਕ ਕੈਦ 'ਚੋਂ ਦੂਜੀ ਕੈਦ 'ਚ
ਪਹੁੰਚ ਗਈ ਏਂ,
ਕੀ ਖੱਟਿਆ ਵਟਣਾ ਮਲ ਕੇ,
ਮਹਿੰਦੀ ਲਾ ਕੇ।"

ਸੱਚ ਤਾਂ ਇਹ ਹੈ ਕਿ ਏਸ ਦੇਸ਼ ਦੀ ਹਰ ਧੀ ਦਾ ਮਸਤਕ ਖੋਟਾ ਹੈ। ਅਜਿਹੇ ਮੰਦਭਾਗੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ, ਆਪਣੇ ਦਰਦ ਨੂੰ ਇੱਕ ਟਸ-ਟਸ ਕਰਦੇ ਫੋੜੇ ਵਾਂਗੂੰ ਬੋਚ ਕੇ ਰੱਖਦੀ ਹੈ। ਵੇਦ ਵਿਆਸ ਦੇ ਸ਼ਬਦਾਂ ਵਿੱਚ: ਜਿਵੇਂ ਕਬੂਤਰ ਤੀਰ ਖਾ ਕੇ ਜ਼ਖ਼ਮਾਂ ਨੂੰ ਖੰਭਾਂ ਹੇਠ ਛੁਪਾ ਰੱਖਦਾ ਹੈ, ਤਿਵੇਂ ਇਸਤਰੀ ਆਪਣੇ ਦਿਲ ਵਿੱਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਇਹ ਕਹਿਣਾ ਸ਼ਾਇਦ ਸੱਚ ਦੇ ਜ਼ਿਆਦਾ ਕਰੀਬ ਹੋਵੇਗਾ:

"ਨਾਰੀ ਨਾਮ ਇੱਕ ਐਸੇ ਅਹਿਸਾਸ ਦਾ ਹੈ,
ਜਿਵੇਂ ਜ਼ਖ਼ਮ 'ਚ ਪੀੜ ਹੈ ਘੁਲ਼ੀ ਰਹਿੰਦੀ।"
-ਸ਼ਿਵ ਕੁਮਾਰ ਬਟਾਲਵੀ

ਦੂਜੇ ਪਾਸੇ, ਸੁਤੰਤਰ ਤੇ ਸਵੈਮਾਨੀ ਮਰਦ ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮਹਾਪੁਰਸ਼ਾਂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਇਸਤਰੀ, ਪੁਰਸ਼ ਦੀ ਅਰਧਾਂਗਨੀ (ਅੱਧਾ ਅੰਗ) ਹੈ, ਪਰ ਮਰਦ ਵੱਲੋਂ ਇਸਤਰੀ ਨੂੰ ਕਦੇ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ।

ਪੰਜ ਸਦੀਆਂ ਪਹਿਲਾਂ, ਅੱਜ ਨਾਲੋਂ ਕਿਤੇ ਵੱਧ ਔਰਤ ਵਿਰੋਧੀ ਵਾਤਾਵਰਣ ਸੀ। ਉਦੋਂ ਬਾਬਾ ਨਾਨਕ ਨੇ ਸਮਾਜ ਨੂੰ ਸਾਹਮਣਿਓਂ ਲਲਕਾਰਿਆ ਅਤੇ ਤੜਪਦੀ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਕ੍ਰਾਂਤੀਕਾਰੀ ਕਦਮ ਨੂੰ ਅੱਗੇ ਤੋਰਦਿਆਂ, ਗੁਰੂ ਅਮਰ ਦਾਸ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਨੇ ਮਾਤਾ ਸਾਹਿਬ ਦੇਵਾਂ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਬਖ਼ਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇੱਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ।

ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲੇ ਆਪਣੇ ਅੰਦਰ ਝਾਤੀ ਮਾਰ ਕੇ ਵੇਖਣ ਕਿ ਉਹ ਆਪ ਕਿੰਨੇ ਕੁ ਸੱਚੇ ਸੁੱਚੇ ਹਨ। ਸੱਚ ਤਾਂ ਇਹ ਹੈ ਕਿ ਅਸੀਂ ਰੱਬ ਤੋਂ ਉਤਰ ਕੇ ਔਰਤ ਦੇ ਦੇਣਦਾਰ ਹਾਂ, ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ। ਜਿਨ੍ਹਾਂ ਰੱਬ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਵੇਖ ਲਿਆ ਹੈ, ਉਹ ਉਸ ਦੇ ਪੁਜਾਰੀ ਬਣ ਗਏ ਹਨ। ਖ਼ੈਰ!

ਜੀਵਨ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ, ਆਮ ਤੌਰ 'ਤੇ ਇੱਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿੱਚ ਲਿਖਿਆ ਹੈ ਕਿ ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ। ਪਤੀ ਨੂੰ ਆਪਣੀ ਪਤਨੀ ਨਾਲ ਇੱਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿੱਚ ਪਾਦਰੀ ਥਿਊਡਰ ਹੇਜ਼ਬਰਗ ਦਾ ਇਹ ਕਥਨ ਕਾਬਿਲ-ਏ-ਗ਼ੌਰ ਹੈ: ਇੱਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ। ਔਰਤ ਅਜ਼ੀਮ ਹੈ। ਤਾਹੀਓਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਵਕਾਲਤ ਕਰਦੇ ਹਨ, ਪਰ ਔਰਤ ਵਿਰੋਧੀ ਹਰ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖ਼ਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗ਼ਲਤ ਗੱਲ ਹੈ ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਔਰਤ ਨੂੰ ਵੀ ਆਪਣੀ ਸੋਚ ਵਿੱਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਕਿ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ।

ਉਹ ਸਮਾਜ ਹੀ ਸੱਭਿਅਕ ਕਹਾਉਣ ਦਾ ਹੱਕਦਾਰ ਹੈ, ਜਿਸ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿੱਚ ਪੰਡਿਤ ਜਵਾਹਰਲਾਲ ਨਹਿਰੂ ਦਾ ਕਥਨ ਹੈ ਕਿ ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉੱਨਤੀ ਦੇ ਸਭ ਤੋਂ ਸਹੀ ਨਾਪਾਂ ਵਿੱਚੋਂ ਇੱਕ ਹੈ। ਅਰਸਤੂ ਕਹਿੰਦਾ ਹੈ ਕਿ ਇਸਤਰੀ ਦੀ ਉੱਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ। ਹੋਰ ਤਾਂ ਹੋਰ! ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ, ਮਨੂੰ ਵੀ ਇਹ ਕਹਿਣ ਲਈ ਮਜਬੂਰ ਹੈ ਕਿ ਜਿਸ ਘਰ ਜਾਂ ਖ਼ਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ, ਉਸ ਘਰ 'ਤੇ ਦੇਵਤੇ ਖ਼ੁਸ਼ ਰਹਿੰਦੇ ਹਨ ਅਤੇ ਜਿਸ ਘਰ ਵਿੱਚ ਇਸਤਰੀਆਂ ਦੁਖੀ ਹਨ, ਉੱਥੇ ਕੋਈ ਵੀ ਪੁੰਨ ਨਹੀਂ ਫਲਦਾ। ਉਹ ਘਰ ਛੇਤੀ ਹੀ ਤਬਾਹ ਹੋ ਜਾਂਦਾ ਹੈ। ਨਿਰਸੰਦੇਹ, ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉੱਥੇ ਖ਼ੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਬੀ.ਐੱਸ. ਬੀਰ ਦੀਆਂ ਸਤਰਾਂ ਹਨ:

"ਸੰਦਲੀ ਪੌਣਾਂ ਝੂਲਦੀਆਂ,
ਜਿੱਥੇ ਨਾਰੀ ਦਾ ਸਨਮਾਨ।"

## ਫੁਕਰੇ ਗਾਇਕਾਂ ਤੋਂ ਪੰਜਾਬੀ ਸੱਭਿਆਚਾਰ ਬਚਾਓ



**ਮਨਜਿੰਦਰ ਕਾਲਾ ਸਰੌਦ**

ਪਿਛਲੇ ਦਿਨਾਂ ਤੋਂ ਇੱਕ ਗੀਤ ਦੇ ਬੋਲ ਵਾਰ-ਵਾਰ ਜ਼ਿਹਨ ਵਿੱਚ ਆ ਰਹੇ ਹਨ। ਕਿਸੇ ਕਲਾਕਾਰ ਨੇ ਕਿਹਾ ਹੈ, 'ਇੱਕ ਵਾਰ ਜੇ ਤੁਰਗੀ ਮਾਂ, ਤੂੰ ਮੁੜ ਨਹੀਂ ਆਉਣਾ।' ਰੱਬ ਤੇਰੀ ਗਾਇਕੀ ਨੂੰ ਸਦਾ ਸਲਾਮਤ ਰੱਖੇ, ਜਿਹੜੀ ਮਾਂ ਦੇ ਪਿਆਰ ਦਾ ਫ਼ਰਜ਼ ਤਾਂ ਚੇਤੇ ਕਰਵਾਉਂਦੀ ਏ। ਨਹੀਂ ਤਾਂ ਪੰਜਾਬੀ ਗਾਇਕੀ ਦਾ ਮੰਦਾ ਹਾਲ ਸਭ ਦੇ ਸਾਹਮਣੇ ਹੈ। ਜਦ ਵੀ ਇਹ ਮਾਂ ਵਾਲਾ ਗੀਤ ਸੁਣਦਾ ਹਾਂ ਤਾਂ ਕਲੇਜਿਓਂ ਧੂਹ ਨਿਕਲਦੀ ਹੈ। ਇਸ ਗੀਤ ਨੇ ਉਨ੍ਹਾਂ ਮਾੜਾ ਗਾਉਣ ਵਾਲਿਆਂ ਲਈ ਇੱਕ ਨਸੀਹਤ ਦਾ ਕੰਮ ਜ਼ਰੂਰ ਕੀਤਾ ਹੈ। ਕਿੱਥੇ ਨੇ ਉਹ ਗੀਤ ਜਿਹੜੇ ਕਹਿੰਦੇ ਨੇ, 'ਜੱਟ ਦੇ ਠਿਕਾਣੇ ਬੱਲੀਏ, ਰੱਬ ਵੀ ਨਾ ਜਾਣੇ ਬੱਲੀਏ।' ਇਹੋ ਜਿਹੇ ਗੀਤ ਅੱਜ ਪੰਜਾਬ ਦੀ ਸਮੁੱਚੀ ਫਿਜ਼ਾ ਨੂੰ ਗੰਧਲਾ ਕਰ, ਅਪਰਾਧਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਚੰਗਾ ਭਲਾ ਵਧੀਆ ਗਾਉਂਦੇ ਕਈ ਕਲਾਕਾਰ ਜਿਸ ਵੇਲੇ ਦੇਖਾ-ਦੇਖੀ ਮਾੜੇ ਹੱਥਕੰਡੇ ਅਪਣਾਉਂਦੇ ਹਨ, ਤਾਂ ਦਿਲ ਦੁਖੀ ਜ਼ਰੂਰ ਹੁੰਦਾ ਹੈ।

ਗਾਇਕ ਰਵਿੰਦਰ ਗਰੇਵਾਲ ਦੇ ਗੀਤਾਂ ਨੂੰ ਮੈਂ ਕਦੇ ਵੀ ਆਪਣੇ ਤੌਰ 'ਤੇ ਵਧੀਆ ਨਹੀਂ ਸੀ ਮੰਨਿਆ, ਸਿਵਾਏ ਕੁਝ ਗੀਤਾਂ ਤੋਂ, ਪਰ ਜਦ ਉਸ ਦੇ ਗੀਤਾਂ ਅਤੇ ਆਹ ਚੱਕ-ਲਊ, ਧਰ ਲਊ ਵਾਲੇ ਗੀਤਾਂ ਦੀ ਤੁਲਨਾ ਕਰਦਾ ਹਾਂ ਤਾਂ ਆਪਮੁਹਾਰੇ ਮੂੰਹੋਂ ਨਿਕਲ ਜਾਂਦੈ ਕਿ ਯਾਰ ਆਹ 'ਕਮਲ ਚੌਦਾਂ' ਨਾਲੋਂ ਤਾਂ ਉਸ ਕਲਾਕਾਰ ਦੇ ਗੀਤ ਕਈ ਦਰਜਾ ਚੰਗੇ ਹਨ। ਪਤਾ ਨਹੀਂ ਗੀਤਕਾਰ ਕੀ ਸੋਚ ਕੇ ਕੁਝ ਬੇਤੁਕੀਆਂ, ਬੇਮਤਲਬੀਆਂ, ਰਚਨਾਵਾਂ ਦੀ ਰਚਨਾ ਕਰ ਕੇ ਇਹੋ ਜਿਹੇ ਗੀਤਾਂ ਨੂੰ ਜਨਮ ਦਿੰਦੇ ਹਨ, ਜਿਵੇਂ ਉਨ੍ਹਾਂ ਨੂੰ ਸਿਰਫ਼ ਮਾੜੇ ਬੰਦਿਆਂ ਨੇ ਹੀ ਸੁਣਨਾ ਹੁੰਦੈ। "ਪੱਲੇ ਜੱਟ ਦੇ ਸੱਤ ਕਨਾਲਾਂ" ਜਿਹੇ ਗੀਤਾਂ ਦੀ ਰਚਨਾ ਸਿਰਫ਼ ਆਪਣਾ ਅਤੇ ਆਪਣੀ ਗਾਇਕੀ ਦਾ ਜਲੂਸ ਕਢਵਾਉਣ ਤੱਕ ਹੀ ਸੀਮਤ ਹੈ। ਹਰਜੀਤ ਹਰਮਨ ਜਿਸ ਨੇ ਸਦਾ ਵਧੀਆ ਗਾਇਆ, ਉਸ ਤੋਂ ਸੇਧ ਲੈ ਕੇ ਇਹ ਲੋਕ ਕੁਝ ਵਧੀਆ ਗਾਉਣ ਦੀ ਪਿਰਤ ਪਾਉਣ ਤਾਂ ਕਿੰਨਾ ਚੰਗਾ ਹੋਵੇ। ਅਰਸ਼ ਬੈਨੀਪਾਲ ਜਿਸ ਨੇ ਮਾਂ ਦੀ ਸਿਫ਼ਤ ਬੜੇ ਵਧੀਆ ਲਫ਼ਜ਼ਾਂ ਵਿੱਚ ਕੀਤੀ ਹੈ। ਇੱਕ ਕਲਾਕਾਰ ਤਾਂ ਇੱਥੋਂ ਤੱਕ ਆਖਦੈ ਕਿ ਉਸ ਦੀਆਂ ਕਈ ਸੌ ਲੜਕੀਆਂ ਮਿੱਤਰ ਹਨ। ਇਹੋ ਜਿਹੀਆਂ ਫੁਕਰੀਆਂ ਨੂੰ ਘਟੀਆ ਸੋਚ ਹੀ ਆਖਾਂਗੇ। ਇੱਕ ਕਲਾਕਾਰ ਤਾਂ ਆਸ਼ਕੀ ਵਿੱਚ ਪਏ ਘਾਟੇ ਨੂੰ ਲੜਕੀ ਤੋਂ ਕਲੇਮ ਲੈ ਕੇ ਪੂਰਾ ਕਰਨ ਦਾ ਕਮਲ ਵੀ ਕੁੱਟਦਾ ਹੈ। ਕਈ ਤਾਂ ਲੜਕੀਆਂ ਨੂੰ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੇ ਹੁਣ ਕੋਈ ਹੋਰ ਮਿੱਤਰ ਲੱਭ ਲਈ।

ਵਾਹ ਉਏ ਕਲਾਕਾਰੋ! ਤੁਹਾਡੀਆਂ ਇਹ ਯੱਭਲੀਆਂ, ਫ਼ਾਇਦਾ ਤਾਂ ਕਿਸੇ ਦਾ ਸ਼ਾਇਦ ਹੀ ਕਰਨ ਪਰ ਨੁਕਸਾਨ ਬਹੁਤ ਵੱਡਾ ਕਰ ਰਹੀਆਂ ਨੇ। ਸੱਭਿਅਤਾ ਦੀਆਂ ਕੋਮਲ ਸਿਨਫ਼ਾਂ 'ਤੇ ਕਹਿਰ ਢਾਹੁੰਦੇ ਇਹ ਲੋਕ ਆਪਣੇ ਆਪ ਨੂੰ ਗੁਣੀਏ ਵਿੱਚ ਕਰਨ ਲਈ ਪੂਰੇ ਸਮਾਜ ਨਾਲ ਵੱਡਾ ਧੋਖਾ ਕਰ ਰਹੇ ਹਨ। ਕੁਝ ਸਮਾਂ ਪਹਿਲਾਂ ਪੰਜਾਬੀ ਗਾਇਕੀ ਅੰਦਰ ਗੀਤਕਾਰ ਵਜੋਂ ਮਸ਼ਹੂਰ ਤੇ ਬਾਅਦ ਵਿੱਚ ਗਾਇਕ ਬਣੇ ਇੱਕ ਕਲਾਕਾਰ ਨੇ ਤਾਂ ਰੱਜ ਕੇ ਝੱਲ ਖਿਲਾਰਿਆ ਹੈ। ਉਹ ਤਾਂ ਇੱਕ ਗੀਤ ਰਾਹੀਂ ਸ਼ਮਸ਼ਾਨਾਂ ਦੇ ਤਾਲੇ ਖੋਲ੍ਹਣ ਤੱਕ ਵੀ ਪਹੁੰਚ ਗਿਆ ਹੈ ਅਤੇ ਆਪਣੇ ਗੀਤਾਂ ਅੰਦਰ ਰੱਜ ਕੇ ਪਿਸਤੌਲ ਤੇ ਬੰਦੂਕਾਂ ਦਾ ਜ਼ਿਕਰ ਕੀਤਾ। ਉਸ ਨੇ ਗੁਰੂ ਘਰਾਂ ਨੂੰ ਵੀ ਨਾ ਬਖ਼ਸ਼ਿਆ। ਜਿਸ ਨੇ ਲਿਖਿਆ ਅਖੇ 'ਥੋਡੇ ਪਿੰਡ ਮੁੰਡਿਆਂ ਦਾ ਕਾਲ ਪੈ ਜਾਊ, ਜੇ ਵੈਲੀਆਂ ਦੇ ਮੁੰਡੇ ਨੂੰ ਪਿਆਰ ਹੋ ਗਿਆ'। ਇੱਕ ਹੋਰ ਗਾਇਕ ਕਹਿੰਦਾ ਹੈ, 'ਪਊਏ ਜਿੱਡੇ ਕੱਦ ਵਾਲੀਏ, ਟੋਲੇਂਗੀ ਤੂੰ ਦਾਰੂ ਦਾ ਡਰੰਮ ਨੀਂ'। ਅਜਿਹੇ ਗੀਤ ਤਿਆਰ ਰਚੇਤਾ ਨੂੰ ਸਰਹੱਦ 'ਤੇ ਜਾ ਕੇ ਆਪਣੇ ਕਸੀਦੇ ਪੜ੍ਹਨੇ ਚਾਹੀਦੇ ਹਨ। ਕਿਉਂ ਪੰਜਾਬ ਦੇ ਬਿਹਤਰੀਨ ਤੇ ਸਾਫ਼-ਸੁਥਰੇ ਸੱਭਿਆਚਾਰ ਨੂੰ ਸ਼ਰਮਸਾਰ ਕਰਕੇ ਅਕਲ ਤੋਂ ਖ਼ਾਲੀ ਹੋਣ ਦਾ ਸਬੂਤ ਦੇ ਰਹੇ ਹਨ? ਲੱਗਦਾ ਹੈ, ਇਹ ਗਾਇਕ ਪੰਜਾਬ ਦੀ ਸਰ-ਜ਼ਮੀਨ ਅਤੇ ਇਸ ਦੇ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂ ਹੀ ਨਹੀਂ ਹਨ।

ਲੰਘੇ ਦਿਨੀਂ ਇੱਕ ਗੀਤਕਾਰ ਦਾ ਇੰਟਰਵਿਊ ਟੀਵੀ 'ਤੇ ਵੇਖਿਆ। ਉਹ ਆਪਣੇ ਸੰਘਰਸ਼ ਦੇ ਦਿਨਾਂ ਦੀ ਕਹਾਣੀ ਰਾਹੀਂ ਕਿੰਨੇ ਹੀ ਗਾਇਕਾਂ ਅੱਗੇ ਕੀਤੇ ਤਰਲਿਆਂ ਦੀ ਕਥਾ ਸੁਣਾ ਰਿਹਾ ਸੀ। ਮੈਂ ਹੁਣ ਸੋਚਦਾ ਹਾਂ ਕਿ ਕਾਸ਼! ਜੇ ਉਹ ਗੀਤਕਾਰ

ਬਾਕੀ ਸਫ਼ਾ 29 'ਤੇ

## ਹਿੰਦ-ਪਾਕਿ ਦੀਆਂ ਬਰੂਹਾਂ 'ਤੇ ਖੜ੍ਹੀ ਜੰਗ

ਜਾ ਕੇ 1000 ਕਿਲੋ ਦੇ ਬੰਬ ਸੁੱਟ ਕੇ ਉਥੇ ਚੱਲ ਰਹੇ ਕਥਿਤ ਖਾੜਕੂ ਟ੍ਰੇਨਿੰਗ ਕੈਂਪਾਂ ਨੂੰ ਨੇਸ਼ਤਨਾਬੂਤ ਕਰ ਦਿੱਤਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਹਵਾਈ ਹਮਲੇ ਵਿਚ 300 ਤੋਂ ਵੱਧ ਕਸ਼ਮੀਰੀ ਖਾੜਕੂ ਮਾਰੇ ਗਏ ਹਨ। ਹਮਲੇ ਵਿਚ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜਹਰ ਦਾ ਸਾਲਾ ਯੂਸਫ ਅਜਹਰ ਮਾਰੇ ਜਾਣ ਦਾ ਦਾਅਵਾ ਵੀ ਹੋ ਰਿਹਾ ਹੈ। ਇਹ ਹਮਲਾ ਇਸਲਾਮਾਬਾਦ ਤੋਂ 195 ਕਿਲੋਮੀਟਰ ਦੂਰ ਅਤੇ ਖੈਬਰ ਪਖਤੂਨਖਵਾ ਸੂਬੇ ਚ ਸਥਿਤ ਮੁਜ਼ੱਫ਼ਰਾਬਾਦ ਤੋਂ 40 ਕਿਲੋਮੀਟਰ ਤੋਂ ਵੱਧ ਦੂਰ ਬਾਲਾਕੋਟ 'ਚ ਹੋਇਆ ਹੈ। ਭਾਰਤੀ ਫੌਜ ਨੇ ਦਾਅਵਾ ਕੀਤਾ ਹੈ ਕਿ ਪੁਲਵਾਮਾ ਹਮਲੇ ਪਿੱਛੇ ਪਾਕਿਸਤਾਨ ਦੀ ਫੌਜ ਸ਼ਾਮਲ ਹੈ। ਜੈਸ਼ ਨੂੰ ਫੌਜ ਤੋਂ ਸਿੱਧੀ ਹਮਾਇਤ ਹਾਸਲ ਹੈ।

ਭਾਰਤੀ ਹਵਾਈ ਫ਼ੌਜ ਵੱਲੋਂ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ ਲੰਘ ਕੇ ਹਮਲੇ ਕਰਨ ਮਗਰੋਂ ਪਾਕਿਸਤਾਨੀ ਲੜਾਕੂ ਜਹਾਜ਼ ਵੀ ਭਾਰਤੀ ਹਵਾਈ ਖੇਤਰ 'ਚ ਦਾਖ਼ਲ ਹੋਏ ਹਨ। ਖ਼ਬਰ ਏਜੰਸੀ ਪੀਟੀਆਈ ਮੁਤਾਬਕ ਪਾਕਿਸਤਾਨੀ ਜਹਾਜ਼ਾਂ ਨੇ ਬੰਬ ਸੁੱਟੇ।ਏਜੰਸੀ ਮੁਤਾਬਕ ਪਾਕਿਸਤਾਨੀ ਲੜਾਕੂ ਜਹਾਜ਼ ਨੇ ਜੰਮੂ-ਕਸ਼ਮੀਰ ਦੇ ਪੁੰਛ ਤੇ ਰਾਜੌਰੀ ਜ਼ਿਲ੍ਹੇ ਰਾਹੀਂ ਭਾਰਤੀ ਹੱਦ ਵਿਚ ਦਾਖ਼ਲ ਹੋਏ ਬੰਬ ਸੁੱਟੇ। ਪਾਕਿਸਤਾਨ ਦੀ ਇਸ ਕਾਰਵਾਈ ਮਗਰੋਂ ਪੰਜਾਬ ਸਮੇਤ ਹੋਰ ਹਵਾਈ ਅੱਡਿਆਂ 'ਤੇ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ।

ਦੂਜੇ ਪਾਸੇ ਪਾਕਿਸਤਾਨ ਨੇ ਸੰਕਲਪ ਲਿਆ ਕਿ ਉਹ 'ਆਪਣੀ ਪਸੰਦ ਦੀ ਥਾਂ ਤੇ ਸਮੇਂ 'ਤੇ ਭਾਰਤ ਦੇ 'ਗੈਰ ਜ਼ਰੂਰੀ ਗੁੱਸੇ' ਦਾ ਜਵਾਬ ਦਏਗਾ। ਉਧਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਪਲਟਵਾਰ ਕਰੇਗਾ ਅਤੇ ਉਸ ਲਈ ਥਾਂ ਤੇ ਦਿਨ ਦੀ ਚੋਣ ਵੀ ਪਾਕਿਸਤਾਨ ਹੀ ਕਰੇਗਾ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਇਹ ਭਾਰਤ ਦਾ ਪਾਕਿਸਤਾਨ ਉੱਪਰ ਗੰਭੀਰ ਹਮਲਾ ਹੈ। ਇਹ ਐਲਓਸੀ ਦੀ ਉਲੰਘਣਾ ਹੈ। ਪਾਕਿਸਤਾਨ ਕੋਲ ਆਤਮ ਰੱਖਿਆ ਤੇ ਪਲਟਵਾਰ ਦਾ ਅਧਿਕਾਰ ਹੈ। ਪਾਕਿਸਤਾਨੀ ਮੀਡੀਆ ਤੇ ਆਮ ਲੋਕਾਂ ਵਿਚ ਇਮਰਾਨ ਸਰਕਾਰ 'ਤੇ ਬਦਲੇ ਦੀ ਕਾਰਵਾਈ ਲਈ ਦਬਾਅ ਬਣ ਰਿਹਾ ਹੈ।

ਪੰਜਾਬ 'ਚ ਹਾਈ ਅਲਰਟ : ਪਾਕਿਸਤਾਨ ਉਤੇ ਭਾਰਤੀ ਹਵਾਈ ਫੌਜ ਦੀ ਵੱਡੀ ਕਾਰਵਾਈ ਕਰਨ ਤੋਂ ਬਾਅਦ ਪੰਜਾਬ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਪੰਜਾਬ ਦੇ ਆਦਮਪੁਰ ਏਅਰਪੋਰਟ, ਹਲਵਾਰਾ ਏਅਰਪੋਰਟ, ਪਠਾਨਕੋਟ ਏਅਰਬੇਸ ਅਲਰਟ ਉਤੇ ਕਰ ਦਿੱਤੇ ਗਏ ਹਨ। ਪਾਕਿਸਤਾਨ ਵਿਚ ਭਾਰਤੀ ਹਵਾਈ ਫੌਜ ਦੇ ਹਮਲੇ ਪਿੱਛੋਂ ਪੰਜਾਬ ਵਿਚ ਤਣਾਓ ਦਾ ਮਾਹੌਲ ਹੈ। ਰਾਜ ਦੇ ਸੁਰੱਖਿਆ ਪ੍ਰਬੰਧ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਰਹੱਦੀ ਇਲਾਕਿਆਂ ਵਿਚ ਤਿੰਨ ਰੋਜ਼ਾ ਕੈਂਪ ਲਾਉਣਗੇ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰਨ ਅਤੇ ਆਪਣੇ ਮੰਤਰੀਆਂ ਨਾਲ ਮੀਟਿੰਗ ਕਰਨ ਪਿੱਛੋਂ ਮੁੱਖ ਮੰਤਰੀ ਕੈਪਟਨ ਨੇ ਸਰਹੱਦੀ ਜ਼ਿਲ੍ਹਿਆਂ ਵਿਚ ਵੀ ਹਾਈ ਅਲਰਟ ਜਾਰੀ ਕੀਤਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨਾਲ ਬੈਠਕ ਕੀਤੀ। ਸੀਐਮ ਨੇ ਕਿਸੇ ਵੀ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਤਾਜ਼ਾ ਤਿਆਰੀਆਂ ਅਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਦੀ ਜਾਣਕਾਰੀ ਲਈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਸਰਹੱਦੀ ਇਲਾਕਿਆਂ ਦੇ ਲੋਕਾਂ ਨੂੰ ਸੁਰੱਖਿਅਤ ਥਾਂ ਪਹੁੰਚਾਉਣ ਦੇ ਹੁਕਮ ਜਾਰੀ ਕੀਤੇ ਹਨ।

ਪੰਜਾਬ ਦੇ ਸਰਹੱਦੀ ਪਿੰਡ ਫ਼ਿਕਰਮੰਦ : ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ 'ਤੇ ਕੀਤੇ ਗਏ ਹਮਲੇ ਮਗਰੋਂ ਫਾਜ਼ਿਲਕਾ-ਫਿਰੋਜ਼ਪੁਰ ਦੇ ਸਰਹੱਦੀ ਪਿੰਡਾਂ ਦੇ ਲੋਕਾਂ 'ਚ ਫ਼ਿਕਰਮੰਦੀ ਦਾ ਮਾਹੌਲ ਹੈ। ਹਮਲੇ ਤੋਂ ਬਾਅਦ ਕੋਈ ਵੱਡੀ ਹਿੱਲਜੁਲ ਤਾਂ ਕਿਧਰੇ ਨਹੀਂ ਹੋਈ, ਪਰ ਕਿਸਾਨਾਂ ਨੇ ਸਰਹੱਦੀ ਪਿੰਡਾਂ 'ਚੋਂ ਖੇਤੀ ਮਸ਼ੀਨਰੀ ਅਤੇ ਖੇਤੀ ਸੰਦਾਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਹੈ। ਲੋਕਾਂ ਨੇ ਡਰੰਮਾਂ 'ਚੋਂ ਕਣਕ ਕੱਢ ਕੇ ਬੋਰੀਆਂ ਭਰ ਲਈਆਂ ਹਨ। ਕਿਧਰੋਂ ਵੀ ਸਰਹੱਦੀ ਪਿੰਡਾਂ ਵਿਚ ਕੋਈ ਸਰਕਾਰੀ ਸੁਨੇਹਾ ਨਹੀਂ ਪੁੱਜਾ ਹੈ। ਪੁਲੀਸ ਤੇ ਫੌਜ ਨੇ ਮੁੱਖ ਸਰਹੱਦੀ ਸੜਕਾਂ 'ਤੇ ਸਾਂਝੇ ਨਾਕੇ ਲਾਏ ਹਨ ਤੇ ਫਿਰੋਜ਼ਪੁਰ-ਫਾਜ਼ਿਲਕਾ ਮਾਰਗ 'ਤੇ ਚੈਕਿੰਗ ਵਧ ਗਈ ਹੈ।

ਸਰਹੱਦੀ ਪਿੰਡ ਪੱਕਾ ਚਿਸ਼ਤੀ ਦੇ ਸਰਪੰਚ ਜਗਦੀਸ਼ ਸਿੰਘ ਨੇ ਦੱਸਿਆ ਕਿ ਹਮਲੇ ਦਾ ਪਤਾ ਲੱਗਣ ਮਗਰੋਂ ਦਰਜਨਾਂ ਕਿਸਾਨ ਖੇਤੀ ਸੰਦ ਤੇ ਮਸ਼ੀਨਰੀ ਆਪੋ ਆਪਣੀ ਰਿਸ਼ਤੇਦਾਰੀ 'ਚ ਛੱਡਣ ਚਲੇ ਗਏ ਹਨ। ਪੱਕੀ ਚਿਸ਼ਤੀ ਦੇ ਕਿਸਾਨ ਇਕਬਾਲ ਸਿੰਘ ਤੇ ਬੀਰ ਸਿੰਘ ਖੇਤੀ ਮਸ਼ੀਨਰੀ ਛੱਡ ਕੇ ਆਏ ਹਨ। ਪਿੰਡ ਮੁਹਾਰ ਜਸ਼ਮੇਰ ਤਿੰਨ ਪਾਸਿਓਂ ਕੰਡਿਆਲੀ ਤਾਰ ਨਾਲ ਘਿਰਿਆ ਹੈ। ਪਿੰਡ ਦੇ ਆਰਐੱਮਪੀ ਪੱਪੂ ਸਿੰਘ ਨੇ ਦੱਸਿਆ ਕਿ ਹਮਲੇ ਦੀ ਖ਼ਬਰ ਮਗਰੋਂ ਪਿੰਡ ਦੇ ਲੋਕ ਉੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਕੰਡਿਆਲੀ ਤਾਰ ਤੋਂ ਪਾਰ ਜਾਣ ਲਈ ਚਾਰ ਖੇਤੀ ਵਾਲੇ ਗੇਟ ਹਨ, ਜੋ ਹੁਣ ਬੰਦ ਹਨ।

ਫੌਜੀ ਅਫਸਰਾਂ ਵੱਲੋਂ ਸਰਪੰਚਾਂ ਨਾਲ ਮੀਟਿੰਗਾਂ : ਭਾਰਤੀ ਫੌਜ ਦੇ ਉੱਚ ਅਧਿਕਾਰੀ ਨੇ ਆਸਿਫ ਵਾਲਾ 'ਚ ਸਰਹੱਦੀ ਪਿੰਡਾਂ ਦੇ ਸਰਪੰਚਾਂ ਨਾਲ ਮੀਟਿੰਗ ਵੀ ਕੀਤੀ ਜਿਸ ਵਿਚ ਫੌਜ ਦੇ ਅਫਸਰਾਂ ਨੇ ਲੋਕਾਂ ਨੂੰ ਸ਼ਾਂਤ ਤੇ ਬਿਨਾਂ ਡਰ ਤੋਂ ਰਹਿਣ ਲਈ ਆਖਿਆ। ਅਣਜਾਣ ਬੰਦਾ ਪਿੰਡਾਂ ਵਿੱਚ ਦਿਖਾਈ ਦੇਣ ਦੀ ਸੂਰਤ ਵਿਚ ਫੌਰਨ ਫੌਜ ਨੂੰ ਸੂਚਨਾ ਦੇਣ ਦੀ ਹਦਾਇਤ ਕੀਤੀ ਗਈ। ਰਾਤ ਵਕਤ ਵਿਆਹ ਆਦਿ ਦੇ ਮੌਕੇ ਡੀਜੇ ਵਗੈਰਾ ਨਾ ਵਜਾਉਣ ਲਈ ਵੀ ਆਖਿਆ ਗਿਆ ਹੈ।

ਪਿੰਡ ਹਰੂਵਾਲ ਗੁਰਦਾਸਪੁਰ ਦੇ ਰਣਧੀਰ ਸਿੰਘ ਨੇ ਦੱਸਿਆ ਕਿ ਫੌਜ ਪਿੰਡ ਦੇ ਸਕੂਲ 'ਚ ਆਈ ਹੈ ਅਤੇ ਉੱਚੇ ਘਰਾਂ 'ਚ ਆਪਣੀ ਪੋਸਟਾਂ ਬਣਾਉਣ ਦੀਆਂ ਤਿਆਰੀਆਂ ਵੀ ਕਰ ਰਹੀ ਹੈ। "ਮਾਹੌਲ ਲੜਾਈ ਵਾਲੇ ਜਾਪ ਰਹੇ ਹਨ ਪਰ ਅਸੀਂ ਨਹੀਂ ਚਾਹੁੰਦੇ ਕਿ ਲੜਾਈ ਲੱਗੇ।"

ਬਲਵਿੰਦਰ ਸਿੰਘ ਨੇ ਆਖਿਆ ਕਿ ਫੌਜੀ ਅਫ਼ਸਰ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਦੇ ਰਹੇ ਅਤੇ ਸਥਾਨਕ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਵਲੋਂ ਵੀ ਕੋਈ ਜਾਣਕਾਰੀ ਨਹੀਂ ਆਈ ਹੈ।ਉਨ੍ਹਾਂ ਮੁਤਾਬਕ ਜੇ ਮਾਹੌਲ ਤਣਾਅ ਵਾਲਾ ਬਣਦਾ ਹੈ ਤਾਂ ਨੁਕਸਾਨ ਹੀ ਹੈ। ਪਿੰਡ ਸਾਧਵਾਲੀ ਦੇ ਸਰਪੰਚ ਜੋਗਿੰਦਰ ਸਿੰਘ ਮੁਤਾਬਕ ਫੌਜ ਇਲਾਕੇ ਵਿਚ ਆ ਚੁੱਕੀ ਹੈ ਪਰ ਹੁਣ ਤਕ ਸਰਹੱਦ 'ਤੇ ਸ਼ਾਂਤੀ ਹੀ ਹੈ। "ਜੇਕਰ ਮਾਹੌਲ ਖਰਾਬ ਹੁੰਦਾ ਹੈ ਤਾਂ ਸਾਡੇ ਲਈ ਮੁਸ਼ਕਲਾਂ ਹੀ ਮੁਸ਼ਕਲਾਂ ਹਨ। ਅਕਸਰ ਪ੍ਰਸ਼ਾਸ਼ਨ ਵੱਲੋਂ ਅਜਿਹੀ ਸਥਿਤੀ ਵਿਚ ਘਰ ਛੱਡਣ ਦੀ ਹਦਾਇਤ ਦਿੱਤੀ ਜਾਂਦੀ ਹੈ ਪਰ ਅਸੀਂ ਘਰ ਨਹੀਂ ਛੱਡ ਸਕਦੇ ਕਿਉਂਕਿ ਸਾਡੇ ਖੇਤਾਂ ਵਿਚ ਮਾਈਨਜ਼ ਵਿਛਾ ਦਿੱਤੀਆਂ ਜਾਣਗੀਆਂ ਅਤੇ ਅਸੀਂ ਖੇਤੀ ਨਹੀਂ ਕਰ ਸਕਾਂਗੇ।" ਉਨ੍ਹਾਂ ਕਿਹਾ ਕਿ ਜੇ ਘਰ ਛੱਡਣ ਦੇ ਹੁਕਮ ਵੀ ਆਉਣਗੇ ਤਾਂ ਉਹ ਬੱਚਿਆਂ ਨੂੰ ਭੇਜ ਦੇਣਗੇ ਪਰ ਖੁਦ ਨਹੀਂ ਜਾਣਗੇ।

ਇਸੇ ਪਿੰਡ ਦੇ ਬਜ਼ੁਰਗ ਸੁਖਦੇਵ ਸਿੰਘ ਨੇ ਆਖਿਆ ਕਿ ਉਹ ਪਿੰਡ ਛੱਡ ਕੇ ਨਹੀਂ ਜਾਣਗੇ, "ਅਸੀਂ ਦਲੇਰ ਲੋਕ ਹਾਂ, ਸਰਹੱਦੀ ਇਲਾਕੇ 'ਚ ਸਾਲਾਂ ਤੋਂ ਰਹਿ ਰਹੇ ਹਾਂ।" ਇਸ ਤਰ੍ਹਾਂ ਭਾਰਤ ਦੇ ਸਰਹੱਦੀ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਵਿਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਭਾਰਤ-ਪਾਕਿ ਸਰਹੱਦ ਤੇ ਜੰਮੂ-ਕਸ਼ਮੀਰ ਨਾਲ ਲਗਦੇ ਪਠਾਨਕੋਟ ਦੇ ਸਰਹੱਦੀ ਇਲਾਕਿਆਂ ਵਿਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਬਾਮਿਆਲ ਦੇ ਸਰਹੱਦੀ ਇਲਾਕਿਆਂ ਵਿਚ ਪੁਲਿਸ ਨਾਕਿਆਂ 'ਤੇ ਵੀ ਪੁਲਿਸ ਚੌਕਸੀ ਵਧਾ ਦਿੱਤੀ ਗਈ ਹੈ।

ਸਰਹੱਦ 'ਤੇ ਵਧ ਰਹੇ ਤਣਾਓ ਕਰਕੇ ਪੰਜਾਬ ਦੇ ਪ੍ਰਸ਼ਾਸਨ ਨੇ ਚੌਕਸ ਹੁੰਦਿਆਂ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਹਨ। ਹਾਲਾਤ ਨਾਲ ਨਜਿੱਠਣ ਲਈ ਸਿਵਲ ਅਧਿਕਾਰੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ।

ਬਹੁਤ ਸਾਰੇ ਦੇਸ਼ਾਂ ਚੀਨ, ਫਰਾਂਸ, ਰੂਸ, ਨਿਊਜ਼ੀਲੈਂਡ ਅਤੇ ਬਰਤਾਨੀਆ ਦੇ ਆਗੂਆਂ ਨੇ ਦੋਵੇਂ ਦੇਸ਼ਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੀ ਪਿੱਠ ਥਾਪੜੀ ਹੈ।

ਪਾਕਿ ਨਾਲ ਜੰਗ ਬਨਾਮ ਚੋਣ ਜੰਗ : ਨਿਰਪੱਖ ਮਾਹਿਰਾਂ ਦਾ ਮੰਨਣਾ ਹੈ ਕਿ ਕੋਈ ਵੀ ਵੱਡੀ ਫੌਜੀ ਕਾਰਵਾਈ ਮੋਦੀ ਸਰਕਾਰ ਲਈ ਵੱਡੇ ਜੋਖ਼ਿਮ ਵਾਲੀ ਹੋ ਸਕਦੀ ਹੈ, ਇਸ ਕਰ ਕੇ ਸਿਰਫ ਜੰਗ ਵਰਗਾ ਮਾਹੌਲ ਬਣਾ ਕੇ ਚੋਣਾਵੀ ਲਾਹਾ ਖੱਟਣ ਦੀ ਖੇਡ ਹੋ ਰਹੀ ਹੈ। ਇਹੀ ਕਾਰਨ ਹੈ ਕਿ ਮੋਦੀ ਸਰਕਾਰ ਨੇ ਇਸ ਦੀ ਜ਼ਿੰਮੇਵਾਰੀ ਫੌਜ 'ਤੇ ਛੱਡ ਦਿੱਤੀ ਹੈ। ਫੌਜ ਨੂੰ ਪਤਾ ਹੈ ਕਿ ਅਜਿਹੇ ਵਕਤ ਵਿੱਚ ਜਦੋਂ ਉਹ ਹਥਿਆਰਾਂ ਦੀ ਭਾਰੀ ਘਾਟ ਦੇ ਸੰਕਟ ਵਿਚੋਂ ਗੁਜ਼ਰ ਰਹੀ ਹੈ, ਉਸ ਵੇਲੇ ਪਾਕਿਸਤਾਨ ਨਾਲ ਜੰਗ ਹੋਣ ਦੀ ਕੀ ਕੀਮਤ ਹੋ ਸਕਦੀ ਹੈ। ਫੌਜੀ ਬਦਲਾਂ 'ਤੇ ਵਿਚਾਰ ਕਰਨ ਦੇ ਨਾਲ ਹੀ ਮੋਦੀ ਸਰਕਾਰ ਕੂਟਨੀਤਿਕ ਅਤੇ ਆਰਥਿਕ ਕਦਮਾਂ 'ਤੇ ਵੱਧ ਜ਼ੋਰ ਦੇ ਰਹੀ ਹੈ। ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ ਐੱਮਐੱਫਐੱਨ(ਮੋਸਟ ਫੇਵਰਡ ਨੇਸ਼ਨ) ਦਾ ਦਰਜਾ ਵਾਪਸ ਲਿਆ ਗਿਆ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦੇ ਉਤਪਾਦਾਂ ਦੀ ਦਰਾਮਦਗੀ 'ਤੇ 200 ਫੀਸਦ ਦੀ ਕਸਟਮ ਡਿਊਟੀ ਲਗਾ ਕੇ ਆਰਥਿਕ ਤੌਰ 'ਤੇ ਝਟਕਾ ਦੇਣ ਲਈ ਕਦਮ ਚੁੱਕਿਆ ਗਿਆ ਹੈ। ਇਨ੍ਹਾਂ ਸਾਰਿਆਂ ਤਰੀਕਿਆਂ ਵਿਚਾਲੇ ਸੱਤਾਧਾਰੀ ਪਾਰਟੀ ਦੀ ਕੋਸ਼ਿਸ਼ ਰਹੇਗੀ ਕਿ ਪਾਕਿ ਵਿਰੋਧੀ ਹਵਾ ਚੋਣਾਂ ਦੇ ਮਾਹੌਲ ਵਿੱਚ ਹੋਰ ਤੇਜ਼ ਹੋਵੇ ਤਾਂ ਜੋ ਲੋਕਾਂ ਨੂੰ ਲੱਗੇ ਕਿ ਪਾਕਿਸਤਾਨੀ ਖ਼ਤਰੇ ਤੋਂ ਕੇਵਲ ਮੋਦੀ ਸਰਕਾਰ ਹੀ ਬਚਾ ਸਕਦੀ ਹੈ।

ਪਾਕਿਸਤਾਨ ਦੀ ਜੈਸ਼-ਏ-ਮੁਹੰਮਦ ਖਿਲਾਫ਼ ਕਾਰਵਾਈ : ਪਾਕਿ ਸਰਕਾਰ ਨੇ ਜੈਸ਼-ਏ-ਮੁਹੰਮਦ ਦੇ ਸਦਰ ਮੁਕਾਮ ਦਾ ਪ੍ਰਬੰਧ ਆਪਣੇ ਹੱਥਾਂ 'ਚ ਲੈ ਲਿਆ ਹੈ। ਬਹਾਵਲਪੁਰ 'ਚ ਪ੍ਰਸ਼ਾਸਕ ਨੂੰ ਤਾਇਨਾਤ ਕਰਦਿਆਂ ਕੈਂਪਸ ਦੀ ਸੁਰੱਖਿਆ ਪੰਜਾਬ ਪੁਲੀਸ ਹਵਾਲੇ ਕਰ ਦਿੱਤੀ ਹੈ। ਇਹ ਕਦਮ ਉਸ ਸਮੇਂ ਉਠਾਇਆ ਗਿਆ ਹੈ ਜਦੋਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਪੁਲਵਾਮਾ 'ਚ ਜੈਸ਼ ਵੱਲੋਂ ਕੀਤੇ ਗਏ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਪਾਕਿਸਤਾਨ ਨੇ ਹਾਫ਼ਿਜ਼ ਸਈਦ ਦੀ ਅਗਵਾਈ ਵਾਲੀ ਜਮਾਤ-ਉਦ-ਦਾਵਾ ਤੇ ਇਸ ਦੇ ਖ਼ੈਰਾਇਤੀ ਵਿੰਗ ਫ਼ਲ੍ਹਾ-ਏ-ਇਨਸਾਨੀਅਤ ਫਾਊਂਡੇਸ਼ਨ ਉਪਰ ਪਾਬੰਦੀ ਲਗਾ ਦਿੱਤੀ ਹੈ।

ਪਾਕਿ ਵੱਲੋਂ ਜੰਗ ਦੀਆਂ ਤਿਆਰੀਆਂ : ਭਾਰਤ ਦੇ ਹਵਾਈ ਹਮਲੇ ਪਿੱਛੋਂ ਪਾਕਿਸਤਾਨ ਚੌਕਸ ਹੋ ਗਿਆ ਹੈ। ਪਾਕਿਸਤਾਨ ਨੂੰ ਡਰ ਹੈ ਕਿ ਭਾਰਤ ਉਸ ਉੱਤੇ ਦੁਬਾਰਾ ਹਮਲਾ ਕਰਨ ਦੀ ਤਿਆਰੀ ਵਿਚ ਹੈ। ਇਕ ਰਿਪੋਰਟ ਮੁਤਾਬਕ ਪਾਕਿਸਤਾਨ ਨੇ ਵੀ ਭਾਰਤ ਦੇ ਹਮਲੇ ਦੇ ਟਾਕਰੇ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ। ਪਾਕਿਸਤਾਨ ਵੱਲੋਂ ਵੱਡੀ ਗਿਣਤੀ ਵਿਚ ਟੈਂਕਾਂ ਨੂੰ ਸਿਆਲਕੋਟ ਬਾਰਡਰ ਵੱਲ ਰਵਾਨਾ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਪਾਕਿਸਤਾਨ ਨੇ ਲਾਈਨ ਆਫ਼ ਕੰਟ੍ਰੋਲ ਨੇੜੇ ਲੋਕਲ ਆਵਾਜਾਈ ਰੋਕ ਦਿੱਤੀ ਹੈ। ਪਾਕਿਸਤਾਨ ਨੇ ਪੀਓਕੇ ਦੇ 127 ਪਿੰਡਾਂ ਵਿੱਚ ਅਲਰਟ ਵੀ ਜਾਰੀ ਕੀਤਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਹੈ ਕਿ ਸ਼ਾਂਤੀ ਲਈ ਕੰਮ ਕੀਤਾ ਜਾਵੇ ਤੇ ਭਰੋਸਾ ਦਿੱਤਾ ਹੈ ਕਿ ਜੇਕਰ ਨਵੀਂ ਦਿੱਲੀ ਪੁਲਵਾਮਾ ਹਮਲੇ ਸਬੰਧੀ ਕਾਰਵਾਈ ਯੋਗ ਸਬੂਤ ਮੁਹੱਈਆ ਕਰਵਾਉਂਦੀ ਹੈ ਤਾਂ ਇਸਲਾਮਾਬਾਦ ਤੁਰੰਤ ਕਾਰਵਾਈ ਕਰੇਗਾ। ਉਨ੍ਹਾਂ ਜਵਾਬੀ ਕਰਵਾਈ ਤੇ ਬਦਲੇ ਲਈ ਭਾਰਤ ਨੂੰ ਚਿਤਾਵਨੀ ਵੀ ਦਿੱਤੀ ਹੈ ਕਿ ਜੇਕਰ ਭਾਰਤ ਨੇ ਹਮਲਾ ਕਰਨ ਵਿਚ ਪਹਿਲ ਕੀਤੀ ਤਾਂ ਉਸ ਦਾ ਜੁਆਬ ਮੂੰਹ ਤੋੜ ਦਿੱਤਾ ਜਾਵੇਗਾ। ਪਾਕਿ ਸਰਹੱਦ 'ਤੇ ਤਾਇਨਾਤ ਫ਼ੌਜੀ ਟੁਕੜੀਆਂ ਜੰਗੀ ਸਮਾਨ ਭੇਜਣ ਦੀ ਯੋਜਨਾ ਬਣਾ ਰਿਹਾ ਹੈ। ਇਸ ਦੇ ਨਾਲ ਹੀ ਪਾਕਿਸਤਾਨ ਨੇ ਆਪਣੇ ਹਸਪਤਾਲਾਂ ਨੂੰ ਵੀ ਮੈਡੀਕਲ ਇਮਦਾਦ ਤਿਆਰ ਰੱਖਣ ਲਈ ਕਿਹਾ ਹੈ।

ਮੀਡੀਆ ਦਾ ਨਫਰਤੀ ਪਰਚਾਰ : ਭਾਰਤ ਦੇ ਚੈਨਲਾਂ ਦੇ ਫੁਕਰੇ ਐਂਕਰਾਂ ਵਲੋਂ ਪਾਕਿਸਤਾਨ 'ਤੇ ਹਮਲਾ ਕਰਕੇ ਨੇਸਤੋ-ਨਾਬੂਦ ਕਰ ਦੇਣ ਦੀਆਂ ਭਾਰਤ ਸਰਕਾਰ ਨੂੰ ਸਲਾਹਾਂ ਦਿੱਤੀਆਂ ਜਾਣ ਲੱਗ ਪਈਆਂ ਹਨ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਭਾਰਤ ਦਾ ਮੀਡੀਆ 'ਦੇਸ਼ ਭਗਤੀ' ਨਹੀਂ ਸਗੋਂ 'ਜੰਗ ਭਗਤੀ' ਦਾ ਸ਼ਿਕਾਰ ਹੋ ਗਿਆ ਹੋਵੇ। ਹਰ ਟੀਵੀ. ਚੈਨਲ ਵਿਚ ਦੌੜ ਲੱਗੀ ਹੋਈ ਹੈ ਕਿ ਕਿਹੜਾ ਚੈਨਲ ਬਦਲਾ ਲੈਣ ਲਈ ਪਾਕਿਸਤਾਨ 'ਤੇ ਹਮਲੇ ਦੀ ਗੱਲ ਜ਼ਿਆਦਾ ਜ਼ੋਰਦਾਰ ਤਰੀਕੇ ਨਾਲ ਉਠਾਉਂਦਾ ਹੈ। ਇਹ ਸਭ ਟੀਆਰਪੀ. ਦੇ ਵਾਧੇ ਲਈ ਕੀਤਾ ਜਾ ਰਿਹਾ ਹੈ ਅਤੇ ਭਾਜਪਾ ਦਾ ਭਗਵਾਂ ਪ੍ਰਭਾਵ ਵੀ ਇਸ ਲਈ ਕੰਮ ਕਰ ਰਿਹਾ ਹੈ ਤਾਂ ਜੋ ਲੋਕ ਸਭਾ ਦੀਆਂ ਚੋਣਾਂ ਜਿੱਤੀਆਂ ਜਾ ਸਕਣ। ਭਾਜਪਾ ਨੇ ਹਾਲੇ ਤੱਕ ਚੋਣ ਸਰਗਰਮੀਆਂ ਬੰਦ ਨਹੀਂ ਕੀਤੀਆਂ ਪਰ ਭੜਕਾਊ ਭਾਸ਼ਣਾਂ ਉੱਪਰ ਜ਼ੋਰ ਦਿੱਤਾ ਜਾਣ ਲੱਗ ਪਿਆ ਹੈ। ਉਂਜ ਇਕੱਲਾ ਭਾਰਤੀ ਮੀਡੀਆ ਹੀ ਇਹ ਨਹੀਂ ਕਰ ਰਿਹਾ, ਪਾਕਿਸਤਾਨੀ ਮੀਡੀਆ ਤੇ ਪਾਕਿਸਤਾਨੀ ਸਿਆਸਤਦਾਨ ਵੀ ਭੜਕਾਊ ਮਾਹੌਲ ਪੈਦਾ ਕਰ ਰਹੇ ਹਨ। ਪਾਕਿਸਤਾਨ ਦੇ ਰੇਲ ਮੰਤਰੀ ਦਾ ਇਕ ਬਿਆਨ ਆਇਆ ਹੈ, ਜਿਸ ਵਿਚ ਉਹ ਅਸਿੱਧੇ ਰੂਪ ਵਿਚ ਐਟਮੀ ਹਮਲੇ ਦੀ ਧਮਕੀ ਦਿੰਦਿਆਂ ਕਹਿ ਰਿਹਾ ਹੈ ਕਿ ਫਿਰ ਚਿੜੀਆਂ ਨਹੀਂ ਚਹਿਕਣਗੀਆਂ, ਫ਼ਸਲਾਂ ਨਹੀਂ ਹੋਣਗੀਆਂ ਤੇ ਮੰਦਰਾਂ ਵਿਚ ਘੰਟੀਆਂ ਨਹੀਂ ਵੱਜਣਗੀਆਂ। ਇਹ ਗੱਲ ਦੋਹਾਂ ਦੇਸ਼ਾਂ ਨੂੰ ਸਮਝਣੀ ਪਵੇਗੀ ਕਿ ਮਸਲੇ ਗੱਲਬਾਤ ਰਾਹੀਂ ਮੁੱਕਣਗੇ। ਇੱਥੇ ਜ਼ਿਕਰਯੋਗ ਹੈ ਕਿ ਭਾਰਤ ਨੇ ਸੰਨ 1971 ਦੀ ਜੰਗ ਨਿਰਣਾਇਕ ਰੂਪ ਵਿਚ ਜਿੱਤੀ ਸੀ। ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨੇ 97368 ਪਾਕਿਸਤਾਨੀ ਫ਼ੌਜੀਆਂ ਨੂੰ ਹਥਿਆਰ ਸੁਟਵਾ ਕੇ ਬੰਦੀ ਬਣਾ ਲਿਆ ਸੀ। ਪਾਕਿਸਤਾਨ ਦੇ ਦੋ ਟੁਕੜੇ ਕਰਕੇ ਬੰਗਲਾਦੇਸ਼ ਬਣਾ ਦਿੱਤਾ ਗਿਆ। ਕੀ ਕਦੇ ਭਾਰਤ ਨੇ ਸੋਚਿਆ ਹੈ ਕਿ ਬੰਗਲਾਦੇਸ਼ ਬਣਾ ਕੇ ਵੀ ਭਾਰਤ ਨੇ ਕੀ ਖੱਟਿਆ ? ਅੱਜ ਬੰਗਲਾਦੇਸ਼ ਦੁਨੀਆ ਭਰ ਵਿਚ ਆਪਣੀ ਸਸਤੀ ਮਜ਼ਦੂਰੀ ਕਰਕੇ ਭਾਰਤ ਦੇ ਵਪਾਰ ਲਈ ਇਕ ਚੁਣੌਤੀ ਬਣਦਾ ਜਾ ਰਿਹਾ ਹੈ। ਬੰਗਲਾ ਸ਼ਰਨਾਰਥੀਆਂ ਦਾ ਮਸਲਾ ਭਾਰਤ ਦੀ ਆਰਥਿਕਤਾ ਤੇ ਰਾਜਨੀਤਕ ਅਸਥਿਰਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੰਜਾਬ ਨੂੰ ਹੋਵੇਗਾ ਸਭ ਤੋਂ ਵੱਧ ਨੁਕਸਾਨ : ਭਾਰਤ ਵਿਚ ਪੰਜਾਬੀਆਂ ਤੋਂ ਵੱਡਾ ਕੋਈ ਦੇਸ਼ ਭਗਤ ਨਹੀਂ, ਜਿੰਨੀਆਂ ਜੰਗਾਂ ਦਾ ਸੇਕ ਪੰਜਾਬ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ, ਦੇਸ਼ ਦੇ ਕਿਸੇ ਹੋਰ ਸੂਬੇ ਨਹੀਂ ਨਹੀਂ ਹੰਢਾਇਆ। ਸਿੱਧੀ ਲੜਾਈ ਵਿਚ ਸਭ ਤੋਂ ਵੱਧ ਨੁਕਸਾਨ ਤਾਂ ਪੰਜਾਬ ਦਾ ਹੀ ਹੋਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 41 ਦੇ ਮੁਕਾਬਲੇ 82 ਮਾਰਨ ਦੀ ਗੱਲ ਕਰ ਰਹੇ ਹਨ ਪਰ ਪਾਕਿਸਤਾਨ ਨਾਲ ਸਿੱਧੀ ਜੰਗ ਕਿਸੇ ਵੀ ਤਰ੍ਹਾਂ ਨਾ ਤਾਂ ਦੇਸ਼ ਦੇ ਹਿੱਤ ਵਿਚ ਹੈ ਤੇ ਨਾ ਹੀ ਪੰਜਾਬ ਦੇ ਹਿੱਤ ਵਿਚ ਹੈ। ਜਿਸ ਤਰ੍ਹਾਂ ਦੇ ਹਾਲਾਤ ਹਨ, ਜੇਕਰ ਭਾਰਤ ਪਾਕਿ ਜੰਗ ਹੋਈ ਤਾਂ ਪੰਜਾਬ ਦੀ ਆਰਥਿਕਤਾ ਸ਼ਾਇਦ ਹੀ ਇਸ ਬਰਬਾਦੀ ਦਾ ਭਾਰ ਸਹਿ ਸਕੇ। ਪਾਕਿਸਤਾਨ ਨਾਲ ਵਪਾਰ ਫਿਲਹਾਲ ਇਕ ਤਰ੍ਹਾਂ ਨਾਲ ਬੰਦ ਹੀ ਹੈ। ਪੰਜਾਬ, ਖ਼ਾਸਕਰ ਅੰਮ੍ਰਿਤਸਰ ਦੀ ਆਰਥਿਕਤਾ ਨੂੰ ਪਹਿਲੀ ਸੱਟ ਤਾਂ ਵੱਜ ਵੀ ਗਈ ਹੈ। ਹਜ਼ਾਰਾਂ ਮਜ਼ਦੂਰ ਤੇ ਟਰਾਂਸਪੋਰਟਰ ਵਿਹਲੇ ਹੋ ਕੇ ਬੈਠ ਗਏ ਹਨ। ਗ਼ੌਰ ਕਰਨ ਵਾਲੀ ਗੱਲ ਹੈ ਕਿ, ਕੀ ਪਾਕਿਸਤਾਨ 'ਤੇ 200 ਫ਼ੀਸਦੀ ਕਸਟਮ ਡਿਊਟੀ ਲਗਾ ਕੇ ਵਪਾਰ ਬੰਦ ਕਰਨ ਨਾਲ ਆਰਥਿਕ ਨੁਕਸਾਨ ਪਾਕਿਸਤਾਨ ਦਾ ਵੱਧ ਹੋਵੇਗਾ ਜਾਂ ਭਾਰਤ ਦਾ ? ਭਾਰਤ ਨੂੰ ਪਹਿਲਾਂ ਹੀ ਦੁਨੀਆ ਨਾਲ ਵਪਾਰ ਵਿਚ ਵੱਡੇ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

2016-17 ਵਿਚ ਅਸੀਂ 109 ਬਿਲੀਅਨ ਡਾਲਰ ਦੇ ਘਾਟੇ ਦਾ ਵਿਸ਼ਵ ਵਪਾਰ ਕੀਤਾ ਤੇ 2017-18 ਵਿਚ 156.9 ਬਿਲੀਅਨ ਡਾਲਰ ਘਾਟੇ ਦਾ। 2016-17 ਵਿਚ ਅਸੀਂ ਵਿਸ਼ਵ ਨੂੰ 275.8 ਬਿਲੀਅਨ ਦਾ ਮਾਲ ਵੇਚਿਆ ਤੇ 384.4 ਬਿਲੀਅਨ ਡਾਲਰ ਦਾ ਮਾਲ ਮੰਗਵਾਇਆ। ਜਦੋਂ ਕਿ 2017-18 ਵਿਚ ਅਸੀਂ 302.8 ਬਿਲੀਅਨ ਡਾਲਰ ਦਾ ਮਾਲ ਵੇਚਿਆ ਤੇ 459.7 ਬਿਲੀਅਨ ਡਾਲਰ ਦਾ ਮਾਲ ਖਰੀਦਿਆ। ਇਹ ਵੀ ਤਦ ਜਦੋਂ ਕਿ ਕੱਚੇ ਤੇਲ ਦੀਆਂ ਕੀਮਤਾਂ ਆਪਣੇ ਸਿਖ਼ਰ ਤੋਂ ਅੱਧ ਵਿਚ ਹਨ। ਪਰ ਇਸ ਦੇ ਉਲਟ ਪਾਕਿਸਤਾਨ ਨਾਲ ਭਾਰਤ ਆਪਸੀ ਵਪਾਰ ਵਿਚ ਵੱਡੇ ਫਾਇਦੇ ਵਿਚ ਸੀ।

ਕਰਤਾਰਪੁਰ ਲਾਂਘਾ ਨਾ ਰੋਕੋ : ਪੰਥਕ ਜਥੇਬੰਦੀਆਂ ਕੇਂਦਰ ਸਰਕਾਰ ਨੂੰ ਅਪੀਲਾਂ ਕਰ ਰਹੀਆਂ ਹਨ ਕਿ ਕਰਤਾਰਪੁਰ ਲਾਂਘੇ ਦੇ ਫ਼ੈਸਲੇ ਨੂੰ ਇਸ ਦੀ ਭੇਟ ਨਾ ਚੜ੍ਹਨ ਦਿੱਤਾ ਜਾਵੇ ਤੇ ਨਾ ਹੀ ਜੰਗ ਲਗਾਈ ਜਾਵੇ। ਪੰਥਕ ਆਗੂਆਂ ਸ. ਸਿਮਰਨਜੀਤ ਸਿੰਘ ਮਾਨ, ਬਾਬਾ ਸਰਬਜੋਤ ਸਿੰਘ ਬੇਦੀ, ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਦਮਦਮਾ ਸਾਹਿਬ ਨੇ ਭਾਰਤ ਸਰਕਾਰ ਨੂੰ ਇਹੀ ਸਲਾਹ ਦਿੱਤੀ ਹੈ ਕਿ ਕਰਤਾਰਪੁਰ ਲਾਂਘੇ ਨੂੰ ਸਿਰੇ ਚੜ੍ਹਵਾਉਣ ਦੇ ਅਮਲ ਨੂੰ ਜੰਗੀ ਪੱਧਰ 'ਤੇ ਜਾਰੀ ਰੱਖਿਆ ਜਾਵੇ ਤੇ ਦੇਸ਼ ਦੇ ਇਕ ਜ਼ਿੰਮੇਵਾਰ ਮੰਤਰੀ ਨਿਤਿਨ ਗਡਕਰੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦਿੱਤੇ ਇਕ ਖ਼ਾਸ ਸਮੇਂ ਦੇ ਵਿਚ-ਵਿਚ ਇਸ ਨੂੰ ਪੂਰਾ ਕਰਨ ਦੇ ਵਾਅਦੇ ਨੂੰ ਨਿਭਾਇਆ ਜਾਵੇ।

ਹੁਣ ਇਨ੍ਹਾਂ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਪੰਜਾਬ ਅਤੇ ਸਿੱਖਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਇਸ ਤਣਾਅ ਭਰੇ ਮਾਹੌਲ ਵਿਚ ਸਿੱਖਾਂ ਦੀ 70 ਸਾਲਾਂ ਦੀ ਅਰਦਾਸ ਦੇ ਇਕ ਹਿੱਸੇ ਦੇ ਪੂਰੇ ਹੋਣ ਵਿਚ ਪੈਣ ਵਾਲੀ ਕਿਸੇ ਵੀ ਅੜਚਣ ਨੂੰ ਰੋਕਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਕ ਮੁੱਖ ਮੰਤਰੀ ਵਜੋਂ ਭਾਜਪਾ ਸਮੇਤ ਰਾਜ ਦੀਆਂ ਸਾਰੀਆਂ ਪਾਰਟੀਆਂ ਦੇ ਮੁਖੀਆਂ ਤੇ ਸੰਸਦ ਮੈਂਬਰਾਂ ਦੀ ਇਕ ਮੀਟਿੰਗ ਬੁਲਾ ਕੇ ਸਾਂਝੇ ਰੂਪ ਵਿਚ ਕੇਂਦਰ ਸਰਕਾਰ ਨੂੰ ਇਕ ਅਪੀਲ ਕਰਵਾਉਣ ਕਿ ਬੇਸ਼ੱਕ ਸਰਕਾਰ ਕਰਤਾਰਪੁਰ ਲਾਂਘੇ ਬਾਰੇ ਜਿੰਨੇ ਮਰਜ਼ੀ ਸਖ਼ਤ ਤੇ ਵਿਗਿਆਨਕ ਯੁੱਗ ਦੇ ਅਤਿਆਧੁਨਿਕ ਸੁਰੱਖਿਆ ਇੰਤਜ਼ਾਮ ਵੀ ਕਰੇ ਪਰ ਇਸ ਲਾਂਘੇ ਦੇ ਮਾਮਲੇ ਨੂੰ ਪਾਕਿਸਤਾਨ ਨਾਲ ਬਣੇ ਤਣਾਅ ਕਾਰਨ ਰੋਕਿਆ ਨਾ ਜਾਵੇ।

## ਭਾਰਤ-ਪਾਕਿਸਤਾਨ ਜੰਗ ਬੱਚਿਆਂ ਦੀ ਖੇਡ ਨਹੀਂ

ਵਿਚ ਲਏ ਉਸ ਦੇ ਫੈਸਲਿਆਂ ਉਪਰ ਮੋਦੀ ਜ਼ਾਤੀ ਤੌਰ 'ਤੇ ਪਹਿਲਾਂ ਹੀ ਹਿੱਲਿਆ ਪਿਆ ਹੈ। ਉਸ ਦੀਆਂ ਬੇਸਮਝੀ ਵਾਲੀਆਂ ਇਨਾਂ ਕਾਰਵਾਈਆਂ ਨੇ ਦੇਸ਼ ਦੇ ਅਰਥਚਾਰੇ ਨੂੰ ਵੱਡੀ ਸੱਟ ਮਾਰੀ ਹੈ, ਜਿਸ 'ਤੇ ਕਾਬੂ ਪਾਉਣ ਲਈ ਭਾਰਤ ਨੂੰ ਚੋਖਾ ਸਮਾਂ ਲੱਗ ਸਕਦਾ ਹੈ। ਜੰਗ ਅਜਿਹੇ ਫੈਸਲਿਆਂ ਦੇ ਮੁਕਾਬਲੇ ਦੇਸ਼ ਲਈ ਹੋਰ ਵੀ ਵੱਧ ਖਤਰੇ ਸਹੇੜ ਸਕਦੀ ਹੈ। ਉਂਜ ਵੀ ਭਾਰਤ ਜਿਹੇ ਗ਼ਰੀਬ ਦੇਸ਼ ਲਈ ਜੰਗ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਯਾਦ ਰੱਖਣਾ ਬਣਦਾ ਹੈ ਕਿ ਸੰਨ 1965 ਅਤੇ 1971 ਦੀਆਂ ਜੰਗਾਂ ਅਤੇ ਸਾਲ 1984 ਦੇ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦਾ ਸਮੂਹਿਕ ਅਸਰ ਇਹ ਹੋਇਆ ਸੀ ਕਿ ਸੰਨ 1991 ਤੱਕ ਦੇਸ਼ ਦੀਵਾਲੀਆ ਹੋਣ ਕੰਢੇ ਪਹੁੰਚ ਗਿਆ ਸੀ। ਉਸ ਵੇਲੇ ਵਿੱਤੀ ਤੌਰ 'ਤੇ ਕੋਈ ਸਰਦੀ ਪੁੱਜਦੀ ਕੌਮਾਂਤਰੀ ਸ਼ਕਤੀ ਭਾਰਤ ਨੂੰ ਕਰਜ਼ੇ ਵਜੋਂ ਇਕ ਧੇਲਾ ਦੇਣ ਨੂੰ ਤਿਆਰ ਨਹੀਂ ਸੀ। ਫਲਸਰੂਪ ਰਿਜ਼ਰਵ ਬੈਂਕ ਨੂੰ 47 ਟਨ ਸੋਨਾ ਹਵਾਈ ਜਹਾਜ਼ਾਂ ਵਿਚ ਲੱਦ ਕੇ ਲੈ ਜਾ ਕੇ ਬੈਂਕ ਆਫ ਇੰਗਲੈਂਡ ਅਤੇ ਬੈਂਕ ਆਫ ਜਾਪਾਨ ਕੋਲ ਗਿਰਵੀ ਰੱਖਣਾ ਪਿਆ ਸੀ। ਅੱਜ ਦੇਸ਼ ਮੰਦਵਾੜੇ, ਬੇਰੁਜ਼ਗਾਰੀ ਅਤੇ ਗੰਭੀਰ ਖੇਤੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਪਹਿਲਾਂ ਹੀ ਵਿਦੇਸ਼ੀ ਨਿਵੇਸ਼ਕ ਆਪਣਾ ਪੈਸਾ ਕਢਵਾ ਕੇ ਧੜਾ ਧੜ ਭਾਰਤ ਵਿਚੋਂ ਭੱਜ ਰਹੇ ਹਨ। ਸਰਗਰਮ ਜੰਗ ਦੀ ਤਾਂ ਗੱਲ ਛੱਡੋ, ਵਿਦੇਸ਼ੀ ਨਿਵੇਸ਼ਕ ਜੰਗੀ ਤਾਪ-ਗ੍ਰਸਤ ਦੇਸ਼ਾਂ ਵੱਲ ਭੁੱਲ ਕੇ ਵੀ ਮੂੰਹ ਨਹੀਂ ਕਰਦੇ। ਜਿਥੋਂ ਤਕ ਭਾਰਤੀ ਫੌਜ ਦੀ ਜੰਗੀ ਤਿਆਰੀ ਦਾ ਸਬੰਧ ਹੈ, ਦੇਸ਼ ਦੇ ਆਪਣੇ ਰਾਸ਼ਟਰਵਾਦੀ ਝੁਕਾਅ ਰੱਖਦੇ ਯੁੱਧਨੀਤਕ ਮਾਹਿਰ ਸਿਰ ਸੁੱਟੀ, ਨਿਰਉਤਸ਼ਾਹਤ ਬੈਠੇ ਵਿਖਾਈ ਦਿੰਦੇ ਹਨ। ਕੌਮਾਂਤਰੀ, ਖਾਸ ਤੌਰ 'ਤੇ ਆਂਢ ਗੁਆਂਢ ਦੇ ਹਾਲਾਤ ਵੀ ਵਧੇਰੇ ਸੁਖਾਵੇਂ ਨਹੀਂ। ਸਹਾਇਤਾ ਲਈ ਬਾਹਰੀ ਕਿਸੇ ਤਾਕਤ ਉਪਰ ਟੇਕ ਨਹੀਂ ਰੱਖਣੀ ਬਣਦੀ। ਨਿਰਸੰਦੇਹ ਭਾਰਤੀ ਫੌਜ ਸੂਰਮਗਤੀ ਵਿਚ ਕਿਸੇ ਤੋਂ ਘੱਟ ਨਹੀਂ ਪਰ ਇਸ ਕੋਲ ਪੂਰਾ ਸਾਜ਼ ਸਮਾਨ ਵੀ ਤਾਂ ਹੋਵੇ। ਕੁਝ ਵੀ ਹੋਵੇ ਸਮੁੱਚੇ ਤੌਰ 'ਤੇ ਤਾਕਤਾਂ ਦਾ ਸੰਤੁਲਨ ਬਹੁਤ ਬੇਵਿਸਾਹਾ ਹੈ ਜਿਸ ਕਾਰਨ ਹਾਲਾਤ ਜੰਗ ਲਈ ਸਾਜ਼ਗਾਰ ਵਿਖਾਈ ਨਹੀਂ ਦਿੰਦੇ।

## ਪਾਕਿਸਤਾਨ ਨੂੰ ਜਾ ਰਿਹਾ ਪਾਣੀ ਰੋਕਣ ਦੇ ਬਹਾਨੇ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੇ ਮਨਸੂਬੇ

ਨਿਤਿਨ ਗਡਕਰੀ ਨੇ ਉੱਤਰ ਪ੍ਰਦੇਸ਼ ਦੇ ਬਾਗਪਤ 'ਚ ਕਿਹਾ ਸੀ, "ਯਮੁਨਾ ਦਰਿਆ ਨੂੰ ਸ਼ੁੱਧ ਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਹੁਣ ਤਿੰਨ ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਹੋਣ ਨਾਲ ਪਾਣੀ ਦਾ ਵਹਾਅ ਯਮੁਨਾ ਦਰਿਆ ਵੱਲ ਕਰ ਦਿੱਤਾ ਜਾਵੇਗਾ।"

ਇਹ ਬਿਆਨ ਪਾਕਿਸਤਾਨ ਖਿਲਾਫ ਨਫਰਤ ਅਤੇ ਭਾਰਤੀ ਦੇਸ਼ ਭਗਤੀ ਦੀ ਆੜ ਵਿਚ ਦਿੱਤਾ ਗਿਆ ਤਾਂ ਕਿ ਪੰਜਾਬ ਵਿਚੋਂ ਇਸ ਦਾ ਕੋਈ ਵਿਰੋਧ ਨਾ ਹੋਵੇ। ਉਂਝ ਵੀ ਭਾਰਤ ਵਿਚ ਦੇਸ਼ ਭਗਤੀ ਦੇ ਨਾਂ 'ਤੇ ਜ਼ੁਲਮ ਕਰਨ ਦਾ ਸਰਕਾਰੀ ਲਾਇਸੈਂਸ ਮਿਲ ਜਾਂਦਾ ਹੈ ਅਤੇ ਜੇ ਕੋਈ ਇਸ ਜ਼ੁਲਮ ਦਾ ਵਿਰੋਧ ਕਰੇ ਤਾਂ ਉਸ ਨੂੰ ਸਖਤ ਸਜ਼ਾਵਾਂ ਮਿਲਦੀਆਂ ਹਨ। ਅਜਿਹਾ ਹੀ ਕੁਝ ਹੁਣ ਪੰਜਾਬ ਦੇ ਪਾਣੀਆਂ ਦੀ ਨਵੀਂ ਲੁੱਟ ਲਈ ਕੀਤੇ ਜਾ ਰਹੇ ਜੁਗਾੜ ਵਿਚ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਰਾਵੀ ਦਰਿਆ ਰਾਹੀਂ ਲਹਿੰਦੇ ਪੰਜਾਬ ਵਿਚ ਜਾਂਦੇ ਪਾਣੀ ਨੂੰ ਰੋਕਣ ਦਾ ਐਲਾਨ ਕਰਕੇ ਤਿੰਨ ਪ੍ਰੋਜੈਕਟਾਂ 'ਤੇ ਕੰਮ ਕਰ ਰਹੀ ਹੈ। ਇਹ ਤਿੰਨ ਪ੍ਰੋਜੈਕਟ ਹਨ- ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ (ਪੰਜਾਬ), ਦੂਜਾ ਰਾਵੀ-ਬਿਆਸ ਲਿੰਕ ਪ੍ਰੋਜੈਕਟ, ਉੱਝ ਡੈਮ ਪ੍ਰੋਜੈਕਟ (ਜੰਮੂ ਕਸ਼ਮੀਰ)। ਇਹਨਾਂ ਤਿੰਨਾਂ ਪ੍ਰੋਜੈਕਟਾਂ ਵਿਚੋਂ ਸਭ ਤੋਂ ਵਿਵਾਦਿਤ ਦੂਜਾ ਰਾਵੀ-ਬਿਆਸ ਲਿੰਕ ਪ੍ਰੋਜੈਕਟ ਹੈ ਜਿਸ ਰਾਹੀਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀ ਨਵੀਂ ਵਿਉਂਤਬੰਦੀ ਕੀਤੀ ਗਈ ਹੈ।

ਕੀ ਹੈ ਦੂਜਾ-ਰਾਵੀ ਬਿਆਸ ਲਿੰਕ ਪ੍ਰੋਜੈਕਟ ?

ਦੂਜਾ ਰਾਵੀ-ਬਿਆਸ ਲਿੰਕ ਪ੍ਰੋਜੈਕਟ ਹਰਿਆਣਾ ਸਰਕਾਰ ਵਲੋਂ 2008 ਵਿਚ ਭਾਰਤ ਦੀ ਸਰਕਾਰ ਸਾਹਮਣੇ ਪੇਸ਼ ਕੀਤਾ ਗਿਆ ਸੀ ਜਿਸ ਨੂੰ ਬਣਾਉਣ 'ਤੇ ਉਸ ਸਮੇਂ 784 ਕਰੋੜ ਰੁਪਏ ਰਕਮ ਖਰਚ ਹੋਣ ਦਾ ਦਾਅਵਾ ਕੀਤਾ ਗਿਆ ਸੀ। ਭਾਰਤ ਸਰਕਾਰ ਨੇ ਹਰਿਆਣਾ ਸਿੰਚਾਈ ਵਿਭਾਗ ਵਲੋਂ ਪੇਸ਼ ਕੀਤੇ ਗਏ ਇਸ ਪ੍ਰੋਜੈਕਟ ਨੂੰ ਬਿਨ੍ਹਾਂ ਕਿਸੇ ਝਿਜਕ ਤੋਂ ਪ੍ਰਵਾਨਗੀ ਦੇ ਦਿੱਤੀ। ਇਸ ਪ੍ਰੋਜੈਕਟ ਨੂੰ ਭਾਰਤ ਦੇ 14 ਰਾਸ਼ਟਰੀ ਪ੍ਰੋਜੈਕਟਾਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਜਿਹਨਾਂ 'ਤੇ ਕੁੱਲ 53,200 ਕਰੋੜ ਰੁਪਇਆ ਖਰਚ ਕੀਤਾ ਜਾਣਾ ਸੀ। ਇਸ ਪ੍ਰੋਜੈਕਟ ਰਾਹੀਂ ਪੰਜਾਬ ਦੇ ਰਾਵੀ ਦਰਿਆ ਵਿਚੋਂ ਹਰਿਆਣੇ ਨੂੰ ਪਾਣੀ ਦਿੱਤਾ ਜਾਣਾ ਹੈ। ਰਾਵੀ ਦਰਿਆ ਵਿਚ ਪੈਂਦੀ ਉੱਝ ਨਦੀ ਦਾ ਪਾਣੀ ਉੱਝ ਡੈਮ ਵਿਚ ਰੋਕ ਕੇ ਉਸ ਤੋਂ ਹੇਠਲੇ ਪਾਸੇ ਸੁਰੰਗ ਬਣਾਈ ਜਾਵੇਗੀ ਜਿਸ ਰਾਹੀਂ ਰਾਵੀ ਦਰਿਆ ਦਾ ਪਾਣੀ ਬਿਆਸ ਵਿਚ ਪਾ ਕੇ ਹਰੀ ਕੇ ਪੱਤਣ ਤੋਂ ਹਰਿਆਣੇ ਵਿਚ ਭੇਜਿਆ ਜਾਵੇਗਾ।

ਭਾਰਤ ਸਰਕਾਰ ਦੀ ਬਦਨੀਤੀ ਉਸ ਸਮੇਂ ਹੀ ਸਾਹਮਣੇ ਆ ਗਈ ਸੀ ਜਦੋਂ ਸੰਨ 2008 ਵਿਚ ਪੰਜਾਬ ਨੂੰ ਬਿਨਾ ਪੁੱਛੇ ਜਾ ਸੂਚਿਤ ਕੀਤੇ ਭਾਰਤ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਸੀ, ਜਦਕਿ ਭਾਰਤ ਦੇ ਸੰਵਿਧਾਨ ਮੁਤਾਬਿਕ ਪਾਣੀ 'ਤੇ ਸੂਬਿਆਂ ਦਾ ਹੱਕ ਹੈ ਤੇ ਸੂਬਾ ਸਰਕਾਰ ਦੀ ਮਰਜ਼ੀ ਤੋਂ ਬਿਨਾ ਪਾਣੀਆਂ ਦੀ ਵੰਡ ਸਬੰਧੀ ਕੇਂਦਰ ਸਰਕਾਰ ਕੋਈ ਫੈਸਲਾ ਨਹੀਂ ਕਰ ਸਕਦੀ। ਪਹਿਲਾਂ ਹੀ ਹਰਿਆਣੇ, ਰਾਜਸਥਾਨ ਅਤੇ ਦਿੱਲੀ ਵਲੋਂ ਕੀਤੀ ਜਾਂਦੀ ਪਾਣੀਆਂ ਦੀ ਲੁੱਟ ਦਾ ਸ਼ਿਕਾਰ ਪੰਜਾਬ ਵਲੋਂ ਇਸ ਫੈਸਲੇ 'ਤੇ ਇਤਰਾਜ਼ ਕੀਤਾ ਗਿਆ ਪਰ ਪੰਜਾਬ ਦੀ ਮਾੜੀ ਲੀਡਰਸ਼ਿਪ (ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ) ਪੰਜਾਬ ਦੇ ਹੱਕਾਂ ਲਈ ਡਟ ਕੇ ਨਾ ਖੜ ਸਕੀ ਤੇ ਹੁਣ ਤਕ ਇਸ ਪ੍ਰੋਜੈਕਟ ਦਾ ਕਿਸੇ ਵਲੋਂ ਕੋਈ ਸਖਤ ਵਿਰੋਧ ਨਹੀਂ ਕੀਤਾ ਗਿਆ। ਵਿਰੋਧ ਤੋਂ ਉਲਟ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਰਤ ਸਰਕਾਰ ਨੂੰ ਇਹਨਾਂ ਪ੍ਰੋਜੈਕਟਾਂ ਨੂੰ ਜਲਦ ਪੂਰਾ ਕਰਨ ਦੀਆਂ ਸਲਾਹਾਂ ਦੇ ਰਹੇ ਹਨ।

# Sir Speedy Tustin Printers to the Community




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

## ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

**Live-in housekeeper/ nanny needed**

ਕਾਲ ਕਰੋ

**510-938-7195**

## ਕਦੇ ਕਸ਼ਮੀਰੀਆਂ ਵਾਲਾ ਭਾਣਾ ਸਿੱਖਾਂ ਨਾਲ ਵਰਤਿਆ ਸੀ

ਪਹਿਲਾਂ, ਲੋਕਾਂ ਅੰਦਰ ਆਸ ਦੀ ਕਿਰਨ ਪੈਦਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਿਆਸਤ ਨੇ ਇਹ ਭੁਲੇਖੇ ਐਨ ਚੰਗੀ ਤਰ੍ਹਾਂ ਦੂਰ ਕਰ ਦਿੱਤੇ ਹੋਣਗੇ।

ਇਸ ਲੇਖ ਦੀ ਪਾਕਿਸਤਾਨ ਤੋਂ ਹੋਈ ਸ਼ੁਰੂਆਤ ਵਾਂਗ ਸਮਾਪਤੀ ਵੀ ਪਾਕਿਸਤਾਨ ਦੇ ਹਵਾਲੇ ਨਾਲ ਹੋਣੀ ਹੈ। ਪਾਕਿਸਤਾਨ ਅੰਦਰ ਪਾਕਿਸਤਾਨੀ ਫ਼ੌਜ ਦੀ ਤਾਕਤ ਬਾਰੇ ਹੁਣ ਕੋਈ ਦੋ ਰਾਵਾਂ ਨਹੀਂ। ਜਨਰਲ ਜ਼ਿਆ-ਉਲ ਹੱਕ ਨੇ ਆਪਣੇ ਕਾਰਜਕਾਲ (1979-1988) ਦੌਰਾਨ ਫ਼ੌਜ ਦਾ ਕਾਰੋਬਾਰ ਬਹੁਤ ਫੈਲਾਇਆ। ਇੱਥੇ ਕਾਰੋਬਾਰ ਦਾ ਮਤਲਬ ਸਿਰਫ ਫ਼ੌਜੀ ਤਾਕਤ ਨਹੀਂ। ਇਸੇ ਤਰਜ਼ ਉਤੇ ਭਾਰਤ ਅੰਦਰ ਪੰਜ ਸਾਲਾਂ ਦੌਰਾਨ ਫੈਲੀ ਨਰਿੰਦਰ ਮੋਦੀ ਦੀ ਸਿਆਸਤ ਬਾਰੇ ਕੀ ਖਿਆਲ ਹੈ ? ਇੱਥੇ ਵੀ ਸਿਆਸਤ ਦਾ ਮਤਲਬ ਸਿਰਫ ਸਿਆਸੀ ਤਾਕਤ ਨਹੀਂ ਹੈ।

ਪਿਛਲੇ ਸਾਲ ਜਦੋਂ ਦੋਹਾਂ ਮੁਲਕਾਂ ਵਿਚਕਾਰ ਕਰਤਾਰਪੁਰ ਲਾਂਘੇ ਵਾਲੀ ਮੁਹੱਬਤੀ ਫ਼ਿਜ਼ਾ ਰੁਮਕੀ ਸੀ ਤਾਂ ਇਸ ਤੌਖ਼ਲੇ ਨੇ ਸਿਰ ਉਠਾਇਆ ਸੀ ਕਿ ਇਹ ਪ੍ਰਾਜੈਕਟ ਸਾਲ ਭਰ ਵਿਚ ਮੁਕੰਮਲ ਹੋਣਾ ਹੈ; ਇਸ ਪ੍ਰਾਜੈਕਟ ਦੇ ਦੌਰਾਨ ਹੀ ਲੋਕ ਸਭਾ ਚੋਣਾਂ ਵੀ ਹੋਣੀਆਂ ਹਨ; ਤੇ ਭਾਰਤੀ ਜਨਤਾ ਪਾਰਟੀ ਦੀ ਕੋਈ ਵੀ ਚੋਣ ਪਾਕਿਸਤਾਨ ਦੀ ਚਰਚਾ ਤੋਂ ਬਗੈਰ ਕਦੀ ਮੁਕੰਮਲ ਨਹੀਂ ਹੁੰਦੀ। ਇਸ ਸੂਰਤ ਵਿਚ ਅਗਾਂਹ ਕੀ ਕੀ ਹਾਲਾਤ ਬਣਨਗੇ-ਵਿਗਸਣਗੇ, ਆਮ ਲੋਕ ਨੂੰ ਚਿੱਤ-ਚੇਤਾ ਵੀ ਨਹੀਂ। ਲੱਗਦਾ ਨਹੀਂ ਕਿ ਸੱਤਾਧਾਰੀਆਂ ਨੇ ਚੋਣਾਂ ਲਈ 'ਸਾਜ਼ਗਾਰ' ਮਾਹੌਲ ਦੀ ਸਿਰਜਣਾ ਲਈ ਚਿਰ ਪਹਿਲਾਂ, ਜੰਮੂ ਕਸ਼ਮੀਰ ਵਿਚ ਸਰਕਾਰ ਤੋੜ ਕੇ ਰੱਖ ਦਿੱਤੀ ਸੀ, ਬਸ ਇਸ ਦਾ ਪ੍ਰਗਟਾਓ ਹੀ ਹੁਣ ਹੋਇਆ ਹੈ। ਜਮਹੂਰੀਅਤ ਦਾ ਜਨਾਜ਼ਾ ਇਸ ਵਾਰ ਚਾਰ ਨਹੀਂ, ਚਾਲੀ ਪਰਿਵਾਰਾਂ ਦੇ ਮੋਢਿਆਂ ਉੱਤੇ ਧਰਿਆ ਦਿਸੀ ਜਾਂਦਾ ਹੈ। ਜੇ ਹਾਲਾਤ ਇਉਂ ਵੋਟਾਂ ਦੀ ਛਾਵੇਂ ਛਾਵੇਂ ਬਣਨੇ-ਵਿਗਸਣੇ ਹਨ, ਤਾਂ ਫਿਰ ਗੱਠਜੋੜਾਂ ਰਾਹੀਂ ਸੱਤਾਧਾਰੀਆਂ ਨੂੰ ਸੱਤਾ ਉੱਤੇ ਕਬਜ਼ਾ ਕਰਨ ਤੋਂ ਡੱਕਣ ਦੀ ਵੀ ਕੀ ਅਤੇ ਕਿੰਨੀ ਕੁ ਵੁਕਅਤ ਰਹਿ ਜਾਂਦੀ ਹੈ ! ਜ਼ਾਹਿਰ ਹੈ ਕਿ ਟੁਣਕਵੀਂ ਬਦਲਵੀਂ ਸਿਆਸਤ ਦੀ ਚਾਬੀ ਕਿਤੇ ਹੋਰ ਪਈ ਹੈ।

## ਕੌਣ ਚੁਕਾਏਗਾ ਪੁਲਵਾਮਾ ਘਟਨਾ ਦੀ ਰਾਜਨੀਤਕ ਕੀਮਤ ?

ਕੁਝ ਸਾਲਾਂ ਤੋਂ ਅੱਤਵਾਦੀ ਕਾਰਵਾਈਆਂ ਦਾ ਖਾਸਾ ਬਦਲਾਅ ਵੱਲ ਹੈ। ਮਾਰੇ ਜਾਣ ਵਾਲੇ ਅੱਤਵਾਦੀਆਂ ਵਿਚ ਸਥਾਨਕ ਨੌਜਵਾਨਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਵਿਦੇਸ਼ੀ ਅੱਤਵਾਦੀ ਘੱਟ ਹੁੰਦੇ ਜਾ ਰਹੇ ਹਨ। ਇਹ ਵੀ ਪੁੱਛਿਆ ਜਾ ਸਕਦਾ ਹੈ ਕਿ, ਕੀ ਸਰਕਾਰ ਦੀ ਰਣਨੀਤਕ ਸੋਚ ਉੱਤੇ ਕਸ਼ਮੀਰੀ ਅੱਤਵਾਦ ਦੇ ਢਾਂਚੇ ਵਿਚ ਹੋ ਰਿਹਾ ਇਹ ਬਦਲਾਅ ਦਰਜ ਹੋਇਆ ਹੈ ਅਤੇ ਜੇਕਰ ਹੋਇਆ ਹੈ ਤਾਂ ਇਸ ਦੇ ਹੱਲ ਲਈ ਸਰਕਾਰ ਨੇ ਆਪਣੀਆਂ ਨੀਤੀਆਂ ਵਿਚ ਕੀ ਬਦਲਾਅ ਕੀਤੇ ਹਨ ?

ਕਸ਼ਮੀਰ ਦੀ ਸਥਾਨਕ ਰਾਜਨੀਤੀ ਵਿਚ ਪੀ.ਡੀ.ਪੀ. ਅਤੇ ਨੈਸ਼ਨਲ ਕਾਨਫ਼ਰੰਸ ਦੇ ਨਜ਼ਦੀਕ ਆਉਣ ਦੀਆਂ ਸੰਭਾਵਨਾਵਾਂ ਨਾਲ ਇਕ ਨਵੀਂ ਹਲਚਲ ਪੈਦਾ ਹੋਈ ਹੈ। ਉਥੇ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਦੀਆਂ ਚੋਣਾਂ ਇਕੱਠੀਆਂ ਹੋ ਸਕਦੀਆਂ ਹਨ। ਜ਼ਾਹਰ ਹੈ ਕਿ ਪੀ.ਡੀ.ਪੀ. ਅਤੇ ਭਾਜਪਾ ਦੇ ਗੱਠਜੋੜ ਦਾ ਪ੍ਰਯੋਗ ਪੂਰੀ ਤਰ੍ਹਾਂ ਨਾਲ ਇਤਿਹਾਸ ਦੇ ਕੂੜੇਦਾਨ ਵਿਚ ਜਾ ਚੁੱਕਾ ਹੈ। ਭਾਜਪਾ ਵਾਲੇ ਤਾਂ ਹੁਣ ਇਸ ਦੀ ਚਰਚਾ ਵੀ ਕਰਨਾ ਪਸੰਦ ਨਹੀਂ ਕਰਦੇ। ਅਗਲੇ 10 ਦਿਨ ਤੱਕ ਸਾਨੂੰ ਸਾਰਿਆਂ ਨੂੰ ਸਾਹ ਰੋਕ ਕੇ ਬੈਠਣਾ ਹੋਵੇਗਾ ਅਤੇ ਇਹ ਵੇਖਣਾ ਹੋਵੇਗਾ ਕਿ ਸਾਡੀ ਫ਼ੌਜ ਕੀ ਕਰਦੀ ਹੈ ਅਤੇ ਹਾਲਾਤ ਉਸ ਨੂੰ ਕਿਸ ਹੱਦ ਤੱਕ ਕਾਰਵਾਈ ਕਰਨ ਦੀ ਇਜਾਜ਼ਤ ਦਿੰਦੇ ਹਨ। ਅਗਲੀ ਲੋਕ ਸਭਾ ਦਾ ਭਵਿੱਖ ਇਨ੍ਹਾਂ ਸਾਰੀਆਂ ਘਟਨਾਵਾਂ 'ਤੇ ਨਿਰਭਰ ਕਰਦਾ ਹੈ।

## ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਆਓ ਪੰਜਾਬੀ ਬੋਲੀ ਬਾਰੇ ਵੀ ਸੋਚੀਏ

ਤੇ ਰਾਜ ਭਾਸ਼ਾ ਪੰਜਾਬੀ ਨੂੰ ਪਰ੍ਹਾਂ ਧੱਕ ਕੇ ਨਹੀਂ- ਇਹ ਤਾਂ ਪੰਜਾਬੀ ਕੌਮ ਨਾਲ ਅਨਿਆਂ ਹੈ, ਧਰੋਹ ਕਮਾਉਣ ਵਾਲਾ ਕਰਮ ਹੈ, ਆਪਣੀ ਮਾਂ ਬੋਲੀ ਵਲ ਪਿੱਠ ਕਰਕੇ ਜੀਊਣ ਵਾਲੇ ਨੂੰ ਕਪੁੱਤ ਕਿਹਾ ਜਾਂਦਾ ਹੈ - ਕੀ ਹਾਕਮ ਪੰਜਾਬੀ ਬੋਲੀ ਦੇ ਕਪੁੱਤ ਹਨ ? ਸਵਾਲ ਪੁੱਛਣਾ ਤਾਂ ਬਣਦਾ ਹੀ ਹੈ। ਇਨ੍ਹਾਂ ਸਵਾਲਾਂ ਤੋਂ ਅੱਗੇ ਵਧ ਕੇ ਪੰਜਾਬੀ ਬੋਲੀ/ ਪੰਜਾਬੀ ਸੱਭਿਆਚਾਰ ਦੇ ਵਾਰਸਾਂ ਨੂੰ ਜਵਾਬ ਖੁਦ ਹੀ ਲੱਭਣੇ ਪੈਣਗੇ। ਪੰਜਾਬੀ ਨੂੰ ਪਿਆਰਨ, ਸਤਿਕਾਰਨ ਵਾਲੇ ਪੰਜਾਬ ਦੇ ਧੀਆਂ-ਪੁੱਤਰ ਇਸ ਮਸਲੇ ਨੂੰ ਲੈ ਕੇ ਲਗਾਤਾਰ ਘੋਲ਼ ਕਰਦੇ ਰਹੇ ਹਨ। ਸਰਕਾਰੀ ਤਸ਼ੱਦਦ ਤੇ ਜੇਲਬੰਦੀਆਂ ਵੀ ਝੱਲਦੇ ਰਹੇ ਹਨ ਪਰ ਸਰਕਾਰਾਂ ਟੱਸ ਤੋਂ ਮੱਸ ਨਹੀਂ ਹੋਈਆਂ। ਕਾਰਨ ਕੀ ਹੋ ਸਕਦਾ ਹੈ ? ਪੰਜਾਬ ਦੇ ਬਹੁਗਿਣਤੀ ਸਿਆਸਤਦਾਨਾਂ ਦਾ ਭਾਸ਼ਾ ਤੇ ਸੱਭਿਆਚਾਰਕ ਮਸਲਿਆਂ ਨੂੰ ਸਮਝਣ ਵਾਲੀ ਸੂਝ ਤੋਂ ਸੱਖਣੇ ਹੋਣਾ ਅਤੇ ਨਾਲ ਹੀ ਸੂਬੇ ਅੰਦਰ ਪੰਜਾਬੀਆਂ ਦੇ ਅਮੀਰ ਵਿਰਸੇ ਤੇ ਜੀਵਨ ਜਾਚ ਤੋਂ ਅਣਜਾਣ ਨੀਤੀਆਂ ਘੜਨ ਵਾਲੀ ਗੈਰ-ਪੰਜਾਬੀ ਉੱਚ ਅਫਸਰਸ਼ਾਹੀ ਇਸ ਸਥਿਤੀ ਦੇ ਜ਼ਿੰਮੇਵਾਰ ਹੋ ਸਕਦੇ ਹਨ। ਪੰਜਾਬੀਆਂ ਵਾਸਤੇ ਇਨ੍ਹਾਂ ਸਮੱਸਿਆ/ਸਵਾਲਾਂ ਨੂੰ ਸਮਝਣ ਤੇ ਸੁਲਝਾਉਣ ਦੀ ਲੋੜ ਹੈ। ਗੈਰ ਯਥਾਰਥਕ ਗੱਲਾਂ ਕਰਨ ਵਾਲੇ ਕਮਲ਼ ਕੁੱਟਦੇ ਹੋਏ ਆਖੀ ਜਾਂਦੇ ਹਨ ਕਿ ਸਾਇੰਸ ਤਾਂ ਪੰਜਾਬੀ ਵਿਚ "ਪੜ੍ਹਾਈ ਹੀ ਨਹੀਂ ਜਾ ਸਕਦੀ" ਇਹ ਝੂਠ ਹੈ - ਨਿਰਾ ਝੂਠ। ਭਾਸ਼ਾ ਦੇ ਜਾਣਕਾਰ ਦੱਸਦੇ ਹਨ ਕਿ ਇਹ ਕੋਈ ਮਸਲਾ ਨਹੀਂ। ਅੜਿੱਕੇ ਡਾਹੁਣ ਵਾਲਿਆ ਨੂੰ ਛੋਟਾ ਜਿਹਾ ਸਵਾਲ ਹੈ ਕਿ ਜਿਨ੍ਹਾਂ ਮੁਲਕਾਂ ਨੇ ਵਿਕਾਸ ਕੀਤਾ ਤੇ ਅੱਜ ਉਹ ਬਹੁਤੇ ਖੇਤਰਾਂ ਵਿਚ ਸੰਸਾਰ ਦੇ ਮੋਹਰੀ ਬਣੇ ਹੋਏ ਹਨ- ਜਿਨ੍ਹਾਂ ਵਿਚ ਮਿਸਾਲ ਵਜੋਂ ਰੂਸ, ਜਪਾਨ, ਚੀਨ , ਜਰਮਨੀ, ਫਰਾਂਸ, ਸਵਿਟਜ਼ਰਲੈਂਡ ਆਦਿ ਬਹੁਤ ਸਾਰੇ (ਗੈਰ ਅੰਗਰੇਜ਼ੀ) ਮੁਲਕਾਂ ਨੇ ਆਪਣੇ ਦੇਸ਼ਾਂ ਵਿਚ ਸਿੱਖਿਆ ਦਾ ਮਾਧਿਅਮ ਆਪਣੀ ਮਾਂ ਬੋਲੀ ਨੂੰ ਬਣਾਇਆ ਹੈ, ਉਨ੍ਹਾਂ ਨੂੰ ਤਾਂ ਕੋਈ ਮੁਸ਼ਕਲ ਨਹੀਂ ਆਈ ਫੇਰ ਪੰਜਾਬੀ ਵਿਚ ਸਾਇੰਸ ਪੜ੍ਹਾਉਣ ਦੇ ਰਾਹ ਵਿਚ ਕੰਡੇ ਖਿਲਾਰਨ ਵਾਲੇ ਕਿਹੜੀ ਬੀਮਾਰ ਮਾਨਸਿਕਤਾ ਦੇ ਪੱਲੇ ਪੈ ਗਏ ਹਨ ਤੇ ਕਿਹੜਾ ਮਾਨਸਿਕ ਰੋਗ ਹੰਢਾ ਰਹੇ ਹਨ। ਢੁੱਚਰਾਂ ਡਾਹੁਣ ਵਾਲੇ ਇਨ੍ਹਾਂ ਲੋਕਾਂ ਨੂੰ ਆਪਣੇ ਸਨਕੀਪੁਣੇ ਦਾ ਇਲਾਜ ਕਰਵਾਉਣ ਬਾਰੇ ਫਿਕਰਮੰਦ ਹੋਣਾ ਚਾਹੀਦਾ ਹੈ। ਸ਼ਾਇਦ ਫੇਰ ਉਹ ਸਮਾਜ ਬਾਰੇ ਸੋਚਣ ਦੇ ਯੋਗ ਹੋ ਸਕਣ। ਫੇਰ ਸ਼ਾਇਦ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਦਾ ਚੇਤਾ ਵੀ ਆ ਜਾਵੇ। ਕਿਸੇ ਵੀ ਸਮਾਜ ਅੰਦਰ ਜਦੋਂ ਤੱਕ ਸਿੱਖਿਆ ਦਾ ਮਾਧਿਅਮ ਮਾਂ ਬੋਲੀ ਨਹੀਂ ਹੋਵੇਗਾ ਉਨ੍ਹਾ ਦੇ ਵਿਦਿਆਰਥੀਆਂ ਦਾ ਅਸਾਵਾਂ ਵਿਕਾਸ ਹੋਵੇਗਾ। ਅਸਾਵੇਂ ਹੋਏ ਵਿਕਾਸ ਵਾਲੇ ਬੱਚੇ ਦੂਜਿਆਂ ਦਾ ਮੁਕਾਬਲਾ ਕਿਵੇਂ ਕਰ ਸਕਣਗੇ ? (ਬੱਚਿਆਂ ਦਾ ਅਧਿਐਨ ਕਰਨ ਵਾਲੇ ਮਨੋਵਿਗਿਆਨੀ ਇਸ ਨੂੰ ਮੰਨਦੇ ਹਨ) ਜੇ ਸਰਕਾਰਾਂ ਇਸ ਬੇਗਾਨੇ ਰਾਹੇ ਤੁਰਦੀਆਂ ਰਹਿਣਗੀਆਂ ਤਾਂ ਇਹ ਪੰਜਾਬੀ ਕੌਮ ਦੇ ਹੋਰ ਪਛੜ ਜਾਣ ਦਾ ਰਾਹ ਸਾਬਤ ਹੋਵੇਗਾ। ਮੁੱਖ ਗੱਲ ਕਿ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਵੇ ਤਾਂ ਲੋਕ ਖੁਦ ਹੀ ਇਸ ਨੂੰ ਆਪਣੀ ਲੋੜ ਸਮਝ ਕੇ ਇਸ ਪਾਸੇ ਵੱਲ ਖਿੱਚੇ ਜਾਣਗੇ। ਪੰਜਾਬ ਦੇ ਕਾਫੀ ਸਾਰੇ ਸਕੂਲਾਂ ਵਿਚ ਬੱਚਿਆਂ ਵਲੋਂ ਆਪਸ ਵਿਚ ਪੰਜਾਬੀ ਬੋਲਣ ਤੋਂ ਰੋਕਿਆ ਜਾਂਦਾ ਹੈ, ਪਰ ਅੱਜ ਤੱਕ ਅਜਿਹੇ ਕਿਸੇ ਵੀ ਸਕੂਲ ਦੇ ਮੁਖੀ ਜਾਂ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਣ ਵਾਲਿਆਂ ਦੇ ਖਿਲਾਫ ਕਦੇ ਨਹੀਂ ਸੁਣਿਆ ਕੋਈ ਕਾਰਵਾਈ ਹੋਈ ਹੋਵੇ। ਅਜਿਹੇ ਪੰਜਾਬੀ ਵਿਰੋਧੀ ਅਨਸਰਾਂ ਨੂੰ ਰਾਜ ਭਾਸ਼ਾ ਐਕਟ ਦੀ ਅਵੱਗਿਆ ਕਰਨ ਬਦਲੇ ਬਣਦੀ ਸਜ਼ਾ ਹਰ ਹੀਲੇ ਦਿੱਤੀ ਜਾਣੀ ਚਾਹੀਦੀ ਹੈ। ਬਹੁਤ ਸਾਰੇ ਸਕੂਲਾਂ ਵਿਚ ਕੁੱਝ ਵਿਸ਼ਿਆਂ ਨੂੰ ਪੰਜਾਬੀ ਵਿਚ ਪੜ੍ਹਾਉਣ ਦਾ ਪ੍ਰਬੰਧ ਨਾ ਕਰਕੇ ਬੱਚਿਆਂ ਨੂੰ ਉਨ੍ਹਾਂ ਵਿਸ਼ਿਆਂ ਵਾਸਤੇ ਹਿੰਦੀ ਜਾਂ ਅੰਗਰੇਜ਼ੀ ਮਾਧਿਅਮ ਚੁਣਨਾ ਪੈਂਦਾ ਹੈ। ਉਹ ਸਬੰਧਿਤ ਵਿਸ਼ੇ ਵਾਸਤੇ ਪੰਜਾਬੀ ਮਾਧਿਅਮ ਵਿਚ ਸਿੱਖਿਆ ਦੇਣ ਵਾਲੇ ਅਧਿਆਪਕ ਰੱਖਣ ਦੀ ਥਾਂ ਵਿਦਿਆਰਥੀਆਂ ਨੂੰ ਨਾ ਪਸੰਦ ਭਾਸ਼ਾ ਰਾਹੀਂ ਸਿੱਖਿਆ ਲੈਣ ਵਾਸਤੇ ਮਜਬੂਰ ਕਰਦੇ ਹਨ। ਬੱਚੇ ਤੋਂ ਉਸਦਾ ਬੁਨਿਆਦੀ ਅਧਿਕਾਰ ਵੀ ਖੋਹ ਲੈਂਦੇ ਹਨ। ਪੰਜਾਬੀ ਦੇ ਵਿਰੋਧ ਵਾਲੇ ਇਹ ਨਹੀਂ ਜਾਣਦੇ ਕਿ ਉਨ੍ਹਾਂ ਦਾ ਨੈਤਿਕ ਫ਼ਰਜ਼ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨਾ ਵੀ ਹੈ। ਕਿਸੇ ਸੱਭਿਆਚਾਰ ਦੀ ਪ੍ਰਫੁਲਤਾ ਉਨ੍ਹਾਂ ਲੋਕਾਂ ਦੀ ਮਾਂ ਬੋਲੀ ਦੇ ਆਸਰੇ ਹੀ ਸਹੀ ਦਿਸ਼ਾ ਵਿਚ ਜਾ ਸਕਦੀ ਹੈ। ਇਹ ਪ੍ਰਮਾਣਿਕ ਸੱਚ ਹੈ।

ਪੰਜਾਬੀ ਨੂੰ ਕਿਸੇ ਇਕ ਫਿਰਕੇ ਨਾਲ ਭਾਵ ਊੜੇ ਨੂੰ ਸਿਰਫ ਜੂੜੇ ਨਾਲ ਜੋੜਨ ਵਾਲੀ ਮਾਨਸਿਕਤਾ ਦੇ ਪ੍ਰਚਾਰਕਾਂ ਨੂੰ ਪੰਜਾਬੀਅਤ (ਸਾਰੇ ਫਿਰਕਿਆਂ ਦੀ ਸਾਂਝੀ ਬੋਲੀ/ਭਾਸ਼ਾ) ਨਾਲ ਜੋੜ ਕੇ ਜਵਾਬ ਦਿੱਤਾ ਜਾ ਸਕਦਾ ਹੈ। ਇਹ ਸਾਰੇ ਸੰਸਾਰ ਵਿਚ ਵਸਦੇ ਪੰਜਾਬੀਆਂ ਦੀ ਸਾਂਝੀ ਬੋਲੀ ਹੈ - ਪੰਜਾਬੀਅਤ ਦਾ ਪਸਾਰਾ ਕਰਨ ਵਾਸਤੇ ਇਹ ਬੁਨਿਆਦ ਹੈ। ਸਮਾਜ ਅੰਦਰ ਬੋਲੀ ਤੇ ਭਾਸ਼ਾ ਹੀ ਲੋਕਾਂ ਦੀ ਨੇੜਤਾ ਦਾ ਸਾਂਝਾ ਸੂਤਰ ਹੁੰਦਾ ਹੈ। ਪੰਜਾਬੀ ਬੋਲੀ/ਭਾਸ਼ਾ ਨੂੰ ਇਕ ਫਿਰਕੇ ਨਾਲ ਜੋੜ ਕੇ ਅਸੀਂ ਤਾਂ ਪੰਜਾਬੀ ਦੇ ਪਹਿਲੇ ਸ਼ਾਇਰ ਮਹਾਂਪੁਰਖ ਬਾਬਾ ਸ਼ੇਖ ਫਰੀਦ ਤੇ ਪੰਜਾਬੀ ਦੇ ਹੋਰ ਬਹੁਤ ਸਾਰੇ ਦਾਨਿਸ਼ਵਰਾਂ ਨੂੰ ਵੀ ਰੱਦ ਕਰੀ ਜਾ ਰਹੇ ਹਾਂ। ਇਹ ਗੁਰੂ ਨਾਨਕ ਦਾ ਰਾਹ ਨਹੀਂ, ਬਾਬਾ ਨਾਨਕ ਤਾਂ ਕੁੱਲ ਲੋਕਾਈ ਨੂੰ ਕਲਾਵੇ ਵਿਚ ਲੈਣ ਦਾ ਹੋਕਾ ਦਿੰਦਾ ਹੈ - ਪਰ ਆਪਣੇ ਆਪ ਨੂੰ ਵਿਦਵਾਨ ਕਹਿਣ-ਕਹਾਉਣ ਵਾਲੇ ਤਾਂ ਪੰਜਾਬੀ ਕੌਮ ਦਾ ਆਕਾਰ ਛੋਟਾ ਕਰਨ 'ਤੇ ਲੱਗੇ ਹੋਏ ਹਨ। ਹੁਣ ਪੰਜਾਬੀ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਵਸ ਰਹੇ ਹਨ- ਸੋਚ ਦੇ ਘੇਰੇ ਨੂੰ ਵੀ ਕੌਮਾਂਤਰੀ ਪੱਧਰ ਦੇ ਹਾਣ ਦਾ ਕਰਨ ਦੀ ਲੋੜ ਹੈ- ਦੂਜੇ ਸ਼ਬਦਾਂ ਵਿਚ - ਇਹੋ ਬੋਲੀ ਤਾਂ ਸਾਰਿਆਂ ਨੂੰ ਜੋੜਨ ਵਾਲਾ ਸਰਬੱਤ ਦੇ ਭਲੇ ਦਾ ਸੁਚੱਜਾ ਰਾਹ ਹੈ।

ਸ਼੍ਰੋਮਣੀ ਕਮੇਟੀ ਨੂੰ ਵੀ ਇਸ ਪਾਸੇ ਸਰਗਰਮ ਹੋਣਾ ਪਵੇਗਾ। ਪੰਜਾਬੀ ਜ਼ੁਬਾਨ ਹੀ ਸਿਖ ਧਰਮ ਦੇ ਸੰਚਾਰ ਦਾ ਸਾਧਨ ਹੈ ਜੇ ਪੰਜਾਬੀ ਨਾਲੋਂ ਅਗਲੀ ਪੀੜ੍ਹੀ ਨੂੰ ਤੋੜ ਦਿੱਤਾ ਗਿਆ ਤਾਂ ਦੱਸਿਉ ਕਿ ਧਾਰਮਿਕ ਸਾਹਿਤ ਦਾ ਕੀ ਬਣੇਗਾ ? ਤੁਸੀਂ ਧਰਮ ਪ੍ਰਚਾਰਕ ਕਿੱਥੋਂ ਲਿਆਵੋਂਗੇ ? ਪਰਚਾਰ ਕਰੋਗੇ ਕਿਸ ਦੇ ਵਾਸਤੇ ? ਕੀ ਬਣੇਗਾ ਪੰਜਾਬੀ ਵਿਚ ਛਪੇ ਧਾਰਮਿਕ ਗ੍ਰੰਥਾਂ ਦਾ, ਜੇ ਹੁਣ ਪੱਛੜ ਗਏ ਤਾਂ ਕੱਲ੍ਹ ਦੇ ਦੋਸ਼ੀ ਕਹਾਵੋਂਗੇ, ਸੋਚਣ ਦਾ ਵੇਲਾ ਹੈ। ਯਾਦ ਰੱਖੋ - ਪੰਜਾਬੀ ਸਾਡੀ ਪਹਿਚਾਣ ਵੀ ਹੈ ਤੇ ਜੀਵਨ ਜਾਚ ਵੀ। ਹੁਣ ਬਾਬਾ ਨਾਨਕ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਅੰਦਰ ਹਰ ਪੱਧਰ 'ਤੇ (ਸਮੇਤ ਅਦਾਲਤਾਂ ਦੇ) ਪੰਜਾਬੀ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਜੇ ਪ੍ਰਕਾਸ਼ ਪੁਰਬ ਤੱਕ ਪੰਜਾਬੀ ਨੂੰ ਹਰ ਪੱਧਰ 'ਤੇ ਲਾਗੂ ਨਹੀਂ ਕੀਤਾ ਜਾਂਦਾ ਤਾਂ ਸਮਝੋ ਕਿ ਹਕੂਮਤੀ ਜਮਾਤ ਅਜੇ ਵੀ ਗੁਰੂ ਨਾਨਕ ਸਾਹਿਬ ਜੀ ਵੱਲ ਪਿੱਠ ਕਰਕੇ ਬੈਠੀ ਹੈ। ਉਨ੍ਹਾਂ ਨੇ ਆਪਣੇ ਸੋਹਲੇ ਗਾਉਣ ਖਾਤਰ ਲੋਕਾਂ ਵਲੋਂ ਦਿੱਤੇ ਟੈਕਸਾਂ ਦੇ ਸੈਂਕੜੇ ਕਰੋੜਾਂ ਰੁਪਏ ਅਜਾਈਂ ਗੁਆ ਦੇਣੇ ਹਨ। ਕੀ ਲੋਕ ਹੁਣ ਸਾਢੇ ਪੰਜ ਸਦੀਆਂ ਬਾਅਦ ਵੀ ਬੈਠੇ ਦੇਖਦੇ ਹੀ ਰਹਿਣਗੇ ਕਿ ਊਠ ਦਾ ਬੁੱਲ੍ਹ ਕਦੋਂ ਡਿੱਗਦਾ ਹੈ। ਇਹ ਆਪਣੇ ਗੁਰੂ ਨਾਲ ਧੋਖਾ ਕਰਨ ਦੇ ਤੁਲ ਹੋਵੇਗਾ। ਗੁਰੂ ਵੱਲ ਮੂੰਹ ਕਰਨ ਦਾ ਜਤਨ ਕਰੋ ਗੁਰੂ ਨੂੰ ਆਪਣਾ ਕਹਿਣ ਵਾਲਿਉ - ਗੁਰੂ ਦੀਆਂ ਸਿਖਿਆਵਾਂ 'ਤੇ ਅਮਲ ਕਰਕੇ ਇਨਸਾਨ ਹੋਣ ਦਾ ਫ਼ਰਜ਼ ਪੂਰਾ ਕਰਨ ਦੀ ਕੋਸ਼ਿਸ਼ ਤਾਂ ਕਰੋ। ਇਹ ਕਾਰਜ ਸਿਰਫ ਸਰਕਾਰਾਂ ਦਾ ਹੀ ਨਹੀਂ ਇਸ ਵਾਸਤੇ ਲੋਕਾਂ ਨੂੰ ਵੀ ਸਰਗਰਮ ਹੋਣਾ ਪਵੇਗਾ। ਪੰਜਾਬ ਦੇ ਵਿਧਾਨਕਾਰਾਂ ਨੇ ਕਦੇ ਵੀ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਸਰਕਾਰ ਨੂੰ ਪੰਜਾਬੀ ਹਰ ਪੱਧਰ 'ਤੇ ਲਾਗੂ ਕਰਨ ਵਾਸਤੇ ਮਜਬੂਰ ਕਰਨ। ਇਹ ਵੀ ਯਾਦ ਰੱਖਣ ਕਿ ਵਿਧਾਇਕ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਹਨ- ਉਹ ਆਪਣੇ ਲੋਕਾਂ ਦੀ ਆਵਾਜ਼ ਹਨ। ਉਹ ਲੋਕਾਂ ਦੇ ਦਿੱਤੇ ਟੈਕਸਾਂ ਵਿਚੋਂ ਮੋਟੀਆਂ ਤਨਖਾਹਾਂ-ਭੱਤੇ ਤੇ ਜ਼ਿੰਦਗੀ ਨੂੰ ਸੌਖਿਆਂ ਕਰਨ ਵਾਲੀਆਂ ਹੋਰ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਕਰਦੇ ਹਨ। ਲੋਕ ਤੁਹਾਨੂੰ ਸਹੂਲਤਾ ਦੇ ਰਹੇ ਹਨ - ਤੁਸੀਂ ਵੀ ਲੋਕਾਂ ਪ੍ਰਤੀ ਆਪਣੇ ਫ਼ਰਜ਼ ਨਿਭਾਵੋ।

ਵਿਧਾਨ ਸਭਾ ਦੇ ਹਰ ਹਲਕੇ ਵਿਚ ਪੰਜਾਬੀ ਦੇ ਨਾਂ 'ਤੇ ਬਣੀਆਂ ਅਕਾਦਮੀਆਂ, ਸਾਹਿਤ ਸਭਾਵਾਂ, ਕਲਾ ਨਾਲ ਸਬੰਧੀ ਸੰਸਥਾਵਾਂ ਅਤੇ ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੀਆਂ ਪੰਚਾਇਤਾਂ, ਆਪੋ-ਆਪਣੇ ਵਿਧਾਇਕਾਂ ਨੂੰ ਵਿਧਾਨ ਸਭਾ ਵਿਚ ਇਸ ਮਸਲੇ ਨੂੰ ਉਠਾਉਣ ਵਾਸਤੇ ਮਜਬੂਰ ਕਰਨ। ਪਿੰਡਾਂ ਦੀਆਂ ਪੰਚਾਇਤਾਂ, ਨਗਰ ਪੰਚਾਇਤਾਂ, ਮਿਉਂਸਪੈਲਟੀਆਂ ਆਦਿ ਸਾਰੇ ਅਦਾਰੇ ਮਤੇ ਪਾਸ ਕਰਕੇ ਪੰਜਾਬ ਸਰਕਾਰ ਨੂੰ ਭੇਜਣ, ਹਰ ਸਾਹਿਤ ਸਭਾ ਆਪਣੇ ਪੱਧਰ ਤੇ ਸਰਕਾਰ ਨੂੰ ਖ਼ਤ ਲਿਖੇ ਤੇ ਪੰਜਾਬੀ ਨੂੰ ਹਰ ਪੱਧਰ 'ਤੇ ਲਾਗੂ ਕਰਨ ਦੀ ਮੰਗ ਕੀਤੀ ਜਾਵੇ। ਪੰਜਾਬੀ ਨੂੰ ਪਿਆਰ ਕਰਨ ਵਾਲਾ ਹਰ ਵਿਅਕਤੀ ਆਪਣੇ ਵਲੋਂ ਹਰ ਪੱਧਰ 'ਤੇ ਪੰਜਾਬੀ ਨੂੰ ਲਾਗੂ ਕਰਨ ਵਾਸਤੇ ਸਰਕਾਰ ਨੂੰ ਖ਼ਤ ਲਿਖੇ - ਜੇ ਇਹ ਖ਼ਤ ਕਰੋੜਾਂ ਵਿਚ ਨਹੀਂ ਤਾਂ ਲੱਖਾਂ ਵਿਚ ਤਾਂ ਜ਼ਰੂਰ ਸਰਕਾਰ ਤੱਕ ਪਹੁੰਚਣ। ਇਸ ਮਾਮਲੇ ਵਿਚ ਬੁੱਧੀਜੀਵੀਆਂ ਨੂੰ ਪਿੰਡਾਂ ਤੱਕ ਸਰਗਰਮ ਹੋਣਾ ਪਵੇਗਾ ਤਾਂ ਕਿ ਇਹ ਵਿਸ਼ਾਲ ਲਹਿਰ ਬਣ ਜਾਵੇ। ਬਿਨਾਂ ਲਹਿਰ ਉਸਾਰੇ ਇਹ ਕਾਰਜ ਪੂਰਾ ਨਹੀਂ ਹੋਣਾ। ਇਹ ਚੰਗਾ ਮੌਕਾ ਹੈ ਕਿ ਪੰਜਾਬੀ ਕੌਮ ਨੂੰ ਪਿਛਲਖੁਰੀ ਤੁਰਨ ਤੋਂ ਰੋਕ ਕੇ ਉਹਦੇ ਕਦਮਾਂ ਨੂੰ ਅੱਗੇ ਵਲ ਵਧਣ ਲਾਇਆ ਜਾਵੇ।

ਮਸਲਾ ਬਹੁਤ ਵੱਡਾ ਹੈ, ਲੋਕ ਹਮੇਸ਼ਾ ਹੀ ਬੁੱਧੀਜੀਵੀਆਂ ਤੋਂ ਸੇਧ ਲੈਂਦੇ ਰਹੇ ਹਨ। ਉੱਠੋ, ਪੰਜਾਬੀਓ/ਬੁੱਧੀਜੀਵੀਓ ! ਆਪਣੇ ਸਮੇਂ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਰਾਹ ਵਿਖਾਉਣ ਵਾਲੇ ਰਹਿਬਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਲੋਕਾਂ ਨੂੰ ਹਨੇਰੇ 'ਚੋਂ ਕੱਢ ਚਾਨਣ ਦੇ ਲੜ ਲਾਉਣ ਵਾਸਤੇ ਪੂਰੀ ਜਾਨ ਲਾ ਕੇ ਕੋਸ਼ਿਸ਼ ਕਰੀਏ, ਲੋਕਾਂ ਨੂੰ ਜਗਾਈਏ। ਅਸੀਂ ਬਾਬੇ ਨਾਨਕ ਦੀ ਸੋਚ ਦੇ ਵਾਰਿਸ ਕਹਾਉਣ ਦੇ ਹੱਕਦਾਰ ਹੋ ਜਾਈਏ। ਪੰਜਾਬੀ ਬਚੇਗੀ ਤਾਂ ਪੰਜਾਬੀ ਕੌਮ ਬਚੇਗੀ - ਬਾਬੇ ਨਾਨਕ ਦਾ ਸੰਦੇਸ਼ ਬਚੇਗਾ।

## ਇਕ ਇਤਿਹਾਸਕ ਘਟਨਾ ਜੋ ਸਿੱਖ ਅਰਦਾਸ ਦਾ ਹਿੱਸਾ ਬਣੀ

ਵਰਿਆਮ ਸਿੰਘ ਨਾਲ ਹੋਇਆ। ਉਸ ਨੇ ਜਥੇ ਨੂੰ ਵਾਪਸ ਮੋੜਨ ਦੀ ਬੇਨਤੀ ਕੀਤੀ। ਭਾਈ ਲਛਮਣ ਸਿੰਘ ਧਾਰੋਵਾਲੀ ਨੇ ਕਿਹਾ ਕਿ ਅਸੀਂ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਅਰਦਾਸ ਕਰਕੇ ਤੁਰੇ ਸਾਂ, ਹੁਣ ਨਹੀਂ ਮੁੜ ਸਕਦੇ। ਜਥਾ ਅੱਗੇ ਚਲਾ ਗਿਆ।

20 ਫਰਵਰੀ, 1921 ਨੂੰ ਜਥਾ ਸਵੇਰੇ ਕਰੀਬ ਛੇ ਵਜੇ ਨਨਕਾਣਾ ਸਾਹਿਬ ਗੁਰਦੁਆਰਾ ਪਹੁੰਚ ਗਿਆ। ਭਾਈ ਲਛਮਣ ਸਿੰਘ ਧਾਰੋਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਆ ਬੈਠੇ ਅਤੇ ਬਾਕੀ ਸਿੰਘਾਂ ਨੇ ਆਸਾ ਦੀ ਵਾਰ ਦਾ ਪਾਠ ਆਰੰਭ ਕਰ ਦਿੱਤਾ। ਇਸੇ ਸਮੇਂ ਮਹੰਤ ਨੇ ਦਰਸ਼ਨੀ ਡਿਊਢੀ ਦਾ ਮੁੱਖ ਦੁਆਰ ਬੰਦ ਕਰ ਦਿੱਤਾ। ਉਸ ਦੇ ਭਾੜੇ ਦੇ ਗੁੰਡਿਆਂ ਨੇ ਸ਼ਾਂਤਮਈ ਸਿੰਘਾਂ ਉਤੇ ਹਮਲਾ ਕਰ ਦਿੱਤਾ। ਗੋਲੀਆਂ ਦੀ ਬੁਛਾੜ ਵਿਚ ਸਿੰਘ ਸ਼ਹੀਦੀਆਂ ਪਾਉਂਦੇ ਗਏ। ਇੱਥੇ ਹੀ ਬਸ ਨਹੀਂ ਉਨ੍ਹਾਂ ਟਕੂਏ ਕ੍ਰਿਪਾਨਾਂ, ਛਵੀਆਂ ਅਤੇ ਗੰਡਾਸਿਆਂ ਨਾਲ ਸਿੰਘਾਂ ਨੂੰ ਘੇਰ-ਘੇਰ ਕੇ ਕੋਹ ਦਿੱਤਾ। ਮਿੰਟਾਂ ਸਕਿੰਟਾਂ ਵਿਚ ਹੀ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਜਾਂ ਫੱਟੜ ਹੋ ਕੇ ਡਿੱਗ ਗਏ। ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਵੀ ਜੰਡ ਨਾਲ ਪੁੱਠਾ ਲਟਕਾ ਕੇ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ।

ਜਦੋਂ ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਭਾਈ ਬੂਟਾ ਸਿੰਘ ਤੇ ਸ. ਉਤਮ ਸਿੰਘ ਨੇ ਗੋਲੀਆਂ ਦੀਆਂ ਆਵਾਜ਼ਾਂ ਸ. ਉਤਮ ਸਿੰਘ ਦਾ ਕਾਰਖਾਨੇ ਵਿਚ ਬੈਠਿਆਂ ਸੁਣੀਆਂ, ਤਾਂ ਉਹ ਸਾਰੇ ਗੁਰਦੁਆਰਾ ਸਾਹਿਬ ਵੱਲ ਨੱਸ ਪਏ। ਮਹੰਤ ਦੇ ਗੁੰਡੇ ਸਿੰਘਾਂ ਦਾ ਘਾਣ ਕਰ ਰਹੇ ਸਨ। ਭਾਈ ਦਲੀਪ ਸਿੰਘ ਨੇ ਜਦੋਂ ਇਨ੍ਹਾਂ ਨੂੰ ਰੋਕਿਆ ਤਾਂ ਗੁੰਡਿਆਂ ਨੇ ਉਨ੍ਹਾਂ ਨੂੰ ਵੀ ਬਲਦੀ ਭੱਠੀ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ।

ਇਸ ਸਮੇਂ ਤੱਕ ਗੁਰਦੁਆਰਾ ਸਾਹਿਬ ਅੰਦਰ ਦੇ ਸਾਰੇ ਸਿੰਘ ਸ਼ਹੀਦ ਜਾਂ ਜ਼ਖ਼ਮੀ ਕਰ ਦਿੱਤੇ ਗਏ ਸਨ। ਇਨ੍ਹਾਂ ਸਾਰਿਆਂ ਨੂੰ ਲੱਕੜਾਂ ਦੇ ਤਿੰਨ ਢੇਰ ਲਾ ਕੇ, ਮਿੱਟੀ ਦਾ ਤੇਲ ਪਾ ਕੇ, ਅੱਗ ਲਗਾ ਕੇ ਉਸ ਵਿਚ ਸੁੱਟ ਦਿੱਤਾ ਗਿਆ। ਸ.ਉਤਮ ਸਿੰਘ ਕਾਰਖਾਨੇਦਾਰ, ਸ੍ਰ.ਧੰਨਾ ਸਿੰਘ ਅਤੇ ਸ. ਕਰਮ ਸਿੰਘ ਸਟੇਸ਼ਨ ਮਾਸਟਰ ਨੇ ਇਸ ਦਰਦਨਾਕ ਸਾਕੇ ਦੀ ਖਬਰ ਸ਼੍ਰੋਮਣੀ ਕਮੇਟੀ, ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀਸੀ. ਆਦਿ ਨੂੰ ਤਾਰਾਂ ਭੇਜ ਕੇ ਦਿੱਤੀ।

ਇਸ ਭਿਆਨਕ ਸਾਕੇ ਦੀ ਖਬਰ ਨੇ ਸਿੱਖ ਜਗਤ ਵਿਚ ਹਾਹਾਕਾਰ ਮਚਾ ਦਿੱਤੀ। 21 ਫਰਵਰੀ 1921 ਨੂੰ ਪੰਥਕ ਆਗੂ ਅਤੇ ਬਹੁਤ ਸਾਰੀ ਸੰਗਤ ਵੀ ਨਨਕਾਣਾ ਸਾਹਿਬ ਪੁੱਜ ਗਈ। ਸ. ਕਰਤਾਰ ਸਿੰਘ ਝੱਬਰ ਵੀ 2200 ਸਿੰਘਾਂ ਦਾ ਜੱਥਾ ਲੈ ਕੇ ਪਹੁੰਚ ਗਏ। ਗੁਰਦੁਆਰਾ ਸਾਹਿਬ 'ਤੇ ਸਰਕਾਰ ਨੇ ਕਬਜ਼ਾ ਕਰ ਲਿਆ। ਝੱਬਰ ਜੀ ਦਾ ਜਥਾ ਹਰ ਕੀਮਤ 'ਤੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਲੈਣ ਲਈ ਤਿਆਰ ਹੋ ਕੇ ਆਇਆ ਸੀ। ਜਥਾ ਰੇਲਵੇ ਲਾਈਨ ਕੋਲ ਪੁੱਜਾ ਤਾਂ ਅੰਗਰੇਜ਼ ਅਫ਼ਸਰਾਂ ਵਿਚ ਕਮਿਸ਼ਨਰ, ਪੁਲਿਸ ਜਰਨੈਲਾਂ, ਫੌਜੀ ਜਰਨੈਲ ਅਤੇ ਡੀਸੀ. ਆਦਿ ਨੇ ਕਿਹਾ ਕਿ ਚਾਬੀਆਂ ਕੱਲ੍ਹ ਸੌਂਪ ਦਿਆਂਗੇ। ਝੱਬਰ ਨੇ ਕਿਹਾ ਕਿ ਚਾਬੀਆਂ ਹੁਣੇ ਚਾਹੀਦੀਆਂ ਹਨ। ਆਪਣੀ ਫੌਜ ਹਟਾ ਕੇ ਗੁਰਦੁਆਰਾ ਸਾਹਿਬ ਆਜ਼ਾਦ ਕਰ ਦਿਓ। ਸਿੰਘਾਂ ਨੇ ਆਪਣੇ ਹਥਿਆਰ ਸੂਤ ਲਏ, ਤਾਂ ਫਿਰ ਡੀਸੀ ਕੈਰੀ ਨੇ ਝੱਟ ਚਾਬੀਆਂ ਫੜਾ ਦਿੱਤੀਆਂ। ਉਸ ਵੇਲੇ ਸੱਤ ਮੈਂਬਰਾਂ ਦੀ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਸੰਗਤ ਨੂੰ ਦੇ ਦਿੱਤਾ ਗਿਆ। ਇਸ ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਵਾਲੇ ਬਣੇ।

22 ਫਰਵਰੀ 1921 ਨੂੰ ਪੰਜਾਬ ਦਾ ਗਵਰਨਰ ਮੈਕਲੈਗਨ ਆਪਣੀ ਕਾਰਜਕਾਰਨੀ ਸਮੇਤ ਇਥੇ ਪੁੱਜਾ। ਉਸ ਨੇ ਸਾਰੀ ਘਟਨਾ ਦਾ ਜਾਇਜ਼ਾ ਲਿਆ। ਫਰਵਰੀ 23, 1921 ਨੂੰ ਸਾਰੇ ਸ਼ਹੀਦ ਸਿੰਘਾਂ ਦਾ ਅੰਤਿਮ ਸੰਸਕਾਰ ਗੁਰ ਮਰਯਾਦਾ ਨਾਲ ਕੀਤਾ ਗਿਆ। ਅੰਗੀਠੇ ਵਾਲੀ ਥਾਂ ਗੁਰਦੁਆਰਾ ਸਾਹਿਬ ਦੇ ਅਹਾਤੇ ਵਿਚ ਪ੍ਰਕਾਸ਼ ਅਸਥਾਨ ਦੇ ਸਾਹਮਣੇ 'ਸ਼ਹੀਦ ਗੰਜ' ਬਣਿਆ ਹੋਇਆ ਹੈ।

ਸਾਕਾ ਨਨਕਾਣਾ ਸਾਹਿਬ ਵਿਚ ਮਹੰਤ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ ਸੋਲਾਂ ਪਠਾਣਾਂ ਨੂੰ ਸੱਤ-ਸੱਤ ਸਾਲ ਦੀ ਸਜ਼ਾ ਹੋਈ। ਹਾਈਕੋਰਟ ਵਿਚ ਅਪੀਲ ਉਤੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਦੀ ਕਰ ਦਿੱਤੀ। ਉਸ ਦੇ ਤਿੰਨ ਸਾਥੀਆਂ ਨੂੰ ਮੌਤ ਦੀ ਸਜ਼ਾ ਹੋਈ। ਅੱਠਾਂ ਵਿਚ ਦੋ ਦੀ ਕਾਲੇ ਪਾਣੀ ਦੀ ਸਜ਼ਾ ਰਹੀ ਤੇ ਬਾਕੀ ਬਰੀ ਹੋ ਗਏ।

ਇਸ ਸਾਕੇ ਵਿਚ ਲਗਭਗ 150 ਤੋਂ ਉਪਰ ਸਿੱਖਾਂ ਦੇ ਸ਼ਹੀਦ ਹੋਣ ਦਾ ਅੰਦਾਜਾ ਹੈ। ਹੁਣ ਤਕ ਸਿਰਫ਼ 86 ਸਿੰਘਾਂ ਦਾ ਵੇਰਵਾ ਮਿਲਿਆ ਹੈ। ਇਥੋਂ ਹੀ ਜਨਤਕ ਸ਼ਹੀਦੀਆਂ ਦਾ ਦੌਰ ਸ਼ੁਰੂ ਹੋਇਆ। ਅੱਗੇ ਜਾ ਕੇ 'ਗੁਰੂ ਕਾ ਬਾਗ', 'ਜੈਤੋ ਦਾ ਮੋਰਚਾ' ਵਿਚ ਸਿੱਖਾਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ। ਇਸ ਖੂਨੀ ਸ਼ਹੀਦੀ ਸਾਕੇ ਨੇ ਉਸ ਵੇਲੇ ਮੁੜ ਇਤਿਹਾਸ ਦੀਆਂ ਸ਼ਹੀਦੀਆਂ ਨੂੰ ਤਾਜ਼ਾ ਕਰ ਦਿੱਤਾ ਸੀ। ਇਹ ਸ਼ਹੀਦੀਆਂ ਰੋਜ਼ਾਨਾ ਦੀ ਸਿੱਖ ਅਰਦਾਸ ਦਾ ਹਿੱਸਾ ਬਣ ਗਈਆਂ; ਜਿਵੇਂ ਅਸੀਂ ਅੱਜ ਵੀ ਯਾਦ ਕਰਦੇ ਹਾਂ ਕਿ ਜਿਨ੍ਹਾਂ ਸਿੰਘਾਂ ਨੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ ਜੀ ਵਾਹਿਗੁਰੂ।

## ਨਸ਼ਿਆਂ ਦੇ ਹੜ੍ਹ ਵਿਚ ਡੁੱਬਦਾ ਜਾ ਰਿਹਾ ਪੰਜਾਬ

ਨਰਕ ਬਣਾ ਕੇ ਇਸ ਜੀਵਨ ਜਾਚ ਦੇ ਚੱਕਰਵਿਊ ਵਿੱਚੋਂ ਨਿਕਲਣ ਦੇ ਸਮਰੱਥ ਨਹੀਂ ਰਹਿੰਦੇ। ਇਸ ਚੱਕਰਵਿਊ ਨੂੰ ਤੋੜਨਾ ਧਾਰਮਿਕ ਜਥੇਬੰਦੀਆਂ, ਸਾਹਿਤ ਚੇਤਨਾ ਕੇਂਦਰਾਂ ਅਤੇ ਸਮਾਜਿਕ ਵਿਕਾਸ ਜਥੇਬੰਦੀਆਂ ਦਾ ਫਰਜ਼ ਹੈ।

ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਅਤੇ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਲੱਗੇ ਪੰਜਾਬੀਆਂ ਰਾਹੀਂ ਜ਼ਰਦਾ, ਅਫੀਮ, ਭੰਗ ਅਤੇ ਪੋਸਤ ਦੇ ਨਸ਼ੇ ਆਏ ਹਨ। ਪਹਿਲਾਂ ਸਿਰਫ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਕੰਮ ਕਰਦੇ ਡਰਾਈਵਰ, ਖਲਾਸੀ ਅਤੇ ਹੋਰ ਸਹਾਇਕ ਮਜ਼ਦੂਰ ਵਰਗ ਦੇ ਲੋਕ ਹੀ ਇਸ ਤੋਂ ਪੀੜਤ ਸਨ। ਪਰ ਹੁਣ ਪਿੰਡ-ਪਿੰਡ, ਸ਼ਹਿਰ-ਸ਼ਹਿਰ ਆਏ ਪ੍ਰਵਾਸੀ ਮਜ਼ਦੂਰ ਇੰਨੀ ਗਿਣਤੀ ਵਿੱਚ ਪੰਜਾਬ ਅੰਦਰ ਵੱਸ ਗਏ ਹਨ ਕਿ ਉਨ੍ਹਾਂ ਦੀ ਨਸ਼ਾ ਪੂਰਤੀ ਲਈ ਨਸ਼ਿਆਂ ਦੀਆਂ ਨਵੀਆਂ ਮੰਡੀਆਂ ਵੀ ਵਿਕਸਤ ਹੋ ਗਈਆਂ ਹਨ। ਤਲੀ 'ਤੇ ਮਲ ਕੇ ਬੁੱਲ੍ਹਾਂ ਹੇਠ ਰੱਖਣ ਵਾਲਾ ਜ਼ਰਦਾ ਪਿੰਡ-ਪਿੰਡ ਵਿਕ ਰਿਹਾ ਹੈ। ਬੜੇ ਦਿਲਕਸ਼ ਨਾਵਾਂ ਅਤੇ ਪੁੜੀਆਂ ਵਿੱਚ ਵਿਕਦੇ ਇਸ ਜ਼ਹਿਰ ਦੇ ਦਰਸ਼ਨ ਤੁਸੀਂ ਅਕਸਰ ਕਰਦੇ ਹੋਵੋਗੇ। ਪਰ ਕਿਸੇ ਕੈਂਸਰ ਹਸਪਤਾਲ ਵਿੱਚ ਪਏ ਦੰਦਾਂ ਅਤੇ ਜਬਾੜੇ ਦੇ ਕੈਂਸਰ ਵਾਲੇ ਰੋਗੀ ਨੂੰ ਪੁੱਛਿਓ, ਉਸ ਨੂੰ ਇਹ ਸੁਗਾਤ ਕਿੱਥੋਂ ਮਿਲੀ ਹੈ। ਉਹ ਆਪੇ ਹੀ ਇਨ੍ਹਾਂ ਪੁੜੀਆਂ ਦਾ ਸਿਰਨਾਵਾਂ ਦੱਸ ਦੇਵੇਗਾ।

ਸਾਡੇ ਸੁੱਤਿਆਂ ਸੁੱਤਿਆਂ ਨਸ਼ਿਆਂ ਦੇ ਹੜ੍ਹ ਦਾ ਪਾਣੀ ਸਾਡੇ ਘਰਾਂ ਦੀਆਂ ਕੰਧਾਂ ਤੋੜ ਕੇ ਅੰਦਰ ਆ ਵੜਿਆ ਹੈ ਪਰ ਅਸੀਂ ਅਜੇ ਵੀ ਘੂਕ ਸੁੱਤੇ ਪਏ ਹਾਂ। ਸਾਨੂੰ 365 ਦਿਨਾਂ ਵਿੱਚੋਂ ਸਿਰਫ ਇੱਕੋ ਦਿਨ ਮਾਰੀ ਆਵਾਜ਼ ਕਦੇ ਨਹੀਂ ਜਗਾ ਸਕਦੀ। ਸਾਨੂੰ ਹਰ ਪਲ, ਹਰ ਦਿਨ ਇਸ ਨਸ਼ੀਲੇ ਨਿਜ਼ਾਮ ਦੇ ਖਿਲਾਫ ਬੋਲਣਾ ਪਵੇਗਾ, ਜਾਗਣਾ ਪਵੇਗਾ ਅਤੇ ਇਹ ਨਸ਼ੀਲਾ ਹੜ੍ਹ ਰੋਕਣਾ ਪਵੇਗਾ।

ਅੱਜ ਸਮਾਂ ਕਿਸੇ ਇਕ ਧਿਰ 'ਤੇ ਇਲਜ਼ਾਮ ਲਾਉਣ ਦਾ ਨਹੀਂ, ਸੋਚਣ ਦਾ ਵੇਲਾ ਹੈ ਕਿ ਪੰਜਾਬ ਦਾ ਮਿਹਨਤੀ ਹੱਥ, ਸੋਚਵਾਨ ਦਿਮਾਗ ਰੋਸ਼ਨ ਭਵਿੱਖ ਕਿਵੇਂ ਬਚਾਉਣਾ ਹੈ। ਇਸ ਕੰਮ ਲਈ ਨਸ਼ੇ ਦੇ ਜਾਇਜ਼, ਨਜ਼ਾਇਜ਼ ਕਾਰੋਬਾਰ ਵਿੱਚ ਲੱਗੇ ਵਿਅਕਤੀਆਂ, ਸਮੂਹਾਂ ਅਤੇ ਵਿਭਾਗਾਂ ਨੂੰ ਇਸ ਨਿਜ਼ਾਮ ਦੀ ਭਿਆਨਕਤਾ ਬਾਰੇ ਚੇਤਨਾ ਤਾਂ ਹੈ ਪਰ ਇਸ ਦੇ ਦੂਰ ਰਸ ਸਿੱਟਿਆਂ ਦੀ ਸੋਝੀ ਨਹੀਂ, ਸ਼ਾਇਦ ਇਸੇ ਕਰਕੇ ਸੱਤਾਵਾਨ ਲੋਕ ਬਹੁਗਿਣਤੀ ਵਿੱਚ ਨਸ਼ਿਆਂ ਦੇ ਕਾਰੋਬਾਰ ਵਿੱਚ ਆਪਣੇ ਸਾਧਨ ਲਗਾ ਰਹੇ ਹਨ। ਉਤਪਾਦਕ ਸ਼ਕਤੀਆਂ ਦਿਨੋ ਦਿਨ ਕਮਜ਼ੋਰ ਹੋ ਰਹੀਆਂ ਹਨ। ਜੇਕਰ ਨਸ਼ਿਆਂ ਦੇ ਕਾਰੋਬਾਰ ਵਿੱਚ ਲੱਗਿਆ ਸਰਮਾਇਆ ਨਵੇਂ ਉਦਯੋਗਾਂ ਅਤੇ ਕਾਰੋਬਾਰਾਂ ਵਿੱਚ ਲੱਗੇ ਤਾਂ ਕਿੰਨੇ ਵਿਹਲੇ ਹੱਥਾਂ ਨੂੰ ਰੋਜ਼ਗਾਰ ਮੁਹੱਈਆ ਹੋ ਸਕਦਾ ਹੈ। ਪਰ ਹੁਣ ਬੇਰੁਜ਼ਗਾਰੀ ਅਤੇ ਅਸੁਰੱਖਿਅਤ ਭਵਿੱਖ ਦਾ ਭੈ ਸਾਡੀ ਜਵਾਨੀ ਨੂੰ ਨਸ਼ਿਆਂ ਵਾਲੇ ਪਾਸੇ ਤੋਰ ਕੇ ਹੋਰ ਵੀ ਤਬਾਹੀ ਵਾਲੇ ਪਾਸੇ ਲਿਜਾ ਰਿਹਾ ਹੈ। ਇਸ ਕੰਮ ਵਿੱਚ ਸੰਚਾਰ ਮਾਧਿਅਮ ਵੀ ਬੜਾ ਮਾੜਾ ਰੋਲ ਅਦਾ ਕਰ ਰਹੇ ਹਨ। ਫਿਲਮਾਂ, ਟੈਲੀ ਸੀਰੀਅਲ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਮ ਹੇਠ ਹੋ ਰਿਹਾ ਵਣਜ-ਵਪਾਰ ਸ਼ਰਾਬ ਦੇ ਦਖਲ ਨੂੰ ਘੱਟ ਕਰਨ ਦੀ ਥਾਂ ਵਧਾ ਰਿਹਾ ਹੈ। ਸ਼ਰਾਬ ਦੀ ਮਹਿਮਾ ਵਾਲੇ ਗੀਤਾਂ 'ਤੇ ਪਾਬੰਦੀ ਸਮੇਂ ਦੀ ਲੋੜ ਹੈ। ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ, ਮੰਜੇ ਉੱਤੇ ਬੈਠਾ ਜੱਟ ਬਣਿਆ ਨਵਾਬ ਹੋਵੇ, ਮਾਡਲ ਨੂੰ ਆਪਣੇ ਘਰ ਵਿੱਚ ਉਸਾਰ ਕੇ ਵੇਖੋ! ਮੰਜੇ 'ਤੇ ਚੌੜਾ ਹੋ ਕੇ ਪਏ ਸ਼ਰਾਬੀ ਪੁੱਤਰ ਜਾਂ ਪਤੀ ਨੰ ਕਿੰਨਾ ਕੁ ਚਿਰ ਸਹਿਣ ਕਰੋਗੇ? ਇਹੋ ਜਿਹੇ ਗੈਰ ਜ਼ਿੰਮੇਵਾਰ ਗੀਤ ਸਾਡੀ ਮਾਨਸਿਕਤਾ ਨੂੰ ਪਲੀਤ ਕਰਦੇ ਹਨ। ਨਸ਼ੇ ਨੂੰ ਲਾਹਣਤ ਵਾਲੇ ਗੀਤ ਹੀ ਅੱਜ ਸਾਡੀ ਲੋੜ ਹਨ। ਸ਼ਰਾਬ ਦੀਆਂ ਬਹੁਕੌਮੀ ਕੰਪਨੀਆਂ ਨੰਗੇਜ਼ ਦੇ ਸਹਾਰੇ ਸਾਡੇ ਘਰਾਂ ਵਿੱਚ ਅਜਿਹਾ ਕੁਝ ਬੀਜ ਰਹੀਆਂ ਹਨ ਜਿਸ ਦਾ ਫਲ ਤਬਾਹੀ ਦੇ ਰੂਪ ਵਿੱਚ ਸਾਨੂੰ ਹੀ ਵੱਢਣਾ ਪਵੇਗਾ। ਇਸ ਘੜੀ ਮੈਂ ਸਿਰਫ ਇਹੀ ਕਹਾਂਗਾ ਕਿ ਨਸ਼ਿਆਂ ਦੇ ਖਿਲਾਫ ਸਿਹਤਮੰਦ ਸਮਾਜ ਸਿਰਜਣ ਲਈ ਆਓ ਜਾਗੀਏ, ਉੱਠੀਏ ਅਤੇ ਕਾਫਲਾ ਬਣੀਏ।

ਜਦੋਂ ਮਾਵਾਂ, ਧੀਆਂ, ਪਤਨੀਆਂ ਆਪਣੇ ਘਰਾਂ ਵਿੱਚ ਨਸ਼ੀਲੀਆਂ ਬੋਤਲਾਂ ਦਾ ਦਾਖਲਾ ਬੰਦ ਕਰਨਗੀਆਂ ਜਾਂ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਬਦਬੂ ਨੂੰ ਨਫਰਤ ਕਰਨਗੀਆਂ ਤਾਂ ਉਹ ਦਿਨ ਦੂਰ ਨਹੀਂ ਜਦ ਪੰਜਾਬ ਦਾ ਗੱਭਰੂ ਨਸ਼ਾ ਤਿਆਗ ਕੇ ਸਹੀ ਰਸਤੇ ਉੱਪਰ ਤੁਰੇਗਾ। ਅਸੀਂ ਰਲ ਕੇ ਉਹ ਨਿਜ਼ਾਮ ਸਿਰਜਣਾ ਹੈ, ਜਿਸ ਵਿੱਚ ਨਸ਼ਿਆਂ ਦੀ ਵਰਤੋਂ ਕੁਰਹਿਤ ਹੋਵੇ। ਧਰਮ ਸਥਾਨਾਂ, ਖੇਡਾਂ ਅਖਾੜਿਆਂ, ਸਭਿਆਚਾਰਕ ਸੱਥਾਂ, ਮਿੱਤਰ ਮਿਲਣੀਆਂ, ਸਾਹਿਤ ਸਭਾਵਾਂ ਅਤੇ ਟਰੇਡ ਯੂਨੀਅਨ ਮੀਟਿੰਗਾਂ ਵਿੱਚ ਇਹ ਗੱਲ ਸਾਨੂੰ ਸਾਰਿਆਂ ਨੂੰ ਮੁੱਖ ਮੁੱਦੇ ਦੇ ਤੌਰ 'ਤੇ ਵਿਚਾਰਨੀ ਪਵੇਗੀ ਕਿ ਜੇਕਰ ਨਸ਼ਿਆਂ ਦੇ ਪਿਆਲੇ ਵਿੱਚ ਪੰਜਾਬ ਹੋਰ ਕੁਝ ਚਿਰ ਡੁੱਬਿਆ ਰਿਹਾ ਤਾਂ ਅਸੀਂ ਖੁਦ ਕਿਵੇਂ ਜੀਵਾਂਗੇ। ਇਹ ਗੱਲ ਸਾਨੂੰ ਸਿਰਫ ਆਪਣੇ ਪਰਿਵਾਰ ਤਕ ਹੀ ਨਹੀਂ ਸਗੋਂ ਕੁੱਲ ਸੰਸਾਰ ਤੱਕ ਲੈ ਕੇ ਜਾਣੀ ਪਵੇਗੀ ਕਿ ਨਸ਼ਿਆਂ ਦੀ ਖੁਮਾਰੀ ਸਾਡੇ ਭਵਿੱਖ ਦੀ ਖੁਆਰੀ ਬਣ ਸਕਦੀ ਹੈ। ਜ਼ਿੰਦਗੀ ਦੇ ਸੁਹਜਵੰਤੇ ਰੂਪ ਦੀ ਉਸਾਰੀ ਲਈ ਘਰ ਘਰ ਮਹਿਕਦੀ ਫੁੱਲਾਂ ਦੀ ਕਿਆਰੀ ਲਈ, ਪੰਜਾਬ ਦੀ ਚੰਗੀ ਉਸਾਰੀ ਲਈ, ਆਓ ਨਸ਼ਿਆਂ ਨੂੰ ਇਸ ਧਰਤੀ ਤੋਂ ਦੂਰ ਭਜਾਈਏ, ਖੁਦ ਵੀ ਸਮਝੀਏ, ਹੋਰਨਾਂ ਨੂੰ ਵੀ ਸਮਝਾਈਏ।

### ਨੌਜਵਾਨ, ਨਿਰਾਸ਼ਾ ਅਤੇ ਨਸ਼ੇ

ਅੰਤ ਬੇਰੁਜ਼ਗਾਰੀ ਹੈ, ਭਟਕਣ, ਧੁੰਦਲਕਾ ਅਤੇ ਨਿਰਾਸ਼ਾ ਹੈ।

ਨੌਜਵਾਨ ਪੜ੍ਹਾਈ ਦੇ ਵਾਤਾਵਰਨ, ਪੜ੍ਹਾਈ ਦੀ ਯੋਗਤਾ ਤੇ ਦੇਸ਼ ਦੀਆਂ ਨੀਤੀਆਂ ਤੇ ਧਾਰਮਿਕ ਪਖੰਡਾਂ ਅਤੇ ਫਾਲਤੂ ਰੀਤੀ-ਰਿਵਾਜਾਂ ਉੱਪਰ ਸਵਾਲ ਖੜ੍ਹੇ ਕਰਦਾ ਹੈ। ਆਪਣੇ ਹੀ ਸਵਾਲਾਂ ਨਾਲ ਆਪ ਘਿਰਿਆ ਹੁੰਦਾ ਹੈ। ਨਾ ਵਿੱਦਿਆ ਕੋਲ ਜਵਾਬ ਹੈ, ਨਾ ਸਾਡੇ ਸਿਆਣੇ-ਬੁੱਧੀਜੀਵੀਆਂ ਕੋਲ।

ਜੇਕਰ ਹਾਲਾਤ ਦਾ ਵਿਸ਼ਲੇਸ਼ਣ ਕਰੀਏ ਤਾਂ ਲਗਦਾ ਹੈ ਕਿ ਨਸ਼ੇ ਵੇਚਣ ਵਾਸਤੇ ਵਾਜਬ ਮਾਹੌਲ ਲਈ, ਇਨ੍ਹਾਂ ਵਿੱਦਿਅਕ ਸੰਸਥਾਵਾਂ ਦਾ ਜਾਲ ਬੁਣਿਆ ਗਿਆ ਹੈ। ਜਿੱਥੇ ਰੰਗੀਨ ਸੁਪਨੇ ਹਨ ਤੇ ਰੰਗ ਉਹ ਹਨ ਜਿਨ੍ਹਾਂ ਦੀ ਕੋਈ ਹੋਂਦ ਨਹੀਂ, ਕੋਈ ਵਾਸਤਵਿਕਤਾ ਨਹੀਂ ਹੈ।

ਨਸ਼ਿਆਂ ਦੀ ਵਰਤੋਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਸੈਂਕੜੇ ਨਹੀਂ, ਹਜ਼ਾਰਾਂ ਸਾਲਾਂ ਦਾ। ਪਰ ਅੱਜ ਚਿੰਤਾ ਕਿਉਂ ਹੈ? ਅੱਗੇ ਪਿੰਡ ਵਿਚ ਦੋ-ਚਾਰ ਅਮਲੀ ਹੁੰਦੇ ਸਨ। ਉਹ ਆਪਣੇ ਆਪ ਵਿਚ ਕਿੱਸੇ ਹੁੰਦੇ ਸੀ। ਲੋਕ ਉਨ੍ਹਾਂ ਨੂੰ ਜਾਣਦੇ ਸੀ ਤੇ ਉਹ ਵੀ ਮਸਤ ਰਹਿੰਦੇ ਸੀ। ਅੱਜ ਹਰ ਦੂਸਰੇ ਘਰ ਵਿਚ ਨਸ਼ਈ ਹੈ, ਜੋ ਕਿ ਸਮਾਜ ਦੀ ਇਕ ਡਰਾਉਣੀ ਤਸਵੀਰ ਬਣਾ ਰਿਹਾ ਹੈ।

ਨਸ਼ਿਆਂ ਪ੍ਰਤੀ ਜਿੰਨਾ ਮਰਜ਼ੀ ਕੋਈ ਸਮਝਦਾਰ ਹੋਵੇ, ਪਤਾ ਹੋਣ ਦੇ ਬਾਵਜੂਦ ਇਸ ਵੱਲ ਜਾਵੇ ਜਾਂ ਫਸੇ, ਪਰ ਨਸ਼ਾ ਭਟਕਾਅ ਭਰਿਆ ਚਮਕਦਾਰ ਰਾਹ ਤਾਂ ਹੈ ਹੀ। ਨਿਰਾਸ਼ ਹੋਏ ਵਿਅਕਤੀ ਨੂੰ ਨਸ਼ੇ ਨਾਲ ਬਾਅਦ ਵਿੱਚ ਹੋਣ ਵਾਲੀਆਂ ਦਿੱਕਤਾਂ ਨਹੀਂ ਦਿਸਦੀਆਂ, ਇਸ ਦੀ ਚਮਕ ਦਿਸਦੀ ਹੈ। ਇਸ ਤੋਂ ਮਿਲਣ ਵਾਲੀ ਫੌਰੀ ਰਾਹਤ ਦਿਸਦੀ ਹੈ, ਚਾਹੇ ਉਹ ਥੋੜ੍ਹਵਕਤੀ ਹੀ ਹੋਵੇ। ਨਸ਼ਿਆਂ ਦੀਆਂ ਨਵੀਆਂ ਕਿਸਮਾਂ, ਸਮੈਕ, ਹੈਰੋਇਨ, ਸਿੰਥੈਟਕ ਨਸ਼ੇ, ਫਸਾਉਣ ਵਾਲਾ ਨਸ਼ਾ ਹਨ, ਵੇਚਣ ਅਤੇ ਮੁਨਾਫਾ ਕਮਾਉਣ ਲਈ ਨਸੇ ਹਨ ਅਤੇ ਕਿਸੇ ਨੂੰ ਛੇਤੀ ਤੋਂ ਛੇਤੀ ਆਦੀ ਬਣਾਉਣ ਵਾਲੇ ਨਸੇ ਹਨ। ਬਹੁਤ ਘੱਟ ਲੋਕਾਂ ਨੂੰ ਪਤਾ ਹੁੰਦਾ ਹੈ ਤੇ ਖਾਸ ਕਰਕੇ ਨੌਜਵਾਨ ਆਪਣੇ ਜੋਸ਼ ਵਿੱਚ ਆ ਕੇ, ਤਜਰਬਾ ਕਰਨ ਵਿਚ ਗੁਰੇਜ਼ ਨਹੀਂ ਕਰਦੇ ਤੇ ਮਸਤੀ-ਮਸਤੀ ਵਿਚ ਹੀ ਫਸ ਜਾਂਦੇ ਹਨ।

ਨਸ਼ੇ ਵਿਚ ਨੌਜਵਾਨ ਫਸਦਾ ਹੈ, ਭਾਵੇਂ ਉਸ ਦੇ ਇਸ ਕਾਰਨ ਪਿੱਛੇ ਉਸ ਦੀ ਕਮਜ਼ੋਰ ਸ਼ਖਸੀਅਤ ਦੀ ਭੂਮਿਕਾ ਹੁੰਦੀ ਹੈ। ਪਰ ਸ਼ਖਸੀਅਤ ਤਾਂ ਬਣੀ ਬਣਾਈ ਨਹੀਂ ਮਿਲਦੀ। ਇਹ ਉੱਸਰਦੀ ਹੈ। ਇਸ ਸ਼ਖਸੀਅਤ ਉਸਾਰੀ ਵਿੱਚ ਪਰਿਵਾਰ, ਸਮਾਜ ਅਤੇ ਦੇਸ਼ ਦੀ ਭੂਮਿਕਾ ਹੈ। ਪਰ ਪਰਿਵਾਰ ਅਤੇ ਸਕੂਲ ਪੱਧਰ 'ਤੇ ਬੱਚੇ ਦੀ ਸ਼ਖਸੀਅਤ ਉਸਾਰੀ ਤਹਿਤ, ਆਤਮ ਵਿਸ਼ਵਾਸ ਉਦੋਂ ਹੀ ਪੈਦਾ ਹੋਵੇਗਾ, ਜਦੋਂ ਨੌਜਵਾਨਾਂ ਨੂੰ ਖੁਦ ਆਪਣੇ ਹੱਥੀਂ ਕੁਝ ਕਰਨ ਦਾ ਸੁਤੰਤਰ ਮੌਕਾ ਮਿਲੇਗਾ। ਜਦੋਂ ਉਸ ਨੂੰ ਛੋਟੇ-ਛੋਟੇ ਫੈਸਲੇ ਲੈਣ ਦੀ ਖੁੱਲ੍ਹ ਹੋਵੇਗੀ। ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਨਸ਼ਿਆਂ ਨੂੰ ਵਰਤਣ ਦੇ ਦਬਾਅ ਹੇਠ ਉਹ ਨਾਂਹ ਕਰ ਸਕਣ ਵਿੱਚ ਮੁਸ਼ਕਿਲ ਮਹਿਸੂਸ ਕਰੇਗਾ ਹੀ।

ਨਸ਼ਿਆਂ ਦੀ ਸਹੀ ਸਮਝ ਤਿੰਨ ਪਹਿਲੂਆਂ ਵਿਚ ਪਈ ਹੈ। ਇਕ ਹੈ ਨਸ਼ਿਆਂ ਦਾ ਮਿਲਣਾ, ਦੂਸਰਾ ਹੈ ਨਸ਼ੇ ਲੈਣ ਲਈ ਮਾਹੌਲ ਜਿਵੇਂ ਬੇਰੋਜ਼ਗਾਰੀ, ਢਹਿੰਦੀ-ਟੁੱਟਦੀ ਸ਼ਖ਼ਸੀਅਤ ਅਤੇ ਕਮਜ਼ੋਰ ਮਾਨਸਿਕਤਾ ਦਾ ਮਾਲਿਕ ਸਖ਼ਸ਼, ਜਿਵੇਂ ਨੌਜਵਾਨ। ਜੇਕਰ ਨੌਜਵਾਨ ਹੀ ਸਾਡਾ ਕੇਂਦਰ ਹੈ ਤਾਂ ਸਾਡੀ ਚਿੰਤਾ ਉਸ ਦੀ ਸਖ਼ਸੀਅਤ ਉਸਾਰੀ ਹੋਣੀ ਚਾਹੀਦੀ ਹੈ।

ਸਾਡੀ ਸਮਝ ਮੁਤਾਬਕ ਸਖ਼ਸੀਅਤ ਉਸਾਰੀ ਵਿੱਚ ਜੇਬ ਖਰਚੀ, ਮੋਟਰਸਾਈਕਲ, ਮੋਬਾਈਲ, ਚੰਗਾ-ਮਹਿੰਗਾ ਕਾਲਜ ਜਾਂ ਟਿਊਸ਼ਨ ਸੈਂਟਰ ਹੀ ਆਉਂਦੇ ਹਨ। ਸਭ ਨੂੰ ਲਗਦਾ ਹੈ, ਅਸੀਂ ਪੂਰਾ ਜੋਰ ਲਗਾ ਦਿੱਤਾ ਹੈ। ਪਰ ਇੰਨਾ ਹੀ ਕਾਫੀ ਨਹੀਂ ਹੈ। ਨੌਜਵਾਨਾਂ ਦੇ ਮਨ ਉੱਪਰ ਵੀ ਭਾਰ ਪੈ ਰਿਹਾ ਹੁੰਦਾ ਹੈ।

ਸਿਰਫ ਮਾਂ-ਪਿਉ ਦੀ ਗੱਲ ਨਹੀਂ, ਦਰਅਸਲ ਅਜੋਕੇ ਸਮੇਂ ਵਿੱਚ ਸਾਡਾ ਸਾਰਾ ਸਮਾਜ ਹੀ, ਸਕੂਲ, ਮੀਡੀਆ, ਨੇਤਾ, ਗੁਰੂ ਆਦਿ ਸਭ ਹੀ ਨੌਜਵਾਨਾਂ ਦੀ ਵਧੀਆ ਸ਼ਖ਼ਸੀਅਤ ਉਸਾਰੀ ਨਾ ਹੋਣ ਦੀ ਚਿੰਤਾ ਕਰਦੇ ਹਨ। ਪਰ ਚਿੰਤਾ ਦੇ ਬਾਵਜੂਦ, ਇਕ ਠੋਸ ਸ਼ਖ਼ਸੀਅਤ ਨਹੀਂ ਸਗੋਂ ਭੁਰਭੁਰੀ/ਤਰੇੜਾਂ ਵਾਲੀ ਸ਼ਖ਼ਸੀਅਤ ਹੀ ਸਾਹਮਣੇ ਆਉਂਦੀ ਹੈ, ਜੋ ਥੋੜ੍ਹੇ ਜਿਹੇ ਮੁਸ਼ਕਿਲ ਹਾਲਾਤ ਵਿੱਚ ਭੁਰ ਜਾਂਦੀ ਹੈ ਤੇ ਟੁੱਟ ਜਾਂਦੀ ਹੈ।

ਜੇਕਰ ਸਾਡੇ ਨੌਜਵਾਨਾਂ ਲਈ ਪੜ੍ਹਾਈ ਜਰੂਰੀ ਹੈ, ਕੋਈ ਹੁਨਰ ਹੋਣਾ ਲਾਜ਼ਮੀ ਹੈ ਤਾਂ ਫਿਰ ਇਹ ਵੀ ਜਰੂਰੀ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਵਿਚ, ਸਮਾਜ ਦੇ ਦਬਾਅ ਨਾਲ ਨਜਿੱਠਣ ਵਾਸਤੇ ਸਮਾਜਿਕ ਅਤੇ ਜੀਵਨ ਮੁਹਾਰਤਾਂ ਦੀ ਸਿਖਲਾਈ ਵੀ ਹੋਵੇ।

ਕਿਸੇ ਨੂੰ ਧੁਤਕਾਰ ਕੇ, ਝਿੜਕ ਕੇ ਜਾਂ ਨੁਕਸ ਕੱਢ ਕੇ, ਅਸੀਂ ਆਤਮ ਵਿਸ਼ਵਾਸ਼ ਨਹੀਂ ਵਧਾ ਸਕਦੇ। ਕਿਸੇ ਨੂੰ ਕੁਝ ਵੀ, ਪਹਿਲਾਂ ਦੇਣ - ਸਿਖਾਉਣ ਤੋਂ ਬਗੈਰ, ਉਹ ਆਸ ਨਹੀਂ ਕਰ ਸਕਦੇ। ਅਸੀਂ ਜੋ ਚਾਹੁੰਦੇ ਹਾਂ, ਜਿਹੋ ਜਿਹਾ ਚਾਹੁੰਦੇ ਹਾਂ, ਵੈਸਾ ਹੀ ਸਾਨੂੰ ਦੱਸਣ ਸਮਝਾਉਣ ਅਤੇ ਦਿਖਣ ਦੀ ਵੀ ਲੋੜ ਹੈ। ਇਸ ਤੋਂ ਬਿਨਾਂ ਨਿਰਾਸ਼ਾ ਦਾ ਆਉਣਾ ਸਹਿਜ ਹੈ ਅਤੇ ਨਸ਼ੇ ਅਤੇ ਨਿਰਾਸ਼ਾ ਦਾ ਸਬੰਧ ਕਾਫੀ ਡੂੰਘਾ ਹੈ।

## ਫੁਕਰੇ ਗਾਇਕਾਂ ਤੋਂ ਪੰਜਾਬੀ ਸੱਭਿਆਚਾਰ ਬਚਾਓ

ਹਿਟ ਹੀ ਨਾ ਹੁੰਦਾ, ਤਾਂ ਚੰਗਾ ਸੀ, ਕਿਉਂਕਿ ਜਿਹੜੀ ਮਾਂ-ਬੋਲੀ ਦੇ ਘਾਣ ਦੀ ਕਹਾਣੀ ਉਸ ਨੇ ਸਾਡੇ ਵਿਰਸੇ ਦੀ ਹਿੱਕ 'ਤੇ ਲਿਖ ਦਿੱਤੀ, ਉਹ ਸ਼ਾਇਦ ਹੀ ਕਦੇ ਮਿਟ ਸਕੇ। ਉਸ ਤੋਂ ਕੋਈ ਪੁੱਛਣ ਵਾਲਾ ਨਹੀਂ ਕਿ ਭਲਿਆ ਲੋਕਾ, ਹੁਣ ਜੇ ਤੂੰ ਹਿਟ ਹੋ ਵੀ ਗਿਐਂ ਤਾਂ ਪੰਜਾਬ ਦੀ ਜੁਆਨੀ ਦਾ ਕੁਝ ਖ਼ਿਆਲ ਤਾਂ ਕਰ।

ਵਾਹ ਉਏ ਗਾਇਕੋ ਅਤੇ ਗੀਤਕਾਰੋ! ਤੁਸੀਂ ਤਾਂ ਇਹ ਆਖ ਕਿ, 'ਮੁੰਡਿਆਂ ਦਾ ਕਾਲ ਪੈ ਜਾਊ' ਪੰਜਾਬ ਦੇ ਮਾੜੇ ਦਿਨਾਂ ਦੀ ਤਸਵੀਰ ਹੀ ਤਾਜ਼ਾ ਕਰਵਾ ਦਿੱਤੀ। ਤੁਸੀਂ ਉਹ ਵੇਲਾ ਵੇਖਿਆ ਨਹੀਂ, ਪੁੱਛ ਕੇ ਵੇਖੋ ਉਨ੍ਹਾਂ ਪੀੜਤਾਂ ਨੂੰ ਜਿਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਮੁੱਕ ਗਏ ਹਨ। ਪੁੱਛੋ, ਉਨ੍ਹਾਂ ਨੂੰ ਜਿਨ੍ਹਾਂ ਦੀਆਂ ਪੱਥਰ ਹੋਈਆਂ ਅੱਖਾਂ ਕਿਸੇ ਆਪਣੇ ਦੀ ਤਲਾਸ਼ ਵਿੱਚ ਅੱਜ ਵੀ ਕੁਝ ਲੱਭਦੀਆਂ ਨੇ। ਪੁੱਛੋ ਉਨ੍ਹਾਂ ਮਾਂਵਾਂ ਨੂੰ ਜਿਨ੍ਹਾਂ ਦੀਆਂ ਕੁੱਖਾਂ ਮਾੜੇ ਸਮੇਂ ਨੇ ਖ਼ਾਲੀ ਕਰ ਦਿੱਤੀਆਂ। ਉਨ੍ਹਾਂ ਬਾਬਲਾਂ ਦਾ ਹਾਲ ਪਤਾ ਕਰੋ, ਜਿਨ੍ਹਾਂ ਦੀਆਂ ਦਾੜ੍ਹੀਆਂ ਤਾਰ-ਤਾਰ ਹੋ ਚੁੱਕੀਆਂ ਸਨ। ਉਨ੍ਹਾਂ ਭੈਣਾਂ ਦਾ ਦਰਦ ਦੇਖੋ, ਜਿਨ੍ਹਾਂ ਨੂੰ ਚਿੱਟੇ ਦਿਨ ਨੋਚਿਆ ਗਿਆ ਅਤੇ ਉਨ੍ਹਾਂ ਦੇ ਢਿੱਡਾਂ ਅੰਦਰ ਪਲ ਰਹੇ ਬੱਚਿਆਂ ਨੂੰ ਠੁੱਡੇ ਮਾਰੇ ਗਏ, ਪਰ ਤੁਹਾਨੂੰ ਕੁੱਝ ਵੀ ਯਾਦ ਨਹੀਂ। ਤੁਸੀਂ ਤਾਂ ਆਪਣੇ ਕਰੀਅਰ ਨੂੰ ਗੁਣੀਏ ਵਿੱਚ ਕਰਨ ਲਈ ਕੁੱਝ ਵੀ ਕਰ ਸਕਦੇ ਹੋ। ਕੀ ਹੋ ਗਿਆ ਤੁਹਾਡੀ ਅਕਲ ਨੂੰ?

ਨਵੇਂ ਮੁੰਡਿਆਂ ਵਿੱਚੋਂ ਗਾਇਕ ਜਸਰਾਜ ਗਿੱਲ ਨੇ ਮਾਂ-ਬੋਲੀ ਦੇ ਹੱਕ ਵਿੱਚ ਚੰਗੀ ਪਿਰਤ ਪਾਈ ਹੈ ਅਤੇ ਗਾਇਕਾਂ ਨੂੰ ਇੱਕ ਨਸੀਹਤ ਵੀ ਦਿੱਤੀ ਹੈ। ਰੱਬ ਕਰੇ ਛੇਤੀ ਖਹਿੜਾ ਛੁੱਟੇ ਪੰਜਾਬੀਆਂ ਦਾ ਇਸ ਆਸ਼ਕੀ ਤੇ ਅਸਲੇ ਦੇ ਸੱਭਿਆਚਾਰ ਤੋਂ। ਚੰਗਾ ਹੋਵੇ, ਅਸਲੇ ਦਾ ਹਰ ਸਮੇਂ ਖੌਰੂ ਪਾਉਂਦੇ ਇਹ ਕਲਾਕਾਰ ਸਰਹੱਦ 'ਤੇ ਜਾ ਕੇ ਦੁਸ਼ਮਣਾਂ ਨਾਲ ਦੋ-ਦੋ ਹੱਥ ਕਰਨ। ਉੱਥੇ ਇਨ੍ਹਾਂ ਨੂੰ ਜੰਗ ਦੀ ਪੂਰੀ ਅਜ਼ਾਦੀ ਹੈ। ਚੋਣ ਵੀ ਇਨ੍ਹਾਂ ਦੀ ਆਪਣੀ ਹੈ। ਚਾਹੇ ਕਸ਼ਮੀਰ ਦੀ ਸਿਰ ਮੰਗਦੀ ਧਰਤੀ ਹੋਵੇ ਜਾਂ ਚੀਨ ਦੀ ਸਰਹੱਦ। ਤਾਂ ਕਿ ਦੇਸ ਦੀ ਰਾਖੀ ਕਰ ਰਹੇ ਸਾਡੇ ਜਵਾਨਾਂ ਨੂੰ ਅਰਾਮ ਮਿਲ ਸਕੇ। ਰੱਬ ਦਾ ਵਾਸਤਾ ਪੰਜਾਬ ਨੂੰ ਸ਼ਮਸ਼ਾਨ ਨਾ ਬਣਾਓ, ਇਸ ਨੂੰ ਪੰਜਾਂ ਪਾਣੀਆਂ ਦੀ ਧਰਤੀ ਹੀ ਰਹਿਣ ਦਿਓ।

## ਬੇਅਦਬੀ ਕਾਂਡ : ਸਿੱਟ ਨੇ ਰਿੜਕਿਆ ਸਾਬਕਾ ਡੀਜੀਪੀ ਸੈਣੀ

ਕਰਵਾ ਦਿੱਤੀ ਗਈ। ਇਸ ਖਿਲਾਫ਼ ਸੈਣੀ ਨੇ ਲੁਧਿਆਣਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿਚ ਮੁੱਖ ਮੰਤਰੀ ਕੈਪਟਨ ਸਿੰਘ ਖਿਲਾਫ਼ ਅਰਜ਼ੀ ਦਾਇਰ ਕਰ ਦਿੱਤੀ।

14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿਚ ਦੋ ਸਿੱਖ ਨੌਜਵਾਨ ਸ਼ਹੀਦ ਹੋਣ ਤੋਂ ਬਾਅਦ ਸਰਕਾਰ ਨੇ ਸੈਣੀ ਦੀ ਥਾਂ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਸੀ।

ਸੈਣੀ ਨੂੰ ਘੇਰਨ ਤੋਂ ਬਾਅਦ ਇਹ ਸਰਗੋਸ਼ੀਆਂ ਹਨ ਕਿ ਹੁਣ ਬਾਦਲਾਂ ਦੀ ਵਾਰੀ ਹੈ। ਸੁਮੇਧ ਸੈਣੀ ਇਸ ਮਾਮਲੇ ਵਿਚ ਫਸਿਆ ਸਭ ਤੋਂ ਉਚ ਅਧਿਕਾਰੀ ਹੈ। ਇਸ ਤੋਂ ਪਹਿਲਾਂ ਐਸ.ਆਈ.ਟੀ. ਵੱਲੋਂ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਤੇ ਮੌਜੂਦਾ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਗੋਲੀਕਾਂਡਾਂ ਸਬੰਧੀ ਮਾਮਲਿਆਂ ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਚਰਨਜੀਤ ਨੂੰ 7 ਮਾਰਚ ਤਕ ਜੇਲ੍ਹ ਭੇਜਿਆ : ਮੈਜਿਸਟ੍ਰੇਟ ਚੇਤਨ ਸ਼ਰਮਾ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਗੋਲੀ ਕਾਂਡ ਦੇ ਕਥਿਤ ਦੋਸ਼ੀ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਦੀ ਨਿਆਇਕ ਹਿਰਾਸਤ 'ਚ 7 ਮਾਰਚ ਤਕ ਵਾਧਾ ਕੀਤਾ ਗਿਆ ਹੈ।

ਜਾਂਚ ਟੀਮ ਵੱਲੋਂ ਸੁਖਬੀਰ ਦੇ ਦੋਸਤ ਦੇ ਘਰ ਛਾਪਾ : ਬਹਿਬਲ ਕਾਂਡ ਵਿਚ ਪੁਲੀਸ ਵੱਲੋਂ ਕਥਿਤ ਵਰਤੇ ਗਏ ਨਿੱਜੀ ਹਥਿਆਰ ਦੀ ਵਿਸ਼ੇਸ਼ ਜਾਂਚ ਟੀਮ ਨੇ ਸ਼ਨਾਖਤ ਕਰ ਲਈ ਹੈ। ਪੁਲੀਸ ਨੇ ਸਿੱਖ ਸੰਗਤ ਉੱਪਰ ਗੋਲੀਆਂ ਚਲਾਉਣ ਤੋਂ ਬਾਅਦ ਸਵੈ-ਰੱਖਿਆ ਲਈ ਆਪਣੀਆਂ ਹੀ ਜਿਪਸੀਆਂ ਉੱਪਰ ਗੋਲੀਆਂ ਚਲਾ ਕੇ 200 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਦਿੱਤਾ ਸੀ ਪਰ ਹੁਣ ਜਾਂਚ ਦੌਰਾਨ ਸਪੱਸ਼ਟ ਹੋਇਆ ਹੈ ਕਿ ਪੁਲੀਸ ਦੀ ਜਿਪਸੀ ਉੱਪਰ ਜੋ ਗੋਲੀਆਂ ਵੱਜੀਆਂ ਸਨ, ਉਹ ਦੋਨਾਲੀ ਰਾਈਫ਼ਲ ਨਾਲ ਪੁਲੀਸ ਅਧਿਕਾਰੀਆਂ ਵੱਲੋਂ ਖੁਦ ਹੀ ਮਾਰੀਆਂ ਗਈਆਂ ਸਨ। ਫਰੀਦਕੋਟ ਦੇ ਵਸਨੀਕ ਇੱਕ ਨੌਜਵਾਨ ਐਡਵੋਕੇਟ ਨੂੰ ਜਾਂਚ ਟੀਮ ਨੇ ਪੁੱਛਗਿੱਛ ਲਈ ਕਪੂਰਥਲੇ ਬੁਲਾਇਆ ਸੀ। ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਸ ਵਕੀਲ ਨੇ ਹੀ ਐੱਸ.ਪੀ. ਬਿਕਰਮ ਸਿੰਘ ਨੂੰ ਆਪਣੀ ਦੋਨਾਲੀ ਰਾਈਫ਼ਲ ਵਰਤਣ ਲਈ ਦਿੱਤੀ ਸੀ। ਜਿਸ ਵਕੀਲ ਦਾ ਹਥਿਆਰ ਬਹਿਬਲ ਕਾਂਡ ਵਿੱਚ ਵਰਤਿਆ ਗਿਆ ਹੈ, ਉਸ ਪਰਿਵਾਰ ਨਾਲ ਸੁਖਬੀਰ ਬਾਦਲ ਦੀ ਕਰੀਬੀ ਦੋਸਤੀ ਹੈ। ਜਾਂਚ ਟੀਮ ਨੇ ਇਸ ਵਕੀਲ ਦੇ ਘਰ ਛਾਪਾ ਮਾਰਿਆ ਪਰ ਛਾਪੇਮਾਰੀ ਦੌਰਾਨ ਘਰ ਵਿਚ ਵਕੀਲ ਨਹੀਂ ਮਿਲਿਆ। ਫਰੀਦਕੋਟ ਜ਼ਿਲ੍ਹੇ ਦਾ ਇਕ ਸਾਬਕਾ ਅਕਾਲੀ ਵਿਧਾਇਕ ਵੀ ਰੂਪੋਸ਼ ਹੋ ਗਿਆ ਹੈ।

**ਕੋਟਕਪੂਰਾ ਕਾਂਡ ਦੀ ਸੀਸੀਟੀਵੀ ਫੁਟੇਜ ਨਾਲ ਛੇੜਛਾੜ** : ਆਈਜੀ ਪਰਮਰਾਜ ਸਿੰਘ ਉਮਰਾਨੰਗਲ ਦੇ ਪੁਲੀਸ ਰਿਮਾਂਡ ਵਿਚ ਵਾਧੇ ਦੀ ਮੰਗ ਸਮੇਂ ਸਿੱਟ ਨੇ ਫ਼ਰੀਦਕੋਟ ਦੇ ਜੁਡੀਸ਼ੀਅਲ ਮੈਜਿਸਟਰੇਟ ਮੂਹਰੇ ਭੇਤ ਖੋਲ੍ਹਿਆ ਕਿ ਸ਼ਾਂਤੀ ਪੂਰਵਕ ਧਰਨਾ ਦੇ ਰਹੇ ਪ੍ਰਦਰਸ਼ਨਕਾਰੀਆਂ 'ਤੇ ਬਿਨਾ ਭੜਕਾਹਟ ਦੇ ਗੋਲੀ ਚਲਾਉਣ ਦੀ ਘਟਨਾ ਨੂੰ ਛਿਪਾਉਣ ਲਈ ਮੁਲਜ਼ਮ ਪੁਲੀਸ ਅਧਿਕਾਰੀਆਂ ਦੇ ਇਸ਼ਾਰੇ 'ਤੇ ਸੀਸੀਟੀਵੀ ਫੁਟੇਜ ਨੂੰ ਨੁਕਸਾਨ ਪਹੁੰਚਾਇਆ ਗਿਆ। ਕੋਟਕਪੂਰਾ ਦੇ ਮੁੱਖ ਚੌਕ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਵਿਚ 14 ਅਕਤੂਬਰ 2015 ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਕੈਦ ਹੋ ਗਈ ਸੀ। ਸਿੱਟ ਨੇ ਅਦਾਲਤ ਵਿਚ ਕੁਝ ਵੀਡੀਓ ਸਬੂਤ ਵਜੋਂ ਪੇਸ਼ ਕੀਤੇ। ਸਿੱਟ ਦੇ ਦਾਅਵੇ ਦਾ ਵਿਰੋਧ ਕਰਦਿਆਂ ਉਮਰਾਨੰਗਲ ਦੇ ਵਕੀਲ ਨੇ ਵੀ ਅਦਾਲਤ ਵਿਚ ਇਕ ਹੋਰ ਵੀਡੀਓ ਚਲਾਈ। ਉਸ ਨੇ ਦਾਅਵਾ ਕੀਤਾ ਕਿ ਪੁਲੀਸ ਨੇ ਸਵੈ-ਰੱਖਿਆ ਵਿਚ ਗੋਲੀਆਂ ਚਲਾਈਆਂ ਸਨ। ਵੀਡੀਓ ਦੇ ਆਧਾਰ 'ਤੇ ਵਕੀਲਾਂ ਨੇ ਦਾਅਵਾ ਕੀਤਾ ਕਿ ਪ੍ਰਦਰਸ਼ਨਕਾਰੀਆਂ ਕੋਲ ਤੇਜ਼ਧਾਰ ਹਥਿਆਰ ਸਨ।

ਮੁਲਜ਼ਮ ਦੀ ਇਸ ਕਹਾਣੀ ਦਾ ਵਿਰੋਧ ਕਰਦਿਆਂ ਸਿੱਟ ਨੇ ਦਾਅਵਾ ਕੀਤਾ ਕਿ ਗੋਲੀਆਂ ਚਲਾਉਣ ਤੋਂ ਪਹਿਲਾਂ ਡਿਊਟੀ ਮੈਜਿਸਟਰੇਟ ਤੋਂ ਕੋਈ ਇਜਾਜ਼ਤ ਨਹੀਂ ਲਈ ਗਈ ਸੀ। ਸਿੱਟ ਨੇ ਕਿਹਾ ਕਿ ਗੋਲੀਆਂ ਚਲਾਉਣ ਮਗਰੋਂ ਪੁਲੀਸ ਨੇ ਡਿਊਟੀ ਮੈਜਿਸਟਰੇਟ ਤੋਂ ਇਸ ਸਬੰਧੀ ਜਬਰੀ ਇਜਾਜ਼ਤ ਲਈ।

### ਉਮਰਾਨੰਗਲ ਬੁਰੀ ਤਰ੍ਹਾਂ ਫਸਿਆ

ਦਸੰਬਰ 2012 ਵਿਚ ਜਦੋਂ ਉਮਰਾਨੰਗਲ ਡੀਆਈਜੀ (ਅੰਮ੍ਰਿਤਸਰ ਬਾਰਡਰ ਰੇਂਜ) ਨਿਯੁਕਤ ਹੋਇਆ, ਤਦ ਇਕ ਅਕਾਲੀ ਵਰਕਰ ਵੱਲੋਂ ਕੀਤੇ ਇੱਕ ਏਐੱਸਆਈ ਰਵਿੰਦਰਪਾਲ ਸਿੰਘ ਦੇ ਕਤਲ ਕੇਸ ਵਿੱਚ ਕਾਰਵਾਈ ਕਰਦਿਆਂ ਉਦੋਂ ਦੀ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਨੇ ਉਮਰਾਨੰਗਲ ਨੂੰ ਮੁਅੱਤਲ ਕਰ ਦਿੱਤਾ ਸੀ। ਉਹ ਫ਼ਰਵਰੀ 2013 ਵਿਚ ਮੁੜ ਬਹਾਲ ਹੋ ਗਿਆ। ਅਕਤੂਬਰ 2012 ਵਿਚ ਉਹ ਡੀਆਈਜੀ (ਫ਼ਿਰੋਜ਼ਪੁਰ ਰੇਂਜ) ਨਿਯੁਕਤ ਸੀ, ਤਦ ਉਸ ਦੀ ਅਗਵਾਈ ਹੇਠ ਇੱਕ ਪੁਲਿਸ ਟੀਮ ਨੇ ਫ਼ਰੀਦਕੋਟ ਅਗ਼ਵਾ ਕਾਂਡ ਵਿਚ ਪੀੜਤ ਲੜਕੀ ਦੀਆਂ ਤਸਵੀਰਾਂ ਜੱਗ ਜ਼ਾਹਿਰ ਕਰ ਕੇ ਬਹੁਤ ਭਾਰੀ ਗ਼ਲਤੀ ਕੀਤੀ ਸੀ। ਦਰਅਸਲ, ਪੁਲਿਸ ਉਦੋਂ ਮੀਡੀਆ ਸਾਹਵੇਂ ਇਹ ਪੁਸ਼ਟੀ ਕਰਨਾ ਚਾਹੁੰਦੀ ਸੀ ਕਿ ਲੜਕੀ ਨੂੰ ਮੁੱਖ ਮੁਲਜ਼ਮ ਗੈਂਗਸਟਰ ਨਿਸ਼ਾਨ ਤੇ ਉਸ ਦੇ ਦੋਸਤਾਂ ਨੇ ਅਗ਼ਵਾ ਨਹੀਂ ਕੀਤਾ ਸੀ, ਸਗੋਂ ਉਸ ਨੇ ਆਪਣੀ ਮਰਜ਼ੀ ਨਾਲ ਉਸ ਗੈਂਗਸਟਰ ਨਾਲ ਵਿਆਹ ਰਚਾਇਆ ਸੀ। ਉਸ ਘਟਨਾ ਤੋਂ ਬਾਅਦ ਉਮਰਾਨੰਗਲ ਨੂੰ ਡੀਆਈਜੀ (ਬਾਰਡਰ ਰੇਂਜ) ਲਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ 1994 ਵਿਚ ਜਦੋਂ ਉਹ ਰੋਪੜ ਦਾ ਡੀਐੱਸਪੀ ਸੀ, ਤਦ ਉਸ ਉੱਤੇ ਇੱਕ ਝੂਠੇ ਪੁਲਿਸ ਮੁਕਾਬਲੇ ਦੌਰਾਨ ਸੁਖਪਾਲ ਸਿੰਘ ਨੂੰ ਮਾਰਨ ਦੇ ਇਲਜ਼ਾਮ ਲੱਗੇ ਸਨ। ਸੁਖਪਾਲ ਸਿੰਘ ਦੀ ਵਿਧਵਾ ਦਲਬੀਰ ਕੌਰ ਗੁਰਦਾਸਪੁਰ ਦੀ ਵਸਨੀਕ ਹੈ। ਉਹ ਜੂਨ 20 13 ਦੌਰਾਨ ਅਦਾਲਤ ਵਿਚ ਚਲੀ ਗਈ ਸੀ ਤੇ ਉਸ ਨੇ ਝੂਠੇ ਮੁਕਾਬਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ।

## ਸਿੱਖ ਸਿਆਸਤਦਾਨ ਜਗਮੀਤ ਸਿੰਘ ਕੈਨੇਡਾ ਦਾ ਮੁਖੀ ਬਣਨ ਦੀ ਰਾਹ 'ਤੇ

ਇਸ ਤਿਕੋਣੀ ਚੋਣ ਜੰਗ 'ਚ ਉਨ੍ਹਾਂ ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰ ਰਿਚਰਡ ਲੀ ਨੂੰ 2800 ਦੇ ਕਰੀਬ ਵੋਟਾਂ ਦੇ ਫ਼ਰਕ ਨਾਲ ਹਰਾਇਆ। ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜੇਅ ਸ਼ਿਨ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ। ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਲੌਰਾ-ਲਿਨ ਥਾਮਸਨ ਚੌਥੇ ਸਥਾਨ 'ਤੇ ਹਨ।

ਇਹ ਜਿੱਤ ਮੁਹਿੰਮ ਦਾ ਅੰਤ ਨਹੀਂ ਬਲਕਿ ਸ਼ੁਰੂਆਤ ਹੈ-ਜਗਮੀਤ ਸਿੰਘ : ਐਨਡੀਪੀ ਪਾਰਟੀ ਦੀ ਪ੍ਰਧਾਨਗੀ ਤੋਂ ਸਰਦਾਰ ਜਗਮੀਤ ਸਿੰਘ ਨੂੰ ਲਾਹੁਣ ਦੀਆਂ ਉੱਠ ਰਹੀਆਂ ਕਨਸੋਆਂ ਨੂੰ ਇਸ ਜਿੱਤ ਨਾਲ ਮੋੜਾ ਪੈ ਗਿਆ ਹੈ। ਇਹ ਜਿੱਤ ਸਰਦਾਰ ਜਗਮੀਤ ਸਿੰਘ ਦੇ ਅਗਾਊਂ ਰਾਜਨੀਤਕ ਭਵਿੱਖ 'ਚ ਬਹੁਤ ਮਹੱਤਵਪੂਰਨ ਥਾਂ ਰੱਖਦੀ ਹੈ ਇਸ ਨਾਲ ਐਨਡੀਪੀ ਵਲੋਂ ਕੈਨੇਡਾ ਦੇ ਪ੍ਰਧਾਨਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਜਗਮੀਤ ਸਿੰਘ ਦਾ ਪ੍ਰਧਾਨਮੰਤਰੀ ਦੇ ਦੌੜ ਵਿੱਚ ਬਣੇ ਰਹਿਣ ਦਾ ਰਾਹ ਪੱਧਰਾ ਹੋ ਗਿਆ ਹੈ। ਹੁਣ ਜਗਮੀਤ ਸਿੰਘ ਸਾਹਮਣੇ ਆਪਣੀ ਪਾਰਟੀ ਦੇ ਡਿੱਗ ਰਹੇ ਪ੍ਰਭਾਵ ਨੂੰ ਮੁੜ ਚੁੱਕਣ ਦਾ ਕਾਰਜ ਸਭ ਤੋਂ ਅਹਿਮ ਹੈ ਤੇ ਇਸ ਵਿਚ ਉਨ੍ਹਾਂ ਦੀ ਕਾਮਯਾਬੀ ਹੀ ਆਉਣ ਵਾਲੀਆਂ ਪਾਰਲੀਮਾਨੀ ਚੋਣਾਂ ਵਿਚ ਜਗਮੀਤ ਸਿੰਘ ਦੇ ਭਵਿੱਖ ਨੂੰ ਤੈਅ ਕਰੇਗੀ।

ਇਸ ਜਿੱਤ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਖੁਸ਼ੀ ਸਾਂਝੀ ਕਰਦਿਆਂ ਸਰਦਾਰ ਜਗਮੀਤ ਸਿੰਘ ਨੇ ਕਿਹਾ ਕਿ ਅਸੀਂ ਇਕ ਇਤਿਹਾਸ ਸਿਰਜਿਆ ਹੈ। ਜਗਮੀਤ ਸਿੰਘ ਨੇ ਟਵੀਟ ਕਰਕੇ ਬਰਨਬੀ ਸਾਊਥ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਿਰ 'ਤੇ ਛੱਤ (ਘਰ) ਅਤੇ ਸਿਹਤ ਸਹੂਲਤਾਂ ਦੀ ਘਾਟ ਨਾਲ ਜੂਝ ਰਹੇ ਲੋਕਾਂ ਦੀ ਮਦਦ ਕਰਨ ਲਈ ਵਚਨਬੱਧ ਹਨ ਤੇ ਹਰ ਜ਼ਰੂਰਤਮੰਦ ਨੂੰ ਇਹ ਹੱਕ ਦਿਵਾਉਣ ਲਈ ਸੰਘਰਸ਼ ਕਰਨ ਲਈ ਵੀ ਤਿਆਰ ਹਨ। ਉਨ੍ਹਾਂ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਮੁਹਿੰਮ ਦਾ ਅੰਤ ਨਹੀਂ ਬਲਕਿ ਸ਼ੁਰੂਆਤ ਹੈ।

ਅਕਤੂਬਰ 'ਚ ਹੋਣ ਜਾ ਰਹੀਆਂ ਕੈਨੇਡਾ ਦੀਆਂ ਸੰਘੀ ਚੋਣਾਂ ਤੋਂ ਪਹਿਲਾਂ ਜਗਮੀਤ ਸਿੰਘ ਦੇ ਪਾਰਲੀਮੈਂਟ ਮੈਂਬਰ ਬਣਨ ਨਾਲ ਐਨਡੀਪੀ ਦੇ ਸਹਿਯੋਗੀਆਂ 'ਚ ਬਹੁਤ ਉਤਸ਼ਾਹ ਵੇਖਿਆ ਜਾ ਰਿਹਾ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ,
ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ
ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ
ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













**ਇਹ ਆਲੀਸ਼ਾਨ ਘਰ ਵਿਕਾਊ ਹੈ**

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ











ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME
Premium Bifacial Thin Film Solar

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM